# ਬਾਰਹਮਾਹਾ
# ਪੋਖਿ ਦਾ ਮਹੀਨਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਬਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*
*ਅੰਗ - 135*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਅੰਗ - 694*
*ਧਾਰਨਾ - ਆਸਾ ਲਾ ਕੇ ਜੀ ਜੀਵਾਂ ਪਿਆਰਿਆ,*
*ਆਸਾ ਲਾ ਕੇ ਜੀ ਜੀਵਾਂ ਵਾਹਿਗੁਰੂ।*
*ਮੈਨੂੰ ਚਿਰ ਭਇਆ ਦਰਸ਼ਨ ਦੇਖੇ - 2.*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਸ਼ਰਧਾ ਤੇ ਭਾਵਨਾ ਦੇ ਨਾਲ ਗੁਰੂ ਦਰਬਾਰ ਵਲ ਚੱਲੇ ਓਂ। ਜਦ ਤੋਂ ਆਪ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਹੈ ਕਿ ਰਤਵਾੜਾ ਸਾਹਿਬ ਦੇ ਅੰਦਰਰ ਸੰਗਰਾਂਦ ਦੇ ਸਮਾਗਮ ਤੇ ਜਾਣਾ ਹੈ, ਉਸ ਵੇਲੇ ਤੋਂ ਜਿੰਨੇ ਘਰ ਦੇ ਕੰਮ ਕੀਤੇ ਨੇ, ਜਿੰਨਾ ਸਫਰ ਕੀਤਾ ਹੈ ਉਹ ਸਾਰਾ ਲੇਖੇ ਵਿਚ ਪੈ ਗਿਆ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਸ ਤਰ੍ਹਾਂ ਕਿਵੇਂ ਲੇਖੇ ਵਿਚ ਪੈ ਜਾਂਦਾ ਹੈ?

ਗੁਰੂ ਦਸਵੇਂ ਪਾਤਸ਼ਾਹ ਜਦੋਂ ਆਪ ਬਿਰਾਜ ਜਾਂਦੇ ਸੀ ਤਾਂ ਕਾਫੀ ਸਿੰਘ ਪਹਿਰੇ ਤੇ ਲੱਗਿਆ ਕਰਦੇ ਸੀ। ਉਥੇ ਇਕ ਰਾਸਧਾਰੀਏ ਆਏ ਹੋਏ, ਰਾਸ ਪਾਉਂਦੇ ਸੀ। ਜਿਹੜੇ ਸਿੰਘ ਪਹਿਰਾ ਦੇ ਹਟੇ, ਦੂਸਰਿਆਂ ਨੂੰ ਕਿਹਾ ਕਿ ਪ੍ਰੇਮੀਓ! ਅਸੀਂ ਰਾਸ ਦੇਖ ਆਈਏ, ਗੁਰੂ ਦਸ਼ਮੇਸ਼ ਪਿਤਾ ਜੇ ਆਵਾਜ਼ ਦੇਣ ਤਾਂ ਕਹਿ ਦਿਓ ਕਿ ਉਨ੍ਹਾਂ ਦਾ ਪਹਿਰਾ ਤਾਂ ਹੋ ਹਟਿਆ ਜੀ, ਸਾਡਾ ਪਹਿਰਾ ਹੈ। ਚਲੇ ਗਏ ਪਰ ਕਹਿਣ ਲੱਗੇ ਦੇਖੋ ਮਹਾਰਾਜ ਅੰਤਰਜਾਮੀ ਨੇ, ਉਹ ਸਭ ਜਾਣਦੇ ਨੇ। ਦੇਖ ਆਓ, ਤੁਹਾਡੀ ਆਪਣੀ ਜ਼ਿੰਮੇਵਾਰੀ ਹੈ। ਬੜੀ ਦੇਰ ਤੱਕ ਆਪ ਰਾਸ ਦੇਖਦੇ ਰਹੇ। ਰਾਮ ਲੀਲਾ ਹੋ ਰਹੀ ਸੀ, ਦੂਸਰੇ ਦਿਨ ਜਦੋਂ ਡਿਊਟੀ ਤੇ ਆਏ। ਉਸ ਵੇਲੇ ਇਕ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਿਨ੍ਹਾਂ ਦਾ ਪਹਿਰਾ ਦੱਸ ਵਜੇ ਤੱਕ ਖਤਮ ਹੋਇਆ ਸੀ ਰਾਤ ਦੇ। ਉਹ ਤਿੰਨ ਚਾਰ ਘੰਟੇ ਜਾ ਕੇ ਰਾਸ ਦੇਖਦੇ ਰਹੇ ਤੇ ਗੈਰਹਾਜ਼ਰ ਹੋ ਗਏ ਡਿਊਟੀ ਤੋਂ। ਮਹਾਰਾਜ ਨੇ ਸਾਰੇ ਪਹਿਰੇਦਾਰਾਂ ਨੂੰ ਬੁਲਾਇਆ। ਸੰਗਤ ਵੀ ਦੇਖ ਰਹੀ ਹੈ। ਕਹਿਣ ਲੱਗੇ, "ਹੁਣ ਦੱਸੋ ਕੀ ਕਹਿੰਦੇ ਓਂ?" ਸਾਰੀ ਗੱਲ ਦੱਸੀ ਕਿ ਆਹ ਜਿਹੜੇ ਐਧਰ ਸਿੰਘ ਖੜ੍ਹੇ ਨੇ, ਇਹ ਡਿਊਟੀ ਛੱਡ ਕੇ ਉਥੇ ਰਾਸ ਦੇਖਣ ਲਗ ਗਏ। ਇਹ ਗੈਰਹਾਜ਼ਰ ਹੋ ਗਏ ਡਿਊਟੀ ਤੋਂ, ਅਸੀਂ ਹਾਜ਼ਰ ਹੋ ਗਏ। ਮਹਾਰਾਜ ਕਹਿੰਦੇ, ਗੈਰਹਾਜ਼ਰ ਹਾਜ਼ਰ, ਹਾਜ਼ਰ ਗੈਰਹਾਜ਼ਰ। ਸਾਰੇ ਹੈਰਾਨ ਹੋ ਗਏ ਕਿ ਇਹ ਮਹਾਰਾਜ ਦਾ ਕੀ ਬਚਨ ਹੈ। ਸੱਚੇ ਪਾਤਸ਼ਾਹ! ਸਮਝ ਵਿਚ ਨਹੀਂ ਆਈ ਗੱਲ। ਕਹਿੰਦੇ ਪਿਆਰਿਓ! ਇਨ੍ਹਾਂ ਨੂੰ ਪੁੱਛੋਂ ਕੀ ਦੇਖਿਆ ਸੀ। ਇਨ੍ਹਾਂ ਨੇ ਕੁਛ ਵੀ ਨਹੀਂ ਦੇਖਿਆ, ਇਹ ਤਾਂ ਸਾਡੇ ਆਲੇ-ਦੁਆਲੇ ਹੀ ਘੁੰਮਦੇ ਰਹੇ ਨੇ ਕਿ ਕਿਤੇ ਮਹਾਰਾਜ ਆਵਾਜ਼ ਨਾ ਦੇ ਦੇਣ ਤੇ ਫਸ ਨਾ ਜਾਈਏ ਅਸੀਂ। ਤੁਸੀਂ ਜਿਹੜੇ ਸਰੀਰ ਕਰਕੇ ਇਥੇ ਖੜ੍ਹੇ ਸੀ, ਮਨ ਕਰਕੇ ਤੁਸੀਂ ਉਥੇ ਰਚਨਾ ਰਚ ਕੇ ਦੇਖ ਰਹੇ ਸੀ ਕਿ ਉਥੇ ਹੁਣ ਐਉਂ ਹੁੰਦਾ ਹੋਣੈ। ਇਸ ਕਰਕੇ ਹਾਜ਼ਰੀ ਮਨ ਦੀ ਹੋਇਆ ਕਰਦੀ ਹੈ। ਤਨ ਦੀ ਹਾਜ਼ਰੀ ਵੀ ਠੀਕ ਹੈ ਪਰ ਮਨ ਦੀ ਹਾਜ਼ਰੀ ਬਹੁਤ ਵੱਡੀ ਚੀਜ਼ ਹੈ। ਜੇ ਮਨ ਨਹੀਂ ਸਾਡਾ ਸਾਥ ਦਿੰਦਾ ਕਿਸੇ ਥਾਂ ਉਤੇ, ਪੂਜਾ ਪਾਠ ਕਰਦੇ ਹਾਂ, ਨਾਮ ਜਪਦੇ ਹਾਂ, ਮਨ ਸਾਥ ਨਹੀਂ ਦੇ ਰਿਹਾ, ਸਰੀਰ ਭਾਵੇਂ ਚੌਂਕੜਾ ਮਾਰ ਕੇ ਬੈਠਾ ਹੈ, ਉਹ ਥਾਂ ਨਹੀਂ ਪੈਂਦਾ ਲੇਖੇ 'ਚ ਨਹੀਂ ਪੈਂਦਾ, ਸਰੀਰ ਤਾਂ ਬੈਠਾ ਹੈ, ਮਨ ਵਿਚੋਂ ਨਿਕਲ ਗਿਆ। ਬੜੀ ਵਾਰ ਮਹਾਰਾਜ ਨੇ ਸਮਝਾਇਆ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਦੌਲਤ ਖਾਨ ਨੂੰ ਸਮਝਾਇਆ ਸੀ ਕਿ ਨਮਾਜ਼ ਮਨ ਦੀ ਹੋਇਆ ਕਰਦੀ ਹੈ। ਸੋ ਇਕ ਨੁਕਤਾ ਹੈ ਕਿ ਜਦੋਂ ਅਸੀਂ ਪੂਜਾ, ਪਾਠ, ਬੰਦਗੀ ਕਰਦੇ ਹਾਂ, ਸਾਡਾ ਮਨ ਹਾਜ਼ਰੀ ਵਿਚ ਚਾਹੀਦਾ ਹੈ। ਮਨ ਹਾਜ਼ਰੀ 'ਚ ਨਾ ਹੋਵੇ, ਗਲਤ ਹੋ ਜਾਇਆ ਕਰਦਾ ਹੈ। ਭਜਨ ਕਰੋ, ਚਾਹੇ ਥੋੜ੍ਹਾ ਕਰੋ, ਪਰ ਮਨ ਦੀ ਹਾਜ਼ਰੀ ਦਾ

ਕਰੋ। ਮਨ ਹਾਜ਼ਰ ਹਜ਼ੂਰ ਰਹੇ, ਮਨ ਛਾਲਾਂ ਨਾ ਮਾਰੇ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਅੰਗ - 342*

ਸੋ ਇਸ ਕਰਕੇ ਜਦ ਤੋਂ ਆਪ ਦੇ ਖਿਆਲ ਵਿਚ, ਮਨ ਵਿਚ ਇਹ ਫੁਰਨਾ ਆਇਐ ਕਿ ਅਸੀਂ ਜਾਣਾ ਹੈ, ਸੰਗਰਾਂਦ ਦਾ ਦੀਵਾਨ ਸੁਣਨ ਵਾਸਤੇ ਉਸ ਵੇਲੇ ਤੋਂ ਬਾਅਦ ਚਾਹੇ ਪਸ਼ੂਆਂ ਨੂੰ ਪੱਠੇ ਪਾਏ ਨੇ, ਚਾਹੇ ਬੱਚਿਆਂ ਨੂੰ ਸਕੂਲ ਭੇਜਿਆ ਹੈ, ਚਾਹੇ ਹੋਰ ਕੋਈ ਕੰਮ ਕਰੇ ਨੇ, ਉਹ ਸਾਰਾ ਸਮਾਂ ਹੀ ਸਾਰਾ ਵਾਹਿਗੁਰੂ ਦੇ ਲੇਖੇ 'ਚ ਪੈ ਗਿਆ। ਜਦ ਚਲ ਕੇ ਆਏ ਹੋ ਸ਼ਰਧਾ ਦੀ ਝੋਲੀ ਲੈ ਕੇ ਉਸ ਵੇਲੇ ਗੁਰੂ ਤੋਂ ਦਾਤਾਂ ਮਿਲਦੀਆਂ ਨੇ। ਜਿਸ ਦੇ ਹਿਰਦੇ ਵਿਚ ਸ਼ਰਧਾ ਹੈ ਉਹਦੀ ਝੋਲੀ ਬਖਸ਼ਿਸ਼ਾਂ ਨਾਲ ਭਰੀ ਜਾਂਦੀ ਹੈ, ਖਾਲੀ ਨਹੀਂ ਮੁੜਿਆ ਕਰਦੀ ਗੁਰੂ ਘਰ ਤੋਂ। ਸੋ ਇਸ ਤਰ੍ਹਾਂ ਆਪਾਂ ਸਾਰਿਆਂ ਨੇ ਰਲ ਮਿਲ ਕੇ ਜੋ ਥੋੜ੍ਹਾ ਸਮਾਂ ਹੈ, ਚਿੱਤ ਬਿਰਤੀਆਂ ਨੂੰ ਇਕਾਗਰ ਕਰਨਾ ਹੈ ਤੇ ਬਚਨ ਸਮਝਣ ਦਾ ਯਤਨ ਕਰਨਾ ਹੈ। ਸੰਸਾਰ ਦੇ ਅੰਦਰ ਹਰ ਰੋਜ਼ ਸਾਨੂੰ ਸੋਚਣਾ ਪੈਂਦਾ ਹੈ ਕਿਉਂਕਿ ਗੁਰੂ ਮਹਾਰਾਜ ਨੇ ਸਾਨੂੰ ਇਹ ਫੁਰਮਾਨ ਕੀਤਾ ਹੈ ਕਿ ਜਦ ਭਾਈ ਦਿਨ ਭਰ ਦਾ ਕੰਮ ਤੁਹਾਡਾ ਮੁੱਕ ਜਾਵੇ ਤੇ ਸੂਰਜ ਡੁੱਬ ਰਿਹਾ ਹੋਵੇ, ਦਿਨ ਲੰਘ ਚੁੱਕਿਆ ਹੋਵੇ ਤੇ ਰਾਤ ਸ਼ੁਰੂ ਹੋਣ ਵਾਲੀ ਹੋਵੇ, ਉਸ ਵੇਲੇ ਮੱਧ ਸਮਾਂ ਹੁੰਦਾ ਹੈ। ਉਸ ਵੇਲੇ ਸੰਧ ਹੁੰਦੀ ਹੈ, ਉਸ ਵੇਲੇ ਹਨ੍ਹੇਰਾ ਤੇ ਚਾਨਣਾ ਆਪਸ ਵਿਚ ਮਿਲ ਰਹੇ ਹੁੰਦੇ ਨੇ। ਚਾਨਣੇ ਨੂੰ ਛੁੱਟੀ ਹੋ ਰਹੀ ਹੁੰਦੀ ਹੈ। ਹਨ੍ਹੇਰਾ ਆ ਰਿਹਾ ਹੁੰਦਾ ਹੈ। ਦਿਨ ਲੰਘ ਗਿਆ ਹੁੰਦਾ ਹੈ, ਰਾਤ ਆ ਰਹੀ ਹੁੰਦੀ ਹੈ। ਉਸ ਵੇਲੇ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ। ਉਹਦੇ ਵਿਚ ਹਰ ਰੋਜ਼ ਜਿਹੜਾ ਧਿਆਨ ਵਾਲਾ ਬੰਦਾ ਹੈ ਉਹਦੇ ਹੌਲ ਪੈ ਜਾਂਦਾ ਹੈ। ਜਦੋਂ ਇਹ ਪੜ੍ਹਦਾ ਹੈ-

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਅੰਗ - 12*

ਸੱਚ ਦੀ ਆਵਾਜ਼ ਉਹਦੇ ਹਿਰਦੇ ਵਿਚ ਗੂੰਜਦੀ ਹੈ। ਵਾਹਿਗੁਰੂ ਦਾ ਬਖਸ਼ਿਆ ਹੋਇਆ ਸ਼ਬਦ ਹਿਰਦੇ ਵਿਚ ਗੂੰਜ ਕੇ ਉਹਨੂੰ ਜਗਾਉਂਦਾ ਹੈ ਕਿ ਓ ਪ੍ਰੇਮੀਆ! ਦਿਨ ਤਾਂ ਲੰਘ ਗਿਆ ਤੇਰਾ, ਹੁਣ ਰਾਤ ਆਉਣ ਵਾਲੀ ਹੈ ਤੇ ਅੰਮ੍ਰਿਤ ਵੇਲਾ ਨੇੜੇ ਹੀ ਹੈ। ਤੇਰੇ ਕੋਲ ਵੱਡਾ ਜ਼ਰੂਰੀ ਕੰਮ ਇਹ ਹੈ ਕਿ ਤੂੰ ਬੜੀਆਂ ਜੂਨਾਂ 'ਚੋਂ ਲੰਘ ਕੇ ਆਇਆ ਹੈਂ। ਹੁਣ ਤੂੰ ਪ੍ਰਭੂ ਨੂੰ ਮਿਲਣਾ ਹੈ ਐਸੇ ਜਨਮ ਦੇ ਅੰਦਰ। ਹੁਣ ਤੂੰ ਗਫਲਤ ਨਾ ਕਰੀਂ -

*ਗਫਲਤ ਕਰੋਗੇ ਤੋ ਖਾਵੋਗੇ ਮਾਰ।*

ਜੇ ਗਫਲਤ ਕੀਤੀ ਤਾਂ ਮਾਰ ਪਏਗੀ। ਕਿਉਂਕਿ ਐਨਾ ਵੱਡਾ ਜੋ ਮਾਨਸ ਜਨਮ ਹੈ ਇਹ ਸਾਰਾ ਹੀ ਬਿਰਥਾ ਚਲਿਆ ਜਾਏਗਾ।

*ਯਾ ਜੁਗ ਮਹਿ ਏਕਹਿ ਕਉ ਆਇਆ॥ ਅੰਗ - 251*

ਆਇਆ ਤਾਂ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਕਿਉਂਕਿ ਐਸਾ ਅਨੁਭਵੀ ਮਹਾਂਪੁਰਸ਼ਾਂ ਦਾ, ਜਿਹੜੇ ਅੰਦਰਲੀਆਂ ਗੱਲਾਂ ਜਾਣਦੇ ਨੇ। ਉਹ ਕਹਿੰਦੇ ਜਿਸ ਵਕਤ ਇਹ ਮਾਤਾ ਦੇ ਪੇਟ ਵਿਚ ਹੁੰਦਾ ਹੈ ਉਸ ਵੇਲੇ ਇਹਦੀ ਸੁਰਤ ਜਿਹੜੀ ਹੁੰਦੀ ਹੈ, ਉਹ ਸ਼ਬਦ ਦੀ ਧੁਨ ਨਾਲ ਲੱਗੀ ਹੁੰਦੀ ਹੈ। ਕਿਸੇ ਦੀ ਵੀ ਸੁਰਤ ਸ਼ਬਦ ਦੇ ਨਾਲ ਲੀਨ ਹੋ ਜਾਵੇ, ਉਹਨੂੰ ਪਿਛਲਾ ਸਮਾਂ ਨਜ਼ਰ ਆਉਣ ਲਗ ਜਾਂਦਾ ਹੈ। ਜਿੰਨੀ ਜ਼ਿਆਦਾ ਇਕਾਗਰਤਾ 'ਚ ਜਾਏਗੀ, ਓਨੀ ਜ਼ਿਆਦਾ ਦੂਰ ਤੱਕ ਦ੍ਰਿਸ਼ਟੀ ਖੁਲ੍ਹ ਜਾਏਗੀ। ਇਹ ਜੀਵ ਸੌ ਜਨਮ ਦੇਖਦਾ ਹੈ, ਮਾਤਾ ਦੇ ਪੇਟ ਵਿਚ। ਸੁਪਨਿਆਂ ਵਾਂਗੂੰ ਲੰਘਦਾ ਹੈ ਇਹਦਾ ਜਨਮ। ਇਕ ਘੂਕ ਨੀਂਦ ਵਿਚ ਹੁੰਦਾ ਹੈ। ਨਾਮ ਦੀ ਧੁਨ ਵਿਚ ਮਸਤ ਹੁੰਦਾ ਹੈ, ਲੇਕਿਨ ਜਨਮ ਦਿਸਦੇ ਹੁੰਦੇ ਨੇ। ਇਕੱਲਾ-ਇਕੱਲਾ ਦੇਖਦਾ ਹੈ ਕਿ ਆਹ ਮੇਰਾ ਪੁੱਤਰ ਸੀ, ਆਹ ਮੇਰੀਆਂ ਧੀਆਂ ਸੀ, ਆਹ ਮੇਰੀ ਘਰਵਾਲੀ ਸੀ, ਆਹ ਮੇਰੀ ਮਾਂ ਸੀ, ਆਹ ਮੇਰਾ ਪਿਤਾ ਸੀ, ਐਉਂ ਮੈਂ ਰਾਜ ਗੱਦੀ ਦੇ ਉਤੇ ਬੈਠਾ ਸੀ ਤੇ ਮੈਂ ਪ੍ਰਮੇਸ਼ਰ ਦਾ ਭਜਨ ਨਾ ਕਰਿਆ, ਦਰਗਾਹ ਵਿਚ ਜਾ ਕੇ ਮੈਨੂੰ ਆਹ ਸਜ਼ਾ ਮਿਲੀ, ਫੇਰ ਮੈਨੂੰ ਦੂਸਰਾ ਜਨਮ ਮਿਲਿਆ ਉਹਦੇ ਬਾਰੇ ਦੇਖਦਾ ਹੈ, ਤੀਸਰੇ ਬਾਰੇ ਦੇਖਦਾ ਹੈ। ਸੌ ਜਨਮ ਦਾ ਗਿਆਨ ਉਸਨੂੰ ਮਹਾਂਪੁਰਸ਼ ਦੱਸਦੇ ਨੇ ਕਿ ਮਾਤਾ ਦੇ ਪੇਟ ਵਿਚ ਹੋਇਆ ਕਰਦਾ ਹੈ। ਉਸ ਵੇਲੇ ਇਕ ਨਿਰਣੇ ਤੇ ਪਹੁੰਚਦਾ ਹੈ ਕਿ ਮੈਂ ਇਹ ਗੇੜੇ ਕਿਉਂ ਖਾ ਰਿਹਾ ਹਾਂ। ਮੈਨੂੰ ਇਹ ਚੱਕਰ ਕਿਉਂ ਲੱਗ ਰਹੇ ਨੇ। ਤਾਂ ਪਤਾ ਲਗਦਾ ਹੈ ਕਿ ਮੈਂ ਜਦੋਂ ਵੀ ਸੰਸਾਰ ਵਿਚ ਗਿਆ ਹਾਂ ਉਸ ਵੇਲੇ ਪ੍ਰਮੇਸ਼ਰ ਨੂੰ ਭੁੱਲਿਆਂ। ਜਿਹੜਾ ਹੁਣ ਮੈਨੂੰ ਜਨਮ ਮਿਲਣਾ ਹੈ ਜੇ ਇਹਦੇ ਵਿਚ ਮੈਨੂੰ ਪ੍ਰਮੇਸ਼ਰ ਯਾਦ ਰਹਿ ਜਾਵੇ ਤਾਂ ਮੈਂ ਪ੍ਰਭੂ ਨੂੰ ਮਿਲ ਲਵਾਂਗਾ। ਆਹ ਛੋਟੀ ਜਿਹੀ ਗੱਲ ਹੈ ਜਿਹਦੇ ਉਤੇ ਅਸੀਂ ਗੁਰਦਵਾਰਿਆਂ 'ਚ ਜਾਂਦੇ ਹਾਂ, ਨਿਤਨੇਮ ਕਰਦੇ ਹਾਂ, ਅੰਮ੍ਰਿਤ ਛਕਦੇ ਹਾਂ, ਹੋਰ ਕਿੰਨਾ ਕੁਛ ਕਰਦੇ ਹਾਂ, ਆਹੀ ਗੱਲ ਹੈ ਸਾਮ੍ਹਣੇ। ਸਿਆਣੇ ਕਹਿੰਦੇ ਨੇ, ਅਸਲੀ ਬਾਤ ਇਹ ਹੈ ਕਿ ਅਸੀਂ ਯਤਨ ਬੇਅੰਤ ਕਰਦੇ ਹਾਂ, ਤਾਂ ਵੀ ਅਸੀਂ ਆਹ ਜਨਮ ਦੇ ਅੰਦਰ ਪ੍ਰਭੂ ਨੂੰ ਮਿਲ ਕੇ ਆਪਣਾ ਜਨਮ ਮਰਨ ਦਾ ਚੱਕਰ ਕੱਟ ਦੇਈਏ ਕਿਉਂਕਿ ਜਨਮ ਮਰਨ ਦੇ ਵਿਚ ਬਹੁਤਾ ਦੁੱਖ ਹੈ। ਉਸ ਵੇਲੇ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਆਹ ਜਿਹੜੀ ਮੇਰੀ ਹਾਲਤ ਹੋਈ-ਹੋਈ ਹੈ ਨਾ ਮੈਂ ਸਿਰ ਪਰਨੇ ਲਟਕ ਰਿਹਾ ਹਾਂ। ਪੈਰ ਉਪਰ ਨੂੰ ਨੇ ਤੇ ਮੇਰਾ ਸਿਰ ਹੇਠਾਂ ਨੂੰ ਹੈ।

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥*

*ਅੰਗ - 535*

ਕੁਛ ਮੈਨੂੰ ਦਿਸਦਾ ਨਹੀਂ ਹੈ, ਕੁਛ ਮੈਨੂੰ ਸੁਣਦਾ ਨਹੀਂ ਹੈ, ਬੜੇ ਹੀ ਮਾੜੇ ਥਾਂ ਦੇ ਵਿਚ ਮੈਂ ਵਸ ਰਿਹਾ ਹਾਂ ਤੇ ਕੁੰਭੀ ਨਰਕ ਦਾ ਦੁੱਖ ਮੈਂ ਭੋਗ ਰਿਹਾ ਹਾਂ। ਹੁਣ ਜੇ ਮੈਨੂੰ ਇਸ ਨਰਕ ਵਿਚੋਂ ਕੱਢ ਦੇਵੇਂ ਪ੍ਰਭੂ, ਮੈਨੂੰ ਹੁਣ ਇਸ ਗੱਲ ਦਾ ਪੱਕਾ ਗਿਆਨ ਹੋ ਗਿਆ, ਮੈਂ ਹੁਣ ਕਿਸੇ ਚੀਜ਼ ਵਿਚ ਨਹੀਂ ਫਸਦਾ, ਮੈਂ ਹੁਣ ਤੇਰਾ ਨਾਮ ਹੀ ਜਪਾਂਗਾ। ਬਾਰ-ਬਾਰ ਬੇਨਤੀਆਂ ਕਰਦਾ ਹੈ। ਆਵਾਜ਼ ਆਉਂਦੀ ਹੈ ਐ ਜੀਵ! ਤੇਰੇ ਵਾਇਦੇ ਸਾਰੇ ਝੂਠੇ, ਤੇਰੇ ਕੌਲ ਕਰਾਰ ਸਭ ਝੂਠੇ। ਕਹਿਣ ਲੱਗੇ, ਨਹੀਂ ਪ੍ਰਭੂ! ਮੈਂ ਦਿਨ ਰਾਤ ਨਾਮ ਜਪਾਂਗਾ। ਕਹਿਣ ਲੱਗੇ ਐ ਜੀਵ! ਜੇ ਤੂੰ ਮੇਰਾ ਨਾਮ ਦਿਨ ਰਾਤ ਜਪੇਂਗਾ ਨਾ, ਤਾਂ ਪਿਆਰਿਆ! ਇਕ ਗੱਲ ਸਮਝ ਲੈ ਤੇਰੇ ਸਾਰੇ ਕੰਮ ਮੈਂ ਕਰਿਆ ਕਰਾਂਗਾ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥ ਅੰਗ - 542*

ਜਿਹਨੂੰ ਨਾਮ ਨਾਲ ਪਿਆਰ ਹੋ ਗਿਆ, ਵਾਹਿਗੁਰੂ ਉਹਦੇ ਸਾਰੇ ਕੰਮ ਆਪੇ ਹੀ ਕਰਦਾ ਹੈ।

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*

*ਅੰਗ - 403*

ਦੇਰ ਨਹੀਂ ਹੁੰਦੀ, ਉਸੇ ਵੇਲੇ ਆ ਜਾਂਦਾ ਹੈ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

*ਅੰਗ - 716*

ਫੇਰ ਸਾਰਾ ਸੰਸਾਰ ਤੇਰੇ ਅਧੀਨ ਹੋਵੇਗਾ। ਪਰ ਤੈਨੂੰ ਪਤਾ ਹੈ ਬਾਹਰ ਮਾਇਆ ਹੈ, ਮਾਇਆ ਇਕ ਖੇਲ੍ਹ ਵਾਸਤੇ ਮੈਂ ਰਚੀ ਹੈ। ਇਹ ਜੀਵ ਮੈਨੂੰ ਤਾਂ ਭੁੱਲ ਜਾਂਦਾ ਹੈ, ਮਾਇਆ ਵਿਚ ਫਸ ਜਾਂਦਾ ਹੈ।

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 252*

*ਜੈਸੀ ਅਗਨਿ ਉਦਰ ਮਹਿ ਤਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥ ਅੰਗ - 885*

ਇਹ ਮਾਇਆ ਕੰਮ ਕੀ ਕਰਦੀ ਹੈ।

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 885*

ਮੋਹ ਪੈਦਾ ਕਰ ਦੇਣਾ ਨਾਸ਼ਵਾਨ ਚੀਜ਼ਾਂ ਦੇ ਨਾਲ। ਪ੍ਰਮੇਸ਼ਰ ਭੁੱਲ ਗਿਆ, ਮੋਹ ਪੈਦਾ ਹੋ ਗਿਆ। ਪ੍ਰਮੇਸ਼ਰ ਦਾ ਜਿਹੜਾ ਭਾਉ ਸੀ, ਭਉ ਸੀ ਉਹ ਹਟ ਗਿਆ ਤੇ ਜਿਹੜੀਆਂ ਨਾਸ਼ਵੰਤ ਚੀਜ਼ਾਂ, ਕਰਮਾਂ ਦੇ ਬੰਨੇ ਹੋਏ ਰਿਸ਼ਤੇਦਾਰ ਧੀਆਂ, ਪੁੱਤਰ ਆਏ ਸੀ ਉਹਦੇ ਵਿਚ ਮੋਹ ਲਾ ਲਿਆ ਤੇ ਜਨਮ ਬਿਰਥਾ ਚਲਿਆ ਗਿਆ ਉਸਦਾ।

ਮਾਇਆ ਐਸੀ ਮੋਹਣੀ ਹੈ -

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*

*ਅੰਗ - 643*

ਖਾ ਜਾਂਦੀ ਹੈ ਉਸਨੂੰ ਜਿਹੜਾ ਇਹਦੇ ਵਿਚ ਰਚਦਾ ਹੈ। ਕਿਉਂਕਿ ਇਹਦਾ ਕੰਮ ਹੀ ਜੀਵ ਨੂੰ ਭੁਲਾਉਣਾ ਹੈ। ਮਾਇਆ ਨੇ ਜਾਲ ਪਾਇਆ ਹੋਇਆ ਹੈ। ਜਾਲ ਦੇ ਥੱਲੇ ਚੋਗਾ ਪਾ ਦਿਤਾ। ਕਿਤੇ ਮੋਹ ਦਾ ਪਾ ਦਿਤਾ, ਕਿਤੇ ਲੋਭ ਦਾ ਪਾ ਦਿਤਾ, ਕਿਤੇ ਬੱਚਿਆਂ ਦਾ ਪਾ ਦਿਤਾ, ਕਿਤੇ ਜਾਇਦਾਦ ਦਾ ਪਾ ਦਿਤਾ, ਕਿਤੇ ਕੋਈ-ਕਿਤੇ ਕੋਈ। ਠੱਗ ਪੰਜ ਨਾਲ ਲੱਗੇ ਹੋਏ ਨੇ - ਰਾਜ, ਮਾਲ, ਰੂਪ, ਜਾਤ, ਜੋਬਨ। ਪੰਜ ਚੋਰਾਂ ਨੂੰ ਭੇਜ ਦਿੰਦੀ ਹੈ ਇਹ> ਐਡੇ ਬਲੀ ਨੇ ਕਿ ਇਨ੍ਹਾਂ ਤੋਂ ਕੋਈ ਬਚ ਹੀ ਨਹੀਂ ਸਕਦਾ। ਵਾਹਿਗੁਰੂ ਬਚਾਵੇ ਤਾਂ ਬਚਾਵੇ ਆਦਮੀ ਦੀ ਤਾਕਤ ਨਹੀਂ ਕਿ ਇਨ੍ਹਾਂ ਚੋਰਾਂ ਤੋਂ ਬਚ ਜਾਵੇ। ਪੰਜ ਵਿਸ਼ੇ ਨੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਐਨੇ ਤਾਕਤਵਰ ਨੇ ਕਿ ਜਾਨ ਲੈ ਲੈਂਦੇ ਨੇ। ਮੱਛੀ ਨੂੰ ਵਿਸ਼ਾ ਹੈ ਜ਼ੁਬਾਨ ਦੇ ਰਸ ਦਾ, ਰਸ ਵਿਸ਼ਾ ਹੈ। ਉਹ ਕੁੰਡੀ ਸਣੇ ਨਿਘਾਰ ਜਾਂਦੀ ਹੈ ਅੰਦਰ, ਫੇਰ ਮਰਨਾ ਪੈਂਦਾ ਹੈ ਉਹਨੂੰ। ਹਾਥੀ ਨੂੰ ਵਿਸ਼ਾ ਹੈ ਸਪਰਸ਼ ਦਾ, ਕਾਮ ਦਾ - ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹਾ ਦਿੰਦੇ ਨੇ, ਹੇਠਾਂ ਟੋਆ ਪੁਟਿਆ ਹੁੰਦਾ ਹੈ, ਉਤੇ ਮਾੜਾ ਜਿਹਾ ਫੂਸ ਪਾਇਆ ਹੁੰਦਾ ਹੈ। ਨੱਠਿਆ ਹੀ ਆਉਂਦਾ ਹੈ, ਦੜੰਮ ਵਿਚ ਗਿਰਦਾ ਹੈ। ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਰਦਾ ਹੈ। ਭੌਰੇ ਨੂੰ ਵਿਸ਼ਾ ਹੈ ਸੁਗੰਧੀ ਦਾ, ਫੁੱਲ ਤੇ ਆ ਕੇ ਬਹਿ ਜਾਂਦਾ ਹੈ, ਫੇਰ ਨਹੀਂ ਉਠਦਾ, ਸ਼ਾਮ ਨੂੰ ਫੁੱਲ ਬੰਦ ਹੋ ਜਾਂਦਾ ਹੈ। ਵਿਚੋਂ ਮਰਿਆ ਹੋਇਆ ਨਿਕਲਦਾ ਹੈ। ਪਰਵਾਨੇ ਨੂੰ ਵਿਸ਼ਾ ਹੈ ਨੇਤਰਾਂ ਦਾ, ਦੀਵਾ ਜਲਦਾ ਹੈ ਨੱਠਿਆ ਹੀ ਜਾਏਗਾ ਓਧਰ ਨੂੰ, ਦੀਵੇ ਦੀ ਲਾਟ ਵਿਚ ਫੰਗ ਸੜ ਜਾਂਦੇ ਨੇ, ਹੇਠਾਂ ਗਿਰ ਪੈਂਦਾ ਹੈ, ਓਦੋਂ ਹੀ ਮਰ ਜਾਂਦਾ ਹੈ। ਹਰਨ ਨੂੰ ਵਿਸ਼ਾ ਹੈ ਸ਼ਬਦ ਦਾ, ਸੁਣਨ ਦਾ। ਘੰਡੇਹੇੜੇ ਦਾ ਸ਼ਬਦ ਜਦੋਂ ਸ਼ਿਕਾਰੀ ਵਜਾਉਂਦਾ ਹੈ, ਸਿੱਧਾ ਹੀ ਚਲਿਆ ਜਾਂਦਾ ਹੈ ਓਹਦੇ ਕੋਲ। ਨੇੜੇ ਜਾ ਕੇ ਲਿਟਣ ਲਗ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ। ਉਹ ਆ ਕੇ ਆਰਾਮ ਨਾਲ ਹੀ ਫੜ ਲੈਂਦਾ ਹੈ ਉਹਨੂੰ। ਮਹਾਰਾਜ ਕਹਿੰਦੇ ਇਕ-ਇਕ ਵਿਸ਼ਾ ਹੈ

ਉਹ ਐਨਾ ਨਾਸ਼ ਕਰ ਦਿੰਦਾ ਹੈ। ਮਨੁੱਖ ਦੇ ਵਿਚ ਪੰਜੋ ਵਿਸ਼ੇ ਨੇ। ਇਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ? ਕਿਉਂਕਿ ਮਾਇਆ ਨੇ ਇਹਨੂੰ ਘੇਰਨ ਵਾਸਤੇ ਵੀ ਓਡਾ ਹੀ ਬੰਦੋਬਸਤ ਕਰਿਆ ਹੋਇਆ ਹੈ। ਹੈ ਮਾਇਆ ਸ਼ਕਤੀ ਵੀ ਵਾਹਿਗੁਰੂ ਦੀ, ਉਹਦੇ ਕਰਕੇ ਸੰਸਾਰ ਚਲਦਾ ਹੈ, ਉਲਟੀਆਂ ਗੱਲਾਂ ਹੁੰਦੀਆਂ ਨੇ। ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਤੇ ਜਾਲ ਵਿਚ ਫਸ ਜਾਂਦਾ ਹੈ। ਜਾਲ ਦੇ ਹੇਠਾਂ ਚੋਗਾ ਪਾਇਆ ਹੋਇਆ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਚੋਗ ਮਾਇਆ ਵਿਛਾਇਆ ਹੇਠ ਜਾਲ ਦੇ,*
*ਭੋਲਾ ਪੰਛੀ ਆਣ ਫਸਿਆ।*

ਤ੍ਰਿਸ਼ਨਾ ਦਾ ਬੱਝਿਆ ਹੋਇਆ ਪੰਛੀ ਫਸ ਗਿਆ, ਹੁਣ ਨਿਕਲ ਨਹੀਂ ਹੁੰਦਾ। ਹੁਣ ਕਰੋੜਾਂ ਜਨਮ ਇਹਨੂੰ ਚੱਕਰ ਖਾਣੇ ਪੈਣੇ ਨੇ।

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - 66*

ਜਿੰਨੇ ਕਰਮ ਕਰਦਾ ਹੈ, ਓਨਾ ਹੀ ਦੁਖ ਇਹਦੇ ਗਲ ਪੈਂਦਾ ਹੈ। ਮੁਕਦੇ ਹੀ ਨਹੀਂ ਕਰਮ ਐਨੇ ਇਹਦੇ ਗਲ 'ਚ ਪੈ ਜਾਂਦੇ ਨੇ। ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ। ਕਦੇ ਕੁਛ ਬਣਦਾ ਹੈ, ਕਦੇ ਕੁਛ ਬਣਦਾ ਹੈ। ਆਹ ਸਾਡਾ ਹਾਲ ਮਹਾਰਾਜ ਨੇ ਦੱਸਿਆ ਹੈ ਕਿ ਪਿਆਰਿਆ! ਤੂੰ ਆਇਆ ਕਿਹੜੇ ਕੰਮ ਸੀ –

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ ਅੰਗ - 618*

ਤੇਰੀ ਤਾਂ ਉਮਰ ਮੁੱਕ ਰਹੀ ਹੈ, ਤੂੰ ਕਿਹੜੇ ਚੱਕਰਾਂ 'ਚ ਪੈ ਗਿਆ। ਤੈਨੂੰ ਨਾਮ ਦੇ ਬਾਰੇ ਨਹੀਂ ਪਤਾ ਲੱਗਿਆ ਕਿਉਂਕਿ ਤੂੰ ਗੁਰੂ ਨਹੀਂ ਧਾਰਨ ਕਰਿਆ। ਨਾਮ ਜਪਿਆ ਨਹੀਂ, ਨਾਮ ਦੇ ਉਤੇ ਤੂੰ ਵਿਸ਼ਵਾਸ਼ ਨਹੀਂ ਲਿਆਂਦਾ। ਨਾਮ ਦੀ ਮਹਿਮਾ ਦਾ ਤੈਨੂੰ ਪਤਾ ਨਹੀਂ ਲੱਗਿਆ ਕਿ ਨਾਮ ਕੀ ਚੀਜ਼ ਹੈ। ਕਹਿੰਦੇ ਜੇ ਇਕ ਵਾਰੀ ਤੂੰ ਨਾਮ ਲੈ ਲਏਂ ਨਾ ਹਿਰਦੇ ਤੋਂ, ਤੇਰੇ ਗਲ 'ਚੋਂ ਕਾਲ ਦੀ ਫਾਸੀ ਲਹਿ ਜਾਏਗੀ। ਪਰ ਇਕ ਚਿੱਤ ਹੁੰਦਾ ਹੀ ਨਹੀਂ ਹੈ। ਪਤਾ ਹੀ ਨਹੀਂ ਇਕ ਚਿੱਤ ਕਿਸਨੂੰ ਕਹਿੰਦੇ ਨੇ, ਜੀਭ ਨਾਲ ਤਾਂ ਕਰਦਾ ਹੈ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥*
*ਅੰਗ - 491*

ਸੋ ਮਹਾਰਾਜ ਜੀ ਨੇ ਬਹੁਤ ਤਰੀਕੇ ਨਾਲ ਸਾਨੂੰ ਜਗਾਉਣ ਦਾ ਯਤਨ ਕੀਤਾ ਹੈ। ਲੇਕਿਨ ਇਹ ਜੀਵ ਕੀ ਹੈ ਹਾਕਾਂ ਮਾਰੀ ਜਾਂਦੇ ਨੇ ਇਹਨੂੰ –

*ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀਂ ਦੇਂਦਿਆਂ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਅੰਗ - 1378*

ਓਧਰ ਨੂੰ ਤਾਂ ਜਾਂਦਾ ਹੈ ਜਿਹਨੇ ਸਰਬ ਨਾਸ਼ ਕਰਨਾ ਹੈ। ਜਿਹਨੇ ਬਚਾਉਣਾ ਹੈ ਓਧਰਲੀ ਗੱਲ ਨਹੀਂ ਸੁਣਦਾ। ਬਾਰ-ਬਾਰ ਮਹਾਰਾਜ ਜੀ ਸਾਨੂੰ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਕਹਾਂ ਗਾਫਲ ਸੋਇਆ*
*ਜਾਗ ਲੇਹੁ ਰੇ ਮਨਾ ਜਾਗ ਲੇ।*

ਜਿਹਦੇ ਹਿਰਦੇ 'ਚ ਮਨਮੁਖਤਾਈ, ਕਲਜੁਗ ਵਸ ਗਿਆ, ਸ਼ੈਤਾਨ ਵਸ ਗਿਆ ਉਹ ਚਿਤ ਨਹੀਂ ਫੇਰਦਾ। –

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ।*

ਨਾਮ ਦੀ ਮਹਿਮਾ ਐਡੀ ਵੱਡੀ ਹੈ, ਸਮਝ ਵਿਚ ਕਿਉਂ ਨਹੀਂ ਆਉਂਦੀ। ਕਿਉਂ ਨਹੀਂ ਬੰਦਾ ਨਾਮ ਜਪਦਾ ਕਿਉਂਕਿ ਉਹਨੂੰ ਜਾਗ ਨਹੀਂ ਆਉਂਦੀ। ਮਾਇਆ ਦੀ ਨੀਂਦ ਵਿਚ ਸੌਂ ਗਿਆ –

*ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥ ਅੰਗ - 920*

ਨਾਮ ਦੀ ਮਹਿਮਾ ਦਾ ਉਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੇ ਬੰਦਗੀ ਕੀਤੀ ਹੈ।

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥ ਅੰਗ - 265*

ਸੰਤਾਂ ਨੂੰ ਪਤਾ ਹੈ ਇਸ ਨਾਮ ਦੀ ਮਹਿਮਾ ਦਾ। ਮਹਾਰਾਜ ਕਹਿੰਦੇ ਪੁੱਛੋ ਸੰਤਾਂ ਨੂੰ। ਕਿੰਨੀ ਮਹਿਮਾ ਹੈ, ਸਤਿ ਦੀ ਗੱਲ ਤੁਹਾਨੂੰ ਸੁਣਾਉਂਦੇ ਹਾਂ, ਤੁਹਾਨੂੰ ਇਤਬਾਰ ਕਿਉਂ ਨਹੀਂ ਆਉਂਦਾ। ਕਿਉਂ ਨਹੀਂ ਯਕੀਨ ਤੁਹਾਨੂੰ ਆਉਂਦਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ।*
*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਅੰਗ - 487*

ਲੀਨ ਹੋ ਗਿਆ ਮਨ ਨਾਮ ਦੇ ਨਾਲ। ਅਵਸਥਾ ਕੀ ਬਣੀ ਜਦੋਂ ਨਾਮ ਹਿਰਦੇ 'ਚ ਆ ਗਿਆ।

*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਅੰਗ - 487*

ਜਦੋਂ ਪ੍ਰਮੇਸ਼ਰ ਮਿਲ ਗਿਆ ਫੇਰ ਸਾਰੀ ਸ੍ਰਿਸ਼ਟੀ ਦਾ ਮਾਲਕ ਬਣ ਜਾਂਦਾ ਹੈ।

ਪਰ ਪ੍ਰਮੇਸ਼ਰ ਨਾ ਤਾਂ ਕਿਸੇ ਭੇਖ ਨਾਲ ਮਿਲਦਾ ਹੈ।

ਉਹ ਇਕੋ ਹੀ ਚੀਜ਼ ਹੈ ਹਿਰਦੇ ਵਿਚ ਪਹਿਲਾਂ ਪੂਰਨ ਵਿਸ਼ਵਾਸ਼ ਹੋਵੇ। ਐਂ ਨਹੀਂ 90% ਵਿਸ਼ਵਾਸ਼ ਨਾਲ ਨਹੀਂ ਮਿਲਦਾ। 100% ਵਿਸ਼ਵਾਸ਼ ਹੋਵੇ। ਜੇ 10% ਤਰਕ ਹੈ, ਮਨ ਦੇ ਵਿਚ ਖਰਲ ਪਈ ਹੋਈ ਹੈ, ਤਾਂ ਦੁਨੀਆਂ ਦਾ ਪਿਆਰ ਨਹੀਂ ਨਿਭਦਾ। ਕਹਿੰਦੇ ਨੇ ਮਨ ਵਿਚ ਖੋਟ ਹੈ, ਚਾਹੇ ਥੋੜ੍ਹੀ ਹੈ ਚਾਹੇ ਬਹੁਤੀ ਹੈ। ਸੋ ਪਿਆਰ ਦਾ ਅਸੂਲ ਹੀ ਇਹੀ ਹੈ ਕਿ ਖੋਟ ਨਹੀਂ ਕੋਈ ਵੀ ਹੁੰਦੀ। 100% ਲੀਨ ਹੁੰਦਾ ਹੈ, ਆਪਣਾ ਆਪਾ ਗਵਾ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰ ਤੋਂ ਬਿਨਾਂ ਵਾਹਿਗੁਰੂ ਨਹੀਂ ਮਿਲਿਆ ਕਰਦਾ। ਭਗਤ ਜਿਹੜੇ ਨੇ ਭੈ ਗਤੀ, ਪਿਆਰ ਦੇ ਵਿਚ ਚੱਲਣ ਵਾਲੇ, ਅਦਬ ਦੇ ਵਿਚ ਚੱਲਣ ਵਾਲੇ, ਉਨ੍ਹਾਂ ਦਾ ਜ਼ਿਕਰ ਕਰਦੇ ਨੇ ਕਿ -

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥*

*ਅੰਗ - 487*

ਜਦੋਂ ਪ੍ਰੀਤ ਪ੍ਰਮੇਸ਼ਰ ਨਾਲ ਪਾਈ ਏਸ ਨੇ, ਕਹਿੰਦੇ ਕੋਈ ਪੁਛਦਾ ਨਹੀਂ ਸੀਗਾ। ਲੇਕਿਨ ਹੋਇਆ ਕੀ? ਡੇਢ ਕਰੋੜ ਬੰਦੇ ਨੂੰ ਤਾਰਿਆ ਕਬੀਰ ਸਾਹਿਬ ਨੇ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*

*ਅੰਗ - 487*

ਮਾਇਆ ਦਾ ਤਿਆਗ ਕਰ ਦਿਤਾ, ਜਿਹਨੂੰ ਹੁਣ ਤੱਕ ਅਸੀਂ ਮਾਇਆ-ਮਾਇਆ ਕਹਿੰਦੇ ਹਾਂ। ਉਹ ਬਿਲਕੁਲ ਨੇੜੇ ਨਾ ਆਉਣ ਦਿਤੀ। ਨਾ ਚੇਤਨ ਮਾਇਆ ਆਉਣ ਦਿਤੀ, ਨਾ ਜੜ੍ਹ ਮਾਇਆ ਆਉਣ ਦਿਤੀ। ਨਾ ਮਾਨਸਿਕ ਮਾਇਆ ਆਉਣ ਦਿਤੀ। ਤਿੰਨੋਂ ਮਾਇਆ ਦਾ ਤਿਆਗ ਕਰ ਦਿਤਾ। ਪਾਰਬ੍ਰਹਮ ਹਿਰਦੇ ਵਿਚ ਵਸਿਆ ਤਾਂ ਦਰਸ਼ਨ ਦਿੰਦਾ ਹੈ ਵਾਹਿਗੁਰੂ ਆ ਕੇ। ਭਗਤ ਰਵਿਦਾਸ ਜੀ ਕਹਿੰਦੇ ਨੇ ਕਿ ਹੇ ਵਾਹਿਗੁਰੂ! ਤੇਰਾ ਮੇਰਾ, ਮੇਰਾ ਤੇਰਾ ਕੀ ਫਰਕ ਹੋਇਆ।

ਜਿਵੇਂ ਪਾਣੀ ਤੋਂ ਲਹਿਰ ਉਠੀ, ਜਿਵੇਂ ਸੋਨੇ ਤੋਂ ਗਹਿਣਾ ਬਣ ਗਿਆ, ਐਨਾ ਹੀ ਫਰਕ ਹੈ ਨਾ, ਹਾਂ ਤਾਂ ਮੈਂ ਵੀ ਸੋਨਾ। ਜੇ ਲਹਿਰ ਹੈ ਤਾਂ ਮੈਂ ਪਾਣੀ ਹਾਂ। ਕਿਉਂਕਿ ਦਰਸ਼ਨ ਦੇ ਕੇ ਪਿਆਰ ਦੇ ਵਿਚ ਐਨਾ ਪਿਘਲ ਗਿਆ ਕਿ ਵਾਹਿਗੁਰੂ ਤੇ ਰਵਿਦਾਸ ਇਕ ਬਣ ਗਏ।

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥*

*ਅੰਗ - 488*

ਵਾਹਿਗੁਰੂ ਜੀ ਆਪ ਸਰੀਰ ਧਾਰ ਕੇ ਰੇਵਾ ਦੇ ਰਾਣੇ ਦੀ ਆਪ ਸੇਵਾ ਕਰਨ ਆਏ। ਸੇਵਾ ਕਰਦੇ ਫਿਰਦੇ ਨੇ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ।

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥*

*ਅੰਗ - 488*

ਭਗਤੀ ਕਰਨ ਲੱਗਿਆ, ਪ੍ਰਮੇਸ਼ਰ ਨੂੰ ਪਿਆਰ ਕਰਿਆ ਧੰਨੇ ਨੇ। ਪ੍ਰਮੇਸ਼ਰ ਪ੍ਰਤੱਖ ਹੋ ਕੇ ਜਿਹਦਾ ਰੂਪ ਨਹੀਂ, ਰੰਗ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ। ਅਸੀਂ ਤਾਂ ਘਬਰਾ ਜਾਂਦੇ ਹਾਂ ਕਿ ਉਹ ਹੋਣਾ ਹੀ ਨਹੀਂ ਕੁਛ, ਜਿਹਦੀਆਂ ਆਹ ਚੀਜ਼ਾਂ ਨਹੀਂ। ਆਕਾਸ਼ ਜਿਹੋ ਜਿਹਾ ਹੋਇਆ ਨਾ ਹੋਇਆ। ਸਾਨੂੰ ਕੀ ਹੈ ਆਕਾਸ਼ ਨਾਲ ਸਬੰਧ। ਓਵੇਂ ਅਸੀਂ ਵਾਹਿਗੁਰੂ ਨੂੰ ਗਿਣ ਲੈਂਦੇ ਹਾਂ।

ਸਾਧ ਸੰਗਤ ਜੀ! ਵਾਹਿਗੁਰੂ ਸਭ ਕੁਛ ਜਾਨਣਹਾਰ, ਅੰਦਰ ਬਾਹਰ ਵਸਦਾ, ਆਪਣੇ ਹੁਕਮ ਨੂੰ ਚਲਾਉਣ ਵਾਲਾ, ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਬਿਸ਼ੰਭਰ, ਰਾਖੀ ਕਰਨ ਵਾਲਾ, ਬਚਾਉਣ ਵਾਲਾ ਪ੍ਰਮੇਸ਼ਰ ਹੈ। ਉਹ ਏਸ ਕਰਕੇ ਸਾਡੇ ਮਨ ਨੂੰ ਲਗਦਾ ਨਹੀਂ ਕਿ ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ ਹੈ, ਉਹ ਕੀ ਹੋਇਆ, ਸੁੰਨ ਮੁੰਨ ਜਿਹੀ ਹੋਈ। ਐਉਂ ਪਿਆਰ ਨਹੀਂ ਲਗਦਾ। ਜਿਹਨੂੰ ਪਿਆਰ ਹੈ ਉਹ ਇਹਦੇ ਪਿਛੇ ਦੇਖਦਾ ਹੈ, ਇਹਦੇ ਪਿਛੇ ਤਾਂ ਵਾਹਿਗੁਰੂ ਜੀ ਆਪ ਹੀ ਨੇ, ਹੋਰ ਕੋਈ ਹੈ ਹੀ ਨਹੀਂ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਵਸਤੂ ਗਿਣਤੀਆਂ ਮਿਣਤੀਆਂ ਦੀ ਨਹੀਂ। ਇਹ ਤਾਂ ਸਿਰਫ ਪਿਆਰ ਦੇ ਨਾਲ ਪ੍ਰਮੇਸ਼ਰ ਨੂੰ ਮਿਲਿਆ ਜਾਂਦਾ ਹੈ, ਹੋਰ ਕੋਈ ਸਾਧਨ ਨਹੀਂ ਹੈ -

*ਧਾਰਨਾ - ਬਿਨਾਂ ਪਿਆਰ ਤੋਂ ਹਰੀ ਨਾ ਮਿਲਦਾ,*
*ਹੋਰ ਸਭੇ ਗੱਲਾਂ ਕੂੜੀਆਂ।*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ,*
*ਲੋਕ ਗਇਓ ਪਰਲੋਕ ਗਵਾਇਓ॥*
*ਬਾਸ ਕੀਓ ਬਿਖਿਆਨ ਸੋ ਬੈਠ ਕੈ,*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੋਂ ਸੁਨ ਲੇਹੁ ਸਭੈ,*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

*ਤ੍ਵਪ੍ਰਸਾਦਿ ਸ੍ਵਯੇ*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*

*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ ਅੰਗ-962*

ਕੋਈ ਵੀ ਚਤੁਰਾਈ –

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਅੰਗ - 1*

ਕੋਈ ਫਿਲਾਸਫੀ –

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਅੰਗ - 1*

ਕੋਈ ਸਮਾਧੀ –

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ ਅੰਗ - 1*

ਪਦਾਰਥਾਂ ਦਾ ਭੋਗ –

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਅੰਗ - 1*

ਇਨ੍ਹਾਂ ਵਿਚੋਂ ਕੋਈ ਵੀ ਪ੍ਰੇਮ-ਮਾਰਗ ਵਿਚ ਸਹਾਇਕ ਨਹੀਂ ਹੁੰਦੇ। ਫੇਰ ਵਾਹਿਗੁਰੂ ਮਿਲੇ ਕਿਵੇਂ? ਕਹਿੰਦੇ ਉਹ ਪਿਆਰ ਤੋਂ ਬਗੈਰ ਨਹੀਂ ਮਿਲਦਾ। ਉਹ ਆਪ ਪਿਆਰ ਹੈ। ਪ੍ਰਮੇਸ਼ਰ ਹੈਗਾ ਪਰ ਸੰਸਾਰ ਮਾਇਆ ਦੇ ਉਲਟ ਚੱਕਰ ਵਿਚ ਪਿਆ ਹੋਇਆ ਉਸ ਨੂੰ ਪਿਆਰ ਨਹੀਂ ਕਰਦਾ। ਪਿਆਰ ਦੇ ਬੰਨ੍ਹੇ ਹੋਏ ਪ੍ਰਮੇਸ਼ਰ ਨੇ ਨਾਮਦੇਵ ਦਾ ਦੁੱਧ ਪੀ ਲਿਆ ਆ ਕੇ।

*ਧਾਰਨਾ - ਦੁੱਧ ਪੀ ਲਿਆ ਹਰੀ ਨੇ ਆ ਕੇ,*
*ਵਸ ਹੋ ਕੇ ਸੱਚੇ ਪਿਆਰ ਦੇ।*

ਐਸਾ ਜੋ ਅਗੰਮ ਅਗੋਚਰ ਪਾਰਬ੍ਰਹਮ ਪ੍ਰਮੇਸ਼ਰ ਹੈ, ਇਕ ਬੱਚੇ ਤੋਂ ਦੁੱਧ ਪੀ ਰਿਹਾ ਹੈ। ਇਥੇ ਹੀ ਨਹੀਂ ਹੈ

*ਗਾਇ ਮੁਇ ਜੀਵਾਲਿਓਨੁ ਨਾਮਦੇਉ ਦਾ ਛਪਰ ਛਾਇਆ।*
*ਭਾਈ ਗੁਰਦਾਸ ਜੀ ਦੀ ਵਾਰ 10/11*

ਛੱਪਰ ਛਾਉਣ ਆ ਗਿਆ, ਮਰੀ ਹੋਈ ਗਊ ਜੀਉਂਦੀ ਕਰਨ ਆ ਗਿਆ।

*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।*
*ਭਗਤ ਜਨਾ ਦਾ ਕਰੇ ਕਰਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 10/11*

ਸੋ ਜਿਹਦਾ ਪਿਆਰ ਪ੍ਰਮੇਸ਼ਰ ਦੇ ਨਾਲ ਲਗ ਜਾਵੇ। ਮਾਇਆ ਉਥੇ ਅਸਰ ਨਹੀਂ ਕਰਦੀ। ਮਾਇਆ ਦਾ ਅਸਰ ਓਨਾ ਚਿਰ ਹੀ ਹੈ ਜਿੰਨਾ ਚਿਰ ਮਾਇਆ ਨਾਲ ਪਿਆਰ ਹੈ। ਮਾਇਆ ਨਾਲ ਪਿਆਰ ਕਰਕੇ ਅਸੀਂ ਮਾਇਆ ਦੇ ਜਾਲ ਵਿਚ ਫਸ ਜਾਂਦੇ ਹਾਂ। ਇਹਨੂੰ ਨਾਗਨੀ ਕਿਹਾ ਹੈ ਨਾਗਨੀ ਨਾਲ ਪਿਆਰ ਕਰਦੇ ਹਾਂ। ਵਾਹਿਗੁਰੂ ਜਿਹੜਾ ਹਾਜ਼ਰ ਨਾਜ਼ਰ ਹੈ ਉਹਦੇ ਵਲ ਪਿੱਠ ਕਰਕੇ ਰੱਖਦੇ ਹਾਂ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਐਸਾ ਜੋ ਹਰੀ ਮਿਹਰਵਾਨ ਪਿਆਰ ਕਰਨ ਵਾਲਾ ਹੈ, ਤੁਸੀਂ ਉਹਦੇ ਗੁਣ ਗਾਓ। ਉਹਦੇ ਗੁਣ ਗਾਉਣ ਨਾਲ ਕੀ ਹੋਏਗਾ, ਮਾਇਆ ਦਾ ਜਾਲ ਟੁੱਟ ਜਾਏਗਾ।

*ਧਾਰਨਾ - ਮਿਲ ਕੇ ਸੰਤਾਂ ਨੂੰ ਹਰੀ ਦੇ ਗੁਣ ਗਾ ਲੈ,*
*ਮਾਇਆ ਵਾਲਾ ਜਾਲ ਤੋੜ ਕੇ।*

*ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ*
*ਗੁਰਮੁਖਿ ਪਾਇਆ ਜਾਇ॥ ਅੰਗ - 513*

ਜਾਲ ਟੁੱਟ ਜਾਂਦਾ ਹੈ ਕਿਉਂਕਿ ਸੰਤਾਂ ਦੇ ਨਾਲ ਮਿਲ ਕੇ ਜਦੋਂ ਅਸੀਂ ਗੁਣ ਗਾਉਂਦੇ ਹਾਂ ਪ੍ਰਭੂ ਦੇ ਉਨ੍ਹਾਂ ਦਾ ਪ੍ਰਤੱਖ ਅਨੁਭਵ ਹੁੰਦਾ ਹੈ, ਸੋ ਉਹਦੇ ਨਾਲ ਸਾਡੇ ਹਿਰਦੇ ਵਿਚ ਪਿਆਰ ਆਉਂਦਾ ਹੈ। ਜਿਉਂ-ਜਿਉਂ ਪਿਆਰ ਵਧਦਾ ਹੈ, ਤਿਉਂ-ਤਿਉਂ ਮਾਇਆ ਦੇ ਤੰਦ ਟੁੱਟਦੇ ਜਾਂਦੇ ਨੇ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਅੰਗ - 135*

ਜਿਨ੍ਹਾਂ ਨੂੰ ਵਾਹਿਗੁਰੂ ਮਿਲ ਗਿਆ, ਉਨ੍ਹਾਂ ਨੂੰ ਜਿਹੜੇ ਕੱਕਾਂ ਦੇ ਝੋਲੇ ਨੇ, ਠੰਢ ਹੈ, ਜੀਵਨ ਦੇ ਅੰਦਰ ਉਚੀਆਂ ਨੀਵੀਆਂ ਗੱਲਾਂ ਨੇ, ਕਹਿੰਦੇ ਉਹ ਨਹੀਂ ਵਿਆਪਿਆ ਕਰਦੀਆਂ-ਦੁਖ ਦੇਣ ਵਾਲੀਆਂ। ਕਿਉਂਕਿ ਉਨ੍ਹਾਂ ਦਾ ਮਨ ਜਿਹੜਾ ਹੈ –

*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਅੰਗ - 135*

ਉਨ੍ਹਾਂ ਦੇ ਚਰਨਾਂ ਦੇ ਨਾਲ ਮਨ ਵਿੰਨ੍ਹਿਆ ਪਿਆ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਅੰਗ - 708*

ਆਹ ਅਵਸਥਾ ਹੋਈ ਹੋਈ ਹੈ ਤੇ ਵਾਹਿਗੁਰੂ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ।

*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਅੰਗ - 135*

ਓਟ ਉਨ੍ਹਾਂ ਨੇ ਵਾਹਿਗੁਰੂ ਦੀ ਰੱਖੀ ਹੋਈ ਹੈ ਤੇ ਸੇਵਾ ਦਾ ਲਾਹਾ ਖਟਦੇ ਨੇ।

*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਅੰਗ - 135*

ਫੇਰ ਜਿਹੜੀ ਮਾਇਆ ਦਾ ਆਪਾਂ ਐਨਾ ਲੰਮਾ ਚੌੜਾ ਜ਼ਿਕਰ ਕਰਿਆ ਹੈ ਉਹ ਫੇਰ ਅਸਰ ਨਹੀਂ ਕਰਦੀ, ਜਦੋਂ ਸੰਤਾਂ ਨਾਲ ਮਿਲ ਕੇ ਤੁਸੀਂ ਵਾਹਿਗੁਰੂ ਦੇ ਗੁਣ ਗਾਵੋਂਗੇ। ਫੇਰ ਕੀ ਹੋਏਗਾ? ਮਾਇਆ ਹਟ ਗਈ, ਹਉਮੈ ਹਟ ਗਈ, ਫੇਰ ਜਿਹੜੀ ਮੇਰੀ ਛੋਟੀ ਮੈਂ ਹੈ ਉਹ ਖਤਮ ਹੋ ਜਾਵੇਗੀ ਤੇ ਜਿਥੋਂ ਅਸੀਂ ਵਿਛੁੜੇ ਹਾਂ ਉਹਦੇ ਨਾਲ ਮਿਲ ਜਾਵਾਂਗੇ।

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਅੰਗ - 135*

ਆਹ ਪਿਆਰ ਨੇ ਚੁੱਕ ਕੇ ਵਾਹਿਗੁਰੂ ਦੇ ਵਿਚ ਮਿਲਾ ਦਿਤਾ ਸਾਨੂੰ। ਫੇਰ ਜਦੋਂ ਵਾਹਿਗੁਰੂ ਦੇ ਨਾਲ ਮਿਲ

ਗਏ, ਫੇਰ ਨਹੀਂ ਹੈ ਕਿ ਅਸੀਂ ਮਾਇਆ ਦੇ ਚੱਕਰ ਵਿਚ ਆ ਜਾਵਾਂਗੇ। ਕਿਉਂਕਿ ਇਹ ਪਿਆਰ ਐਸਾ ਹੈ ਕਿ ਉਥੋਂ ਦੁਬਾਰਾ ਨਹੀਂ ਬੰਦਾ ਵਿਛੜਦਾ, ਫੇਰ ਵਾਹਿਗੁਰੂ ਦਾ ਵਿਛੋੜਾ ਮਿਲਣ ਤੋਂ ਬਾਅਦ ਨਹੀਂ ਹੋਇਆ ਕਰਦਾ।

*ਧਾਰਨਾ - ਬਾਂਹ ਫੜ ਲਈ ਜਿਨ੍ਹਾਂ ਦੀ ਪਿਆਰੇ ਰਾਮ ਨੇ,*
*ਹੁੰਦਾ ਨਹੀਂ ਵਿਛੋੜਾ ਮੁੜ ਕੇ।*

ਦੁਬਾਰਾ ਫੇਰ ਨਹੀਂ ਵਿਛੋੜਾ ਹੁੰਦਾ ਕਿਉਂਕਿ ਉਹਨੇ -

*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਅੰਗ - 135*

ਫੇਰ ਦੁਬਾਰਾ ਨਹੀਂ ਮਾਇਆ ਦਾ ਅਸਰ ਪੈਂਦਾ।

*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਅੰਗ - 135*

ਐਸੇ ਸੱਜਣ ਤੋਂ ਵਾਰ ਜਾਂਦੇ ਹਾਂ ਲੱਖਾਂ ਵਾਰੀ।

*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਅੰਗ - 135*

ਦਰਾਂ ਤੇ ਪਿਆਂ ਦੀ, ਦਰਵਾਜ਼ੇ ਤੇ ਪਿਆਂ ਦੀ ਲਾਜ ਰੱਖ ਲਈ ਪ੍ਰਭੂ ਨੇ।

*ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*
*ਅੰਗ - 135*

ਕਹਿੰਦੇ ਸਾਰੇ ਹੀ ਸੁਖ ਹੁਣ ਮਿਲ ਗਏ। ਪਾਰਬ੍ਰਹਮ ਪ੍ਰਮੇਸ਼ਰ ਨੇ ਬਖਸ਼ ਦਿਤੇ। ਸੋ ਇਸ ਮਹੀਨੇ ਦੇ ਨਾਲ ਮਹਾਰਾਜ ਜੀ ਨੇ ਸਾਨੂੰ ਸਮਝਾਇਆ ਹੈ ਕਿ ਪਿਆਰਿਓ ਜਨਮ ਬਿਰਥਾ ਜਾ ਰਿਹਾ ਹੈ ਤੁਹਾਡਾ। ਵਾਹਿਗੁਰੂ ਪਿਆਰ ਨਾਲ ਮਿਲਦਾ ਹੈ, ਤੁਸੀਂ ਮਾਇਆ ਦੇ ਚੱਕਰਾਂ ਵਿਚ ਪੈ ਗਏ ਹੋਂ ਤੇ ਉਹਨੂੰ ਭੁੱਲੇ ਬੈਠੇ ਹੋਂ। ਜਨਮ ਲੰਘ ਜਾਣਾ ਹੈ, ਸਰੀਰ ਨੇ ਬਿਨਸ ਜਾਣਾ ਹੈ। ਮੁੜ ਕੇ ਹੱਥ ਨਹੀਂ ਆਉਣਾ ਇਹ। ਜਿਹੜੇ ਕੰਮ ਨੂੰ ਕਰਨ ਵਾਸਤੇ ਆਏ ਓਂ, ਕਰ ਲਓ। ਪਿਆਰ ਕਰਦਾ ਹੈ ਵਾਹਿਗੁਰੂ। ਪਿਆਰ ਨੂੰ ਹਿਰਦੇ ਵਿਚ ਵਸਾ ਲਓ। ਜੇ ਨਾਮਦੇਵ ਕੋਲੋਂ ਦੁੱਧ ਪੀ ਸਕਦਾ ਹੈ ਤਾਂ ਤੁਹਾਡੇ ਨਾਲ ਵੀ ਪਿਆਰ ਕਰ ਸਕਦਾ ਹੈ। ਪਰ ਸਾਡੇ ਪਿਆਰ ਵਿਚ ਖੋਟ ਹੈ, ਸ਼ੱਕ ਹੈ ਸਾਡੇ ਪਿਆਰ ਵਿਚ। ਪਹਿਲੀ ਗੱਲ ਤਾਂ ਵਾਹਿਗੂਰੂ ਵਿਚ ਧਿਆਨ ਹੀ ਨਹੀਂ। ਹੋਰ ਹੀ ਗੱਲਾਂ ਬਹੁਤ ਨੇ ਜਿਹੜੀਆਂ ਫਸਟ ਪ੍ਰਾਇਰਟੀ ਪਹਿਲ ਰਖਦੀਆਂ ਨੇ ਸਾਡੇ ਮਨ ਵਿਚ। ਜਿਹਦੇ ਮਨ ਵਿਚ ਵਾਹਿਗੁਰੂ ਦੀ ਅਸ ਚਾਹਨਾ ਹੈ ਨਾ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਉਹ ਤਾਂ ਟਿਕਦੇ ਹੀ ਨਹੀਂ। ਹਰ ਵਕਤ ਸਭ ਕੁਛ ਕੁਰਬਾਨ ਕਰਕੇ ਵੀ ਇਧਰ ਨੂੰ ਜਾਂਦੇ ਨੇ। ਸਾਨੂੰ ਤਾਂ ਦੁਨੀਆਂ ਪਿਆਰੀ ਲਗਦੀ ਹੈ ਜਿਹਨੂੰ ਛੱਡ ਜਾਣਾ ਹੈ। ਇਥੇ ਸਦਾ ਨਹੀਂ ਰਹਿਣਾ, ਇਹ ਛੱਡਣ ਵਾਲੀ ਚੀਜ਼ ਹੈ। ਸਭ ਨੇ ਜਾਣਾ ਹੈ, ਵੱਡੇ-ਵੱਡੇ ਇਥੋਂ ਚਲੇ ਗਏ ਨੇ ਅਸੀਂ ਫੇਰ ਉਹਨੂੰ ਸੱਚ ਮੰਨੀ ਬੈਠੇ ਹਾਂ। ਜਿਹੜੇ ਵਾਹਿਗੁਰੂ ਨੂੰ ਇਕ ਵਾਰੀ ਮਿਲ ਕੇ ਫੇਰ ਜਾਣਾ ਹੀ ਨਹੀਂ ਹੈ, ਹਮੇਸ਼ਾ ਹੀ ਉਥੇ ਰਹਿਣਾ ਹੈ, ਉਹਦੇ ਨਾਲ ਸਾਡੀ ਰੁਚੀ ਕੋਈ ਨਹੀਂ ਹੈ।

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*
*ਅੰਗ - 267*

ਵਾਹਿਗੁਰੂ ਕ੍ਰਿਪਾ ਕਰੇ ਸਾਨੂੰ ਸੋਝੀ ਦੇਵੇ, ਪਿਆਰ ਦੇਵੇ। ਕਿਉਂਕਿ ਬੇਅੰਤ ਪ੍ਰੇਮੀ ਤੁਰਦੇ ਨੇ ਸੰਸਕਾਰਾਂ ਦੇ ਬੰਨ੍ਹੇ ਹੋਏ ਲੇਕਿਨ ਰਾਹ ਵਿਚ ਫਸ ਜਾਂਦੇ ਨੇ। ਰਾਹ ਵਿਚ ਬੜਾ ਚਿੱਕੜ ਹੈ, ਬੜੀਆਂ ਚੀਜ਼ਾਂ ਨੇ, ਰਿੱਧੀਆਂ ਨੇ, ਸਿੱਧੀਆਂ ਨੇ, ਮਾਨਤਾ ਹੈ, ਆਪਣੀ ਅਕਲ ਉਤੇ ਰੱਖਦੇ ਨੇ। ਵਾਹਿਗੁਰੂ ਦੇ ਹੁਕਮ ਵਿਚ ਨਹੀਂ ਵਰਤਦੇ। ਸੋ ਉਹਦੇ ਨਾਲ ਕੀ ਹੁੰਦਾ ਹੈ ਕਿ ਮਾਇਆ ਦਾ ਜਾਲ ਉਸੇ ਵੇਲੇ ਪੈ ਜਾਂਦਾ ਹੈ। ਉਹ ਤਾਂ ਜਿਹੜਾ ਸੁਚੇਤ ਰਹੇ, ਕਹਿੰਦੇ ਨੇ ਜੇ ਪਾਤਣੀ ਸੁਚੇਤ ਹੋਵੇ ਤਾਂ ਖੱਪਰਾਂ ਤੋਂ ਕਿਸ਼ਤੀ ਬਚਾ ਲੈਂਦਾ ਹੈ। ਜੇ ਨਾ ਹੋਵੇ ਤਾਂ ਉਹ ਗੇੜਾ ਖਾਣ ਲਗ ਜਾਂਦੀ ਹੈ। ਉਥੇ ਡੁੱਬ ਜਾਂਦੀ ਹੈ ਭਰ ਕੇ। ਚਾਹੇ ਸਫਰ ਥੋੜ੍ਹਾ ਜਿਹਾ ਹੀ ਰਹਿ ਗਿਆ, ਦਰਿਆ ਇਕ ਮੀਲ ਚੌੜਾ ਹੈ, ਸਭ ਲੰਘ ਆਏ ਤੇ ਸਿਰਫ ਪੰਜ ਸੱਤ ਗਜ਼ ਰਹਿ ਗਿਆ, ਉਥੇ ਹੀ ਜੇ ਭੰਵਰ 'ਚ ਫਸ ਗਈ ਤਾਂ ਡੁੱਬ ਜਾਏਗੀ। ਸੁਚੇਤ ਹੋ ਕੇ ਚੱਲਣ ਦਾ ਰਾਹ ਹੈ। ਪਿਆਰ ਕਰੋ ਵਾਹਿਗੁਰੂ ਨੂੰ। ਬਾਕੀ ਜਿਹੜੀਆਂ ਚੀਜ਼ਾਂ ਦੇ ਵਿਚ ਪਿਆ ਹੋਇਆ ਹੈਂ ਇਹ ਤਾਂ ਧੂੰਏਂ ਦਾ ਪਹਾੜ ਹੈ, ਇਹ ਸਤਿ ਨਹੀਂ ਹਨ। ਇਹ ਆਉਂਦੀਆਂ-ਜਾਂਦੀਆਂ ਨੇ, ਚਮਤਕਾਰੇ ਦਿਖਾਉਂਦੀ ਹੈ ਮਾਇਆ, ਜਿਵੇਂ ਬਿਜਲੀ ਚਮਕਦੀ ਹੈ ਐਵੇਂ ਚਕਾਚੂੰਦ ਕਰਦੀ ਹੈ ਸਾਨੂੰ। ਅਸੀਂ ਸਾਰੇ ਫਸੇ ਬੈਠੇ ਹਾਂ। ਨਿਕਲੋ ਹਿੰਮਤ ਕਰਕੇ, ਬੰਦਗੀ ਕਰੋ, ਨਾਮ ਜਪੋ, ਆਪਣੇ ਜੀਵਨ ਨੂੰ ਸੁਧਾਰੋ। ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਸਤਿਕਾਰ ਹੈ ਹਿਰਦੇ 'ਚ ਉਹ ਬਹੁਤੇ ਮੱਥੇ ਟੇਕਣ ਨਾਲ ਸਬੰਧ ਨਹੀਂ ਰੱਖਦਾ। ਬਾਣੀ ਦਾ ਆਦਰ ਕਰੋ, ਬਾਣੀ ਨੂੰ ਹਿਰਦੇ ਵਿਚ ਵਸਾਓ,

(ਬਾਕੀ ਪੰਨਾ 20 ਤੇ)

# ਸੰਪਾਦਕੀ

***ਡਾ. ਜਗਜੀਤ ਸਿੰਘ***

ਪਿਆਰੇ ਪਾਠਕੋ! ਅਸੀਂ ਪਿਛਲੇ ਮਹੀਨੇ ਅਕਤੂਬਰ 30,31 ਅਤੇ ਨਵੰਬਰ 1,2 2004 ਨੂੰ ਆਤਮ ਮਾਰਗ ਦੇ ਸੰਚਾਲਕ ਅਤੇ ਲੱਖਾਂ ਜਗਿਆਸੂਆਂ ਨੂੰ ਗੁਰਮਤਿ ਦਾ ਮਾਰਗ ਦਰਸ਼ਨ ਕਰਨ ਵਾਲੇ ਮਹਾਂਪੁਰਸ਼ਾਂ ਦੀ ਤੀਜੀ ਬਰਸੀ ਦੇ ਸੰਬੰਧ ਵਿਚ ਚਾਰ ਦਿਨਾ ਦਾ ਗੁਰਮਤਿ ਸਮਾਗਮ ਸੰਪੰਨ ਕਰ ਆਏ ਹਾਂ ਜਿਸ ਵਿਚ ਦੇਸ਼ ਵਿਦੇਸ਼ਾਂ ਤੋਂ ਆਏ ਹਜ਼ਾਰਾਂ ਪ੍ਰੇਮੀਆਂ ਨੇ ਆਪਣੇ ਪਿਆਰੇ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਅਨੇਕਾਂ ਵਿਦਵਾਨਾਂ, ਸੰਤਾਂ, ਮਹਾਤਮਾਵਾਂ ਅਤੇ ਅਨੁਭਵੀ ਪੁਰਸ਼ਾ ਨੇ ਮਹਾਂਪੁਰਸ਼ਾਂ ਦੇ ਉਚੇ ਸੁੱਚੇ ਪ੍ਰਭੂ ਪਿਆਰ ਵਾਲੇ ਅਤੇ ਪਰਉਪਕਾਰੀ ਜੀਵਨ ਦੀਆਂ ਬਾਤਾਂ ਸੰਗਤ ਨਾਲ ਸਾਂਝੀਆਂ ਕੀਤੀਆਂ ਜਿਨ੍ਹਾਂ ਦਾ ਕੁਝ ਵੇਰਵਾ ਇਸ ਮਹੀਨੇ ਦੇ ਮੈਗਜ਼ੀਨ ਵਿਚ ਫੋਟੋਆਂ ਸਣੇ ਛਾਪਿਆ ਜਾ ਰਿਹਾ ਹੈ ਤਾਂਕਿ ਸਾਰੇ ਪ੍ਰੇਮੀ ਸਮਾਗਮ ਨਾਲ ਦੋਬਾਰਾ ਸਾਂਝ ਪਾ ਕੇ ਮਹਾਂਪੁਰਸ਼ਾਂ ਦੀ ਯਾਦ ਨੂੰ ਤਾਜ਼ਾ ਕਰ ਸਕਣ। ਮਹਾਂਪੁਰਸ਼ਾਂ ਦੀ ਵਡਿਆਈ ਉਨ੍ਹਾਂ ਦੇ ਉੱਚੇ ਅਧਿਆਤਮਕ ਅਨੁਭਵ ਕਰਕੇ ਹੁੰਦੀ ਹੈ। ਸੰਸਾਰ ਦੀ ਵੱਡੀ ਗਿਣਤੀ ਆਤਮਕ ਹੋਂਦ ਦੇ ਅਨੁਭਵ ਤੋਂ ਖਾਲੀ ਹੈ ਅਤੇ ਜੋ ਆਪਣੇ ਆਪ ਨੂੰ ਆਸਤਿਕ ਤੇ ਧਾਰਮਿਕ ਸਮਝਦੇ ਹਨ, ਉਹ ਵੀ ਬਹੁਤ ਕਰਕੇ ਤਿੰਨਾ ਗੁਣਾਂ ਵਿਚ ਹੀ ਵਿਚਰਦੇ ਹਨ, ਚੌਥੇ ਪੱਦ ਦੀ ਸਾਰ ਨਹੀਂ ਜਾਣਦੇ। ਉਨ੍ਹਾਂ ਵਿਚ ਨਾ ਵਿਵੇਕ (ਦੀਜੈ ਬੁਧਿ ਬਬੇਕਾ) ਹੁੰਦਾ ਹੈ ਜਿਸ ਨਾਲ ਸਤਿ ਵਸਤੂ ਦੀ ਪਛਾਣ ਕਰਕੇ ਅਸਤਿ ਨਾਲੋਂ ਨਖੇੜ ਕਰੀਦਾ ਹੈ, ਨਾ ਵੈਰਾਗ ਹੁੰਦਾ ਹੈ ਜਿਸ ਨਾਲ ਅਸਤਿ ਵਸਤੂਆਂ ਦਾ ਤਿਆਗ ਕਰਕੇ ਸਤਿ ਦਾ ਗ੍ਰਹਿਣ ਕਰਨ ਲਈ ਯਤਨਸ਼ੀਲ ਹੋਈਦਾ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਸਾਰਾ ਸੰਸਾਰ ਤਿੰਨਾਂ ਗੁਣਾਂ ਵਿਚ ਸੁੱਤਾ ਪਿਆ ਹੈ, ਤੱਤ ਦੀ ਸਾਰ ਨਹੀਂ ਜਾਣਦਾ, ਸੁਤਿਆਂ (ਅਗਿਆਨਤਾ ਵਿਚ) ਹੀ ਉਨ੍ਹਾਂ ਦੀ ਆਯੂ ਬੀਤ ਜਾਂਦੀ ਹੈ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***

***ਅੰਗ - 920***

ਗੁਰੂ ਕ੍ਰਿਪਾ ਸਦਕਾ ਮਹਾਂਪੁਰਸ਼ ਜਾਗੇ ਹੋਏ ਇਨਸਾਨ ਸਨ ਅਤੇ ਉਨ੍ਹਾਂ ਨੇ ਪ੍ਰਵਚਨਾਂ ਰਾਹੀਂ ਲੱਖਾਂ ਹੀ ਸੁਤਿਆਂ ਹੋਇਆ ਦੀਪਕਾਂ ਨੂੰ ਜਗਾਇਆ, ਇਹੋ ਉਨ੍ਹਾਂ ਦੀ ਵਡਿਆਈ ਹੈ।

ਦਸੰਬਰ ਦਾ ਮਹੀਨਾ ਸ਼ਹੀਦੀਆਂ ਦਾ ਮਹੀਨਾ ਹੈ। ਦਸੰਬਰ 1704 ਅੱਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੋਹ ਦੇ ਮਹੀਨੇ ਹੀ ਮੁਗਲ ਹਾਕਮਾਂ ਦੀਆਂ ਕੁਰਾਨ ਸ਼ਰੀਫ ਦੀਆਂ (ਝੂਠੀਆਂ) ਕਸਮਾਂ ਅਤੇ ਪਹਾੜੀ ਰਾਜਿਆਂ ਦੀਆਂ ਗਊ ਅਤੇ ਗੀਤਾ ਦੀਆਂ (ਝੂਠੀਆਂ) ਸਹੁਆਂ ਦੀ ਲਾਜ ਰਖਦਿਆਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ ਸੀ। ਜਰਵਾਣਿਆਂ ਦੀਆਂ ਬਦਨੀਤੀਆਂ ਕਾਰਨ ਅਨੇਕ ਸਿੰਘਾਂ ਨੂੰ ਜਾਨਾਂ ਵਾਰਨੀਆਂ ਪਈਆਂ, ਪਰਿਵਾਰ ਵਿਛੋੜਾ ਹੋਇਆ। ਛੋਟੇ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਨੂੰ ਗੁਰੂ ਘਰ ਦਾ ਰਸੋਈਆ ਆਪਣੇ ਘਰ ਲੈ ਗਿਆ। ਉਸ ਅਕਿਰਤਘਣ ਨੇ ਲਾਲਚ ਵਿਚ ਆ ਕੇ ਦਗ਼ਾ ਕੀਤਾ ਤੇ ਮੁਰਿੰਡੇ ਦੇ ਥਾਣੇਦਾਰ ਪਾਸ ਕੈਦ ਕਰਵਾ ਦਿਤਾ। ਆਖਰ ਪੰਜ ਅਤੇ ਸੱਤ ਸਾਲ ਦੇ ਇਹ ਮਾਸੂਮ ਪਰ ਦਲੇਰ ਬੱਚੇ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਚੀ ਆਤਮਕ ਅਵਸਥਾ ਵਿਚ ਵਿਚਰਦੀਆਂ ਇਹਨਾਂ ਪਾਕ ਰੂਹਾਂ ਨੇ ਵੱਡੇ ਵੱਡੇ ਹਾਕਮਾਂ ਤੇ ਮੌਲਵੀਆਂ ਨੂੰ ਲਾਜਵਾਬ ਕਰ ਦਿੱਤਾ। ਡਰ ਅਤੇ ਸ਼ਰਮਿੰਦਗੀ ਵਿਚ ਡੁੱਬੇ ਸੂਬਾ ਸਰਹੰਦ ਨੇ ਇਨ੍ਹਾਂ ਨੂੰ ਨੀਹਾਂ ਵਿਚ ਚਣਾਂ ਕੇ ਸ਼ਹੀਦ ਕਰ ਦਿੱਤਾ। ਬਾਬਾ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਜੈਸੀ ਕੁਰਬਾਨੀ ਦੀ ਮਿਸਾਲ ਸੰਸਾਰ ਵਿਚ ਦੁਰਲੱਭ ਹੈ। ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਚਮਕੌਰ ਦੇ ਯੁੱਧ ਵਿਚ ਲੱਖਾਂ ਜਰਵਾਣਿਆਂ ਨਾਲ ਜੂਝਦੇ ਸ਼ਹੀਦੀ ਨੂੰ ਪ੍ਰਾਪਤ ਹੋਏ। ਇਨ੍ਹਾਂ ਮਹਾਨ ਸ਼ਹੀਦੀਆਂ ਨੇ ਇਤਿਹਾਸ ਦਾ ਰੁੱਖ ਬਦਲਿਆ, ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਹਜ਼ਾਰਾਂ ਸਿੰਘਾਂ ਤੇ ਪੰਜਾਬ ਦੇ ਸੂਰਬੀਰਾਂ ਨੇ ਰਲ ਕੇ ਸਰਹੰਦ ਨੂੰ ਤਬਾਹ ਕਰ ਦਿੱਤਾ ਅਤੇ ਉਪਰੰਤ ਇਹ ਲੜਾਈ ਸੌ ਸਾਲ ਤਕ ਜਾਰੀ ਰਹੀ, ਅੰਤ ਮੁਗਲ ਸਲਤਨਤ ਦਾ ਖਾਤਮਾ ਹੋ ਗਿਆ ਤੇ ਦਰਾਖੈਬਰ ਤਕ ਸਿਖ ਰਾਜ ਦਾ ਡੰਕਾ ਵਜਿਆ।

ਅੱਜ ਫਤਿਹਗੜ ਸਾਹਿਬ ਅਤੇ ਚਮਕੌਰ ਸਾਹਿਬ ਮਹਾਨ ਇਤਿਹਾਸਕ ਸਥਾਨ ਲੱਖਾਂ ਪ੍ਰਾਣੀਆਂ ਦੀ ਅਕੀਦਤ ਦੇ ਪਵਿੱਤਰ ਤੀਰਥ ਬਣ ਗਏ ਹਨ। ਇਕ ਮੁਸਲਮਾਨ ਲਿਖਾਰੀ ਅੱਲਾਯਾਰ ਖਾਨ ਨੇ ਠੀਕ ਹੀ ਲਿਖਿਆ ਹੈ -

***ਬਸ ਏਕ ਹਿੰਦ ਮੇ ਤੀਰਥ ਹੈ, ਯਾਤਰਾ ਕੇ ਲੀਏ,***
***ਕਟਾਏ ਬਾਪ ਨੇ ਬੱਚੇ ਯਹਾਂ, ਖੁਦਾ ਕੇ ਲੀਏ।***

ਐਸੀਆਂ ਮਹਾਨ ਪਵਿੱਤਰ ਰੂਹਾਂ ਦਾ 300 ਸਾਲਾ ਸ਼ਹੀਦੀ ਦਿਵਸ ਸਾਰੇ ਸੰਸਾਰ ਲਈ ਇਕ ਸੁਨੇਹਾ ਹੈ ਕਿ ਜ਼ੁਲਮ ਕਮਾਣ ਵਾਲਿਆਂ ਨੂੰ ਮਨੁੱਖਤਾ ਕਦੇ ਮਾਫ ਨਹੀਂ ਕਰਦੀ ਅਤੇ ਸੱਚ ਲਈ ਕੁਰਬਾਨ ਹੋਣ ਵਾਲਿਆਂ ਨੂੰ ਕਦੇ ਭੁਲਦੀ ਨਹੀਂ।

ਇਸ ਉਪਲਕਸ਼ ਵਿਚ ਅਸੀਂ 'ਨਿਕੀਆਂ ਜਿੰਦਾਂ ਵੱਡੇ ਸਾਕੇ' ਲੇਖ ਫੋਟੋਆਂ ਸਣੇ ਛਾਪ ਰਹੇ ਹਾਂ ਤਾਂਕਿ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਇਨ੍ਹਾਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਕੇ ਆਪਣੇ ਮਹਾਨ ਵਿਰਸੇ ਦੇ ਸੱਚੇ ਵਾਰਸ ਬਣ ਸਕਣ। ਮਹਾਂਪੁਰਸ਼ਾਂ ਦੀ ਪੁਸਤਕ 'ਅਮਰ ਜੋਤਾਂ' ਅੰਗ੍ਰੇਜੀ, ਪੰਜਾਬੀ, ਹਿੰਦੀ ਵਿਚ ਉਪਲਬਧ ਹੈ ਜੋ ਸਭਨਾਂ ਲਈ ਅਮੋਲਕ ਵਸਤੂ ਹੈ, ਇਹ ਪੁਸਤਕ ਵੀ ਰਤਵਾੜਾ ਸਾਹਿਬ ਤੋਂ ਮੰਗਵਾ ਕੇ ਆਪ ਪੜ੍ਹੋ, ਹੋਰਨਾਂ ਨੂੰ ਪੜ੍ਹਾਉ। ਇੰਨ੍ਹਾਂ ਮਹਾਨ ਕੁਰਬਾਨੀਆਂ ਤੋਂ ਬਲਿਹਾਰੇ ਜਾਈਏ, ਪ੍ਰਣਾਮ! ਲਖ ਲਖ ਵਾਰੀ ਪ੍ਰਣਾਮ!!

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

## ਹੁਕਮਨਾਮਾ

**ਸੋਰਠਿ ਮਹਲਾ ੫ ਘਰੁ ੨ ਅਸਟਪਦੀਆ**

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥*
*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥੨॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥੪॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥੫॥*
*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥*
*ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥੬॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥੭॥*
*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥*
*ਤੇਰੋ ਸੇਵਕੁ ਇਹ ਰੰਗਿ ਮਾਤਾ॥*
*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ*
*ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥੧॥੩॥*

*ਅੰਗ - 642*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਏਸ ਕਲਿਯੁਗ ਦੇ ਸਮੇਂ ਦੇ ਅੰਦਰ, ਜਦੋਂ ਕੋਈ ਰਸਤਾ ਨਹੀਂ ਦਿਸਦਾ, ਅੰਧ ਗੁਬਾਰ ਮਚਿਆ ਪਿਆ ਹੈ, ਆਪਣੇ ਆਪਣੇ ਖਿਆਲ, ਆਪਣੀ ਆਪਣੀ ਸੋਚ, ਉਸ ਵੇਲੇ ਆਪ ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਸਦਕੇ ਅੰਮ੍ਰਿਤ ਵੇਲਾ ਸੰਭਾਲਣ ਵਾਸਤੇ ਜਿਸਨੂੰ ਬ੍ਰਹਮ ਮਹੂਰਤ ਆਖਿਆ ਜਾਂਦਾ ਹੈ, ਗੁਰੂ ਮਹਾਰਾਜ ਜੀ ਦੀ ਹਜੂਰੀ ਵਿਚ ਸੁਸ਼ੋਭਤ ਹੁੰਦੇ ਹੋ। ਜਿੰਨਾ ਚਿਰ ਕਿਰਪਾ ਨਾ ਹੋਵੇ, ਓਨੀ ਦੇਰ ਤੱਕ ਸਤਿਸੰਗ ਨਹੀਂ ਮਿਲਿਆ ਕਰਦਾ। ਪੂਰੇ ਭਾਗ ਜਾਗਣ ਫੇਰ ਜਾ ਕੇ ਦੋ ਚੀਜ਼ਾਂ ਮਿਲਦੀਆਂ ਹਨ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*

*ਅੰਗ - 642*

ਹਰੀ ਦਾ ਕੀਰਤਨ ਤੇ ਸਾਧੂਆਂ ਦੀ ਸੰਗਤ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* *ਅੰਗ - 642*

ਮਿਲਦਾ ਉਸ ਨੂੰ ਹੈ ਜਿਸ ਦਾ ਕੋਈ ਪੁੰਨ ਕਰਮ ਜਾਗ ਪਿਆ ਹੋਵੇ ਕਿਉਂਕਿ ਇਸ ਵਾਸਤੇ ਇਸ ਨੂੰ ਕਹਿੰਦੇ ਨੇ ਕਿ ਪਹਿਲੇ ਜੁਗਾਂ ਦੇ ਅੰਦਰ ਜੋ ਬੀਜਿਆ ਜਾਂਦਾ ਸੀ ਉਸ ਖੇਤੀ ਨੂੰ ਫਲ ਘਟ ਲਗਦਾ ਸੀ। ਜਿਵੇਂ ਦੋਗਲੀਆਂ ਕਿਸਮਾਂ ਨੇ ਕਿੰਨੇ ਕਿੰਨੇ ਗੁਣਾ ਜਿਆਦਾ ਉਨ੍ਹਾਂ ਦਾ ਝਾੜ ਵਧ ਗਿਆ। ਇਵੇਂ ਹੀ ਜੁਗਾਂ ਦੇ ਹਿਸਾਬ ਨਾਲ ਕਰਮ ਨੇ।

ਸਤਿਜੁਗ ਦੇ ਅੰਦਰ 10,000 ਸਾਲ ਕੋਈ ਤਪਸਿਆ ਕਰਦਾ ਹੈ, ਧੂਣੀਆਂ ਤਾਪਦਾ ਹੈ, ਘਰ ਬਾਰ ਛਡ ਕੇ ਜੰਗਲਾਂ ’ਚ ਰਹਿੰਦਾ ਹੈ, ਪੁੱਠਾ ਲਟਕਦਾ ਹੈ, ਭੁੱਖਾ ਰਹਿੰਦਾ ਹੈ। ਉਹ ਤ੍ਰੇਤੇ ਜੁਗ ਦੀ 1000 ਸਾਲ ਦੀ ਤਪਸਿਆ ਦੇ ਬਰਾਬਰ ਹੋਇਆ ਕਰਦਾ ਹੈ। ਤ੍ਰੇਤੇ ਜੁਗ ਦੀ 1000 ਸਾਲ ਦੀ ਤਪਸਿਆ ਦੁਆਪਰ ਦੇ 100 ਸਾਲ ਦੀ ਤਪਸਿਆ ਦੇ ਬਰਾਬਰ ਹੁੰਦੀ ਹੈ। ਦੁਆਪਰ ਦਾ 100 ਸਾਲ, ਤ੍ਰੇਤੇ ਦਾ 1000 ਸਾਲ ਤੇ ਸਤਿਜੁਗ ਦਾ 10,000 ਸਾਲ ਕਲਜੁਗ ਦੇ ਵਿਚ ਕੇਵਲ ਦੋ ਘੜੀਆ ਸਤਿਸੰਗ ਕਰਨ ਦੇ ਬਰਾਬਰ ਹੋਇਆ ਕਰਦਾ ਹੈ। ਇਹ ਤੱਤ ਸਾਰਿਆਂ ਮੱਤਾਂ ਨੇ ਪੂਰੀ ਤਰ੍ਹਾਂ ਖੋਜ ਖੋਜ ਕੇ ਕੱਢਿਆ ਹੈ।

ਸੋ ਕਲਿਜੁਗ ਦੇ ਅੰਦਰ ਸਤਿਸੰਗ ਪ੍ਰਾਪਤ ਹੋ ਜਾਣਾ ਇਕ ਵੱਡੇ ਭਾਗਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ। ਆਪ ਸਾਰੇ ਬੈਠੇ ਹੋ ਤੇ ਜੋ ਆਪ ਸਭ ਨੇ ਮਹਾਰਾਜ ਜੀ ਦਾ ਫੁਰਮਾਨ ਸੁਣਿਆ ਹੈ। ਉਹ ਸਾਡੇ ਜੀਵਾਂ ਦੇ ਉਧਾਰ ਕਰਨ ਵਾਸਤੇ ਮਹਾਰਾਜ ਜੀ ਨੇ ਰਸਤਾ ਦੱਸਿਆ ਹੈ ਕਿ ਜੇ ਪਾਠ ਹੀ ਪੜ੍ਹੀ ਜਾਵੇ, ਧਰਮ ਗ੍ਰੰਥਾਂ ਦੀ ਵਿਚਾਰ ਹੀ ਕਰੀ ਜਾਵੇ ਤੇ ਬਾਕੀ ਜਿਹੜੇ ਔਖੇ ਕਰਮ ਨੇ – ਨਿਉਲੀ ਹੈ, ਭੁਯੰਗਮ ਹੈ, ਰੇਚਕ ਹੈ, ਪੂਰਕ ਹੈ, ਕੁੰਭਕ ਹੈ ਇਨ੍ਹਾਂ ਨੂੰ ਅੱਜ ਦਾ ਕੋਈ ਬੰਦਾ ਨਹੀਂ ਕਰ

ਸਕਦਾ। ਬਹੁਤ ਮੁਸ਼ਕਲ ਹੈ, ਪੂਰਨ ਤੌਰ ਤੇ ਤੰਦਰੁਸਤੀ ਹੋਵੇ, ਸਰੀਰ ਦੇ ਵਿਚ ਪੂਰਨ ਬ੍ਰਹਮਚਰੀਯ ਹੋਵੇ, ਫਿਕਰ ਕੋਈ ਨਾ ਹੋਵੇ, ਦਿਮਾਗ ਪੂਰਨ ਤੌਰ ਤੇ ਤੰਦਰੁਸਤ ਤੇ ਤਾਕਤਵਰ ਹੋਵੇ। ਉਹ ਇਕ ਹਜ਼ਾਰ ਬੰਦਾ ਜੇ ਕਰਨ ਲੱਗੇ ਤਾਂ ਸ਼ਾਇਦ ਇਕ ਬੰਦਾ ਅੱਗੇ ਲੰਘ ਸਕਦਾ ਹੈ। ਨਿਉਲੀ ਕਰਮਾਂ ਵਿਚ ਨਿਉਲੀ ਹੈ, ਧੋਤੀ ਹੈ, ਬਸਤੀ ਹੈ ਇਹੋ ਜਿਹੇ ਕਰਮ ਹੋਇਆ ਕਰਦੇ ਨੇ, ਇਹ ਬੜੇ ਔਖੇ ਨੇ। ਜੇ ਮੈਂ ਬੇਨਤੀ ਕਰਾਂ ਤਾਂ ਪਤਾ ਲੱਗ ਜਾਏਗਾ ਕਿ ਧੋਤੀ ਜੋ ਹੁੰਦੀ ਹੈ ਉਹ 15 ਹੱਥ ਦਾ ਕੱਪੜਾ ਹੁੰਦਾ ਹੈ, ਸਾਢੇ ਬਾਈ ਫੁੱਟ ਦਾ, ਉਹ 4 ਉਂਗਲ ਚੌੜਾ ਹੁੰਦਾ ਹੈ। ਉਸ ਨੂੰ ਉਂਗਲੀ ਦੀ ਮਦਦ ਨਾਲ ਅੰਦਰ ਨਿੰਘਾਰੀ ਜਾਣਾ ਹੈ ਸਾਰਾ ਨਿੰਘਾਰ ਕੇ ਫੇਰ ਬਾਹਰ ਖਿੱਚ ਲੈਣਾ ਹੈ। ਇਸ ਤਰ੍ਹਾਂ ਮਿਹਦੇ ਨੂੰ ਸਾਫ ਕਰਦੇ ਹਾਂ ਫੇਰ ਨਿੰਘਾਰਨਾ ਹੈ ਜਦੋਂ ਤੱਕ ਬਿਲਕੁਲ ਸਾਫ ਨਹੀਂ ਹੁੰਦਾ ਉਨੀ ਦੇਰ ਤੱਕ ਨਹੀਂ ਹਟਣਾ। ਇਸੇ ਤਰ੍ਹਾਂ ਦੇ ਇਹ ਬੜੇ ਔਖੇ ਕਰਮ ਨੇ। ਧੌਂਕਣੀ ਵਾਂਗ ਸਰੀਰ ਫੇਰਨਾ, ਜੀਭ ਨੂੰ ਲੰਮਾ ਕਰਕੇ ਅੱਖਾਂ ਤੱਕ ਲੈ ਜਾਣਾ, ਇਸ ਨੂੰ ਫੇਰ ਮੋੜ ਕੇ ਗਲ ਦੇ ਵਿਚ ਦੇਣਾ ਤੇ ਸੁਆਸਾਂ ਨੂੰ ਰੋਕ ਲੈਣਾ, ਅੰਦਰ ਗਰਮੀ ਪੈਦਾ ਕਰਕੇ ਚੱਕਰਾਂ ਨੂੰ ਵਿਨੰਣਾ, 6 ਚੱਕਰਾਂ ਨੂੰ, ਉਸ ਤੋਂ ਬਾਅਦ ਭੁਜੰਗਾ ਨਾੜੀ ਦਾ ਮੂੰਹ ਖੋਲ੍ਹਣਾ ਤੇ ਕੁੰਡਲਨੀ ਜਗਾਉਣੀ ਫੇਰ ਦਸਵੇਂ ਦੁਆਰ ਵਿਚ ਪਹੁੰਚਣਾ। ਇਹ ਬੜੀ ਮੁਸ਼ਕਲ ਬਾਤ ਹੈ। ਸਾਨੂੰ ਤਾਂ ਸਤਿਸੰਗ ਦਾ ਵਿਹਲ ਨਹੀਂ ਇਸ ਦੇ ਵਾਸਤੇ ਲਗਾਤਾਰ ਸਾਲਾਂ ਦੀ ਮਿਹਨਤ ਚਾਹੀਦੀ ਹੈ, ਲਗਾਤਾਰ ਇਕਾਂਤ ਥਾਂ ਚਾਹੀਦਾ ਹੈ, ਕਿਸੇ ਪਹਾੜ ਦੇ ਵਿਚ ਜਿਥੇ ਕੋਈ ਪਹੁੰਚ ਨਾ ਸਕਦਾ ਹੋਵੇ। ਖਾਣ ਪੀਣ ਦਾ ਬੰਦੋਬਸਤ ਸਹੀ ਚਾਹੀਦਾ ਹੈ, ਬਹੁਤ ਪੌਸਟਿਕ ਖੁਰਾਕਾਂ ਚਾਹੀਦੀਆਂ ਨੇ ਤਾਂ ਕਿਤੇ ਜਾ ਕੇ ਕੋਈ ਕੋਈ ਭਾਗਾਂ ਵਾਲਾ ਬੰਦਾ ਹੈ ਜਿਹੜਾ ਦਸਵੇਂ ਦੁਆਰ ਵਿਚ ਪਹੁੰਚ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਇਹ ਵੀ ਅਸੀਂ ਕਰਕੇ ਦੇਖੇ। ਦਸਵੇਂ ਦੁਆਰ ਵਿਚ ਵੀ ਜੇ ਨਾਮ ਤੋਂ ਬਗੈਰ ਪਹੁੰਚੇ ਤਾਂ ਮਨ ਨਿਰਮਲ ਨਹੀਂ ਹੋਇਆ ਕਰਦਾ। ਉਹ ਇਕ ਦਰਵਾਜਾ ਹੀ ਹੈ ਬੱਸ ਜਿਵੇਂ ਨੌ ਦਰਵਾਜੇ ਨੇ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*

*ਅੰਗ - 954*

ਉਸ ਗੁਪਤ ਦਰਵਾਜੇ ਤੇ ਜੇ ਪਹੁੰਚ ਜਾਂਦਾ ਹੈ ਤੇ ਨਾਮ ਦੀ ਮਦਦ ਨਹੀਂ ਹੈ ਤਾਂ ਮਹਾਰਾਜ ਕਹਿੰਦੇ ਕਿ ਬਗੈਰ ਨਾਮ ਤੋਂ ਮਨ ਮੈਲਾ ਰਹਿ ਜਾਂਦਾ ਹੈ। ਮਨ ਨੂੰ ਸਿਧਾਉਣ ਵਾਸਤੇ, ਮਨ ਦੀ ਮੈਲ ਕੱਢਣ ਵਾਸਤੇ ਇਕੋ ਹੀ ਸਾਧਨ ਹੈ ਕਿ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਜਦੋਂ ਤੱਕ ਨਾਮ ਦਾ ਪਿਆਰ ਹਿਰਦੇ ਵਿਚ ਉਤਪੰਨ ਨਹੀਂ ਹੁੰਦਾ ਓਨੀ ਦੇਰ ਤੱਕ ਮਨ ਨਿਰਮਲ ਨਹੀਂ ਹੁੰਦਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਕਿ ਇਹ ਰਸਤਾ ਅਸੀਂ ਦੇਖ ਲਿਆ ਕਰਕੇ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥*

*ਅੰਗ - 641*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਮੀ ਦੇ ਖ਼ੂਨ ਦੇ ਵਿਚ ਨੇ, ਇਹ ਪ੍ਰਮੇਸ਼ਰ ਵਲੋਂ ਪੈਦਾ ਕੀਤੇ ਗਏ। ਇਨ੍ਹਾਂ ਨੂੰ ਮਾਰਨ ਵਾਲਾ ਦੁਨੀਆਂ ਵਿਚ ਕੋਈ ਨਹੀਂ ਆਇਆ। ਜਿਨ੍ਹਾਂ ਨੇ ਵੱਡੇ ਵੱਡੇ ਦਾਅਵੇ ਕੀਤੇ ਕਿ ਅਸੀਂ ਮਾਰ ਲਵਾਂਗੇ, ਅਸੀਂ ਮਨ ਨੂੰ ਜਿਤ ਲਵਾਂਗੇ ਪਰ ਕੋਈ ਨਹੀਂ ਪੈਦਾ ਹੋਇਆ ਜਿਸ ਨੇ ਮਨ ਜਿਤਿਆ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਇਕ ਰਾਜੇ ਦੀ ਕਥਾ ਦਸਦੇ ਨੇ ਜਿਸ ਦਾ ਨਾਮ ਪਾਰਸਨਾਥ ਸੀ। ਕਹਿੰਦੇ ਉਸ ਨੇ ਦੁਨੀਆਂ ਸਾਰੀ ਜਿੱਤ ਲਈ। ਜਿਥੇ ਤੱਕ ਦੁਨੀਆਂ ਵਿਚ ਕੋਈ ਸੀ ਰਹਿਣ ਵਾਲਾ ਰਾਜਾ ਤਾਂ ਉਸ ਨੇ ਕੈਦ ਕਰ ਲਿਆ ਤੇ ਉਸ ਦੀ ਕੈਦ ਵਿਚ ਇਕ ਲੱਖ ਤੋਂ ਉਤੇ ਰਾਜੇ ਕੈਦ ਹੋ ਚੁੱਕੇ ਸਨ। ਉਸ ਨੇ ਆਪਣੇ ਮੁੱਖ ਮੰਤਰੀ ਨੂੰ ਬੁਲਾਇਆ।

ਕਹਿਣ ਲੱਗਿਆ, "ਵਜੀਰ ਸਾਹਿਬ! ਮੈਂ ਹੁਣ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ।"

ਉਸ ਯੱਗ ਵਿਚ ਇਹ ਹੁੰਦਾ ਸੀ ਕਿ ਰਾਜੇ ਦੀ ਬਲੀ ਦੇ ਦਿੰਦੇ ਸੀ ਤੇ ਯੱਗ ਕਰਨ ਤੋਂ ਬਾਅਦ ਉਸਦਾ ਫਲ ਪ੍ਰਾਪਤ ਕਰਕੇ ਉਸ ਨੂੰ ਜੀਉਂਦਾ ਕਰ ਲੈਂਦੇ ਸੀ, ਘੋੜੇ ਦੀ ਬਲੀ ਦਿੰਦੇ ਸੀ ਤਾਂ ਘੋੜੇ ਨੂੰ ਜੀਉਂਦਾ ਕਰ ਲੈਂਦੇ ਸੀ, ਗਉਮੇਧ ਯੱਗ ਵਿਚ ਗਊ ਦੀ ਬਲੀ ਦੇ ਦਿੰਦੇ ਸੀ।

ਸੋ ਉਹ ਕਹਿਣ ਲੱਗਿਆ, "ਮੈਂ ਇਹ ਯੱਗ (ਰਾਜਮੇਧ) ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਸ਼ਰਤ ਪੂਰੀ ਕਰ ਲਈ ਹੈ ਤੇ ਇਕ ਲੱਖ ਰਾਜਾ ਮੇਰੀ ਕੈਦ ਵਿਚ ਹੈ।"

ਉਹ ਕਹਿੰਦਾ, "ਮਹਾਰਾਜ! ਅਜੇ ਤਾਂ ਇਕ ਰਾਜਾ ਰਹਿੰਦਾ ਹੈ ਜੋ ਬਹੁਤ ਵੱਡੀ ਸ਼ਕਤੀ ਵਾਲਾ ਹੈ। ਉਹ ਤੁਸੀਂ ਅਜੇ ਜਿਤਿਆ ਨਹੀਂ ਹੈ।"

ਰਾਜਾ ਕਹਿੰਦਾ, "ਤੁਸੀਂ ਮੈਨੂੰ ਦੱਸਿਆ ਕਿਉਂ ਨਾ ਹੁਣ ਤੱਕ? ਕਿਸ ਕੋਨੇ ਵਿਚ ਹੈ ਉਹ? ਕਿਸ ਜਜ਼ੀਰੇ, ਟਾਪੂ ਵਿਚ ਹੈ ਉਹ? ਉਸ ਦੇ ਕੋਲ ਫੌਜ ਕਿਹੜੀ ਕਿਹੜੀ ਹੈ ਤੇ ਕਿਸ ਕਿਸਮ ਦੀ ਫੌਜ ਹੈ?"

ਬੜਾ ਸਿਆਣਾ ਸੀ ਉਸ ਦਾ ਵਜੀਰ, ਤਾਂ ਉਹ ਕਹਿਣ ਲੱਗਿਆ, "ਮਹਾਰਾਜ! ਉਸ ਦੀਆਂ ਜੋ ਫੌਜਾਂ ਨੇ ਉਨ੍ਹਾਂ ਦਾ ਮੁਕਾਬਲਾ ਤਾਂ ਕੋਈ ਸੂਰਮਾ ਕਰ ਹੀ ਨਹੀਂ ਸਕਦਾ ਕਿਉਂਕਿ ਉਨ੍ਹਾਂ ਕੋਲ ਐਸੇ ਸ਼ਸ਼ਤਰ ਨੇ ਕਿ ਜਿਹੜੇ ਸ਼ਸਤਰ ਤੁਹਾਡੇ ਕੋਲ ਨੇ ਇਹ ਕੁਝ ਵੀ ਨਹੀਂ ਕਰ ਸਕਦੇ ਉਨ੍ਹਾਂ ਦੇ ਸਾਹਮਣੇ। ਤੁਹਾਡੇ ਕੋਲ ਤਲਵਾਰਾਂ ਨੇ, ਬਰਛੇ ਨੇ, ਨੇਜ਼ੇ ਨੇ, ਹੋਰ ਮੰਤਰਾਂ ਨਾਲ ਚੱਲਣ ਵਾਲੇ ਅਸਤਰ ਨੇ। ਇਹ ਉਥੇ ਪਹੁੰਚ ਹੀ ਨਹੀਂ ਸਕਦੇ ਜਿਸ ਥਾਂ ਤੇ ਉਹ ਰਾਜਾ ਰਹਿੰਦਾ ਹੈ।"

ਕਹਿਣ ਲੱਗਿਆ, "ਕੌਣ ਰਾਜਾ ਹੈ?"

ਕਹਿੰਦਾ, "ਉਹ ਤੁਹਾਡੇ ਅੰਦਰ ਹੈ, ਤੁਹਾਡੇ ਸਰੀਰ ਵਿਚ ਹੈ ਜਿਸ ਨੂੰ ਮਨ ਰਾਜਾ ਕਹਿੰਦੇ ਨੇ। ਮਨ ਰਾਜੇ ਕੋਲ ਬਹੁਤ ਅਜਿੱਤ ਫੌਜਾਂ ਨੇ, ਬੜੇ ਸੂਰਮੇ ਨੇ। ਉਸ ਦੇ ਵੱਡੇ ਵੱਡੇ ਜਰਨੈਲ ਨੇ - ਕਾਮ ਉਸ ਦਾ ਜਰਨੈਲ ਹੈ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ-ਬਖੀਲੀ, ਛਲ ਕਪਟ ਧੋਖਾ ਬੇਅੰਤ ਚੀਜ਼ਾਂ ਉਸ ਕੋਲ ਇਹੋ ਜਿਹੀਆਂ ਨੇ ਕਿ ਉਹ ਜੀਵ ਨੂੰ ਲੰਘਣ ਨਹੀਂ ਦਿੰਦੀਆਂ। ਜਦੋਂ ਤੱਕ ਤੁਸੀਂ ਮਨ ਨਹੀਂ ਜਿੱਤ ਸਕਦੇ, ਓਨਾ ਚਿਰ ਕੁਝ ਨਹੀਂ ਕਰ ਸਕਦੇ।

ਮਨ ਦਾ ਸਰੂਪ ਹੁੰਦਾ ਹੈ ਫੁਰਨਾ। ਜਦੋਂ ਤੱਕ ਫੁਰਨਾ ਨਹੀਂ ਜਿੱਤ ਸਕਦੇ ਉਸ ਵੇਲੇ ਤੱਕ ਤੁਸੀਂ ਜਿੱਤ ਨਹੀਂ ਹਾਸਲ ਕਰ ਸਕਦੇ।"

ਇਸ ਨੇ ਮਨ ਨੂੰ ਯੋਗ ਬਲ ਨਾਲ ਜਿਤਣਾ ਚਾਹਿਆ। ਦਸਵੇਂ ਦੁਆਰ ਵਿਚ ਪ੍ਰਾਣ ਲਿਜਾ ਕੇ ਬੈਠਾ ਰਹਿੰਦਾ ਹੈ ਬੜੀ-ਬੜੀ ਦੇਰ ਤੱਕ। ਜਿਸ ਵਕਤ ਪ੍ਰਾਣ ਉਤਰਨੇ ਉਸ ਵੇਲੇ ਓਹੀ ਖਿਆਲ ਓਹੀ ਫੁਰਨੇ। ਫੁਰਨੇ ਕੋਈ ਬੰਦਾ ਨਹੀਂ ਰੋਕ ਸਕਦਾ। ਜੇ ਕੋਈ ਕਹੇ ਕਿ ਤੈਨੂੰ ਦਸ ਮਣ ਸੋਨਾ ਲੱਭ ਜਾਏਗਾ, ਦਸ ਕੁਵਿੰਟਲ ਉਸ ਲਈ ਇਕ ਤੈਨੂੰ ਅਸੀਂ ਵਿਧੀ ਦਸਦੇ ਹਾਂ ਉਹ ਵਿਧੀ ਤੂੰ ਕਰ ਲੈ। ਜੇ ਤੂੰ ਇਹ ਕਰ ਲਏਂਗਾ ਤਾਂ ਤੈਨੂੰ ਸੋਨਾ ਮਿਲ ਜਾਏਗਾ। ਤਾਂ ਉਹ ਕਹੇਗਾ ਕਿ ਇਹ ਤਾਂ ਮਾਮੂਲੀ ਗੱਲ ਹੈ, ਇਹ ਤਾਂ ਘੰਟੇ ਦਾ ਕੰਮ ਨਹੀਂ ਹੈ।

ਕਹਿੰਦੇ, "ਪਰ ਇਕ ਗੱਲ ਦਾ ਧਿਆਨ ਇਹ ਰੱਖਣਾ ਹੈ ਕਿ ਉਸ ਦੇ ਵਿਚ ਗੁਰੂ ਨਾਨਕ ਸਾਹਿਬ ਦਾ ਧਿਆਨ ਰੱਖਣਾ ਹੈ। ਦੇਖੀ ਕਿਤੇ ਭੁੱਲ ਕੇ ਉਸ ਦੇ ਵਿਚ ਬਾਂਦਰ ਨਾ ਆ ਜਾਵੇ।"

ਹੁਣ ਜਿਸ ਵਕਤ ਉਹ ਧਿਆਨ ਧਰਦਾ ਹੈ ਤਾਂ ਬਾਂਦਰ ਨੇ ਆਉਣਾ ਹੈ, ਗੁਰੂ ਨਾਨਕ ਸਾਹਿਬ ਨਹੀਂ ਆਉਣੇ। ਕੋਈ ਕਰਕੇ ਦੇਖ ਲਓ ਕਦੇ ਨਹੀਂ ਹੁੰਦਾ। ਸੋ ਓਹੀ ਧਿਆਨ ਆ ਜਾਂਦਾ ਹੈ ਜਿਸ ਤੋਂ ਮਨ ਨੂੰ ਵਰਜਿਤ ਕਰੋ ਕਿ ਆਹ ਨਾ ਹੋ ਜਾਵੇ, ਉਹ ਜਰੂਰ ਆਏਗਾ ਖਿਆਲ।

ਸੋ ਜਦੋਂ ਰਾਜਾ ਪਾਰਸਨਾਥ ਸਮਾਧੀ ਤੋਂ ਉਥਾਨ ਹੁੰਦਾ ਹੈ ਫੇਰ ਓਹੀ ਖਿਆਲ ਆਉਂਦੇ ਨੇ ਜਿਹੜੇ ਵਜ਼ੀਰ ਨੇ ਕਿਹਾ ਸੀ ਕਿ ਆਹ ਖਿਆਲ ਨਹੀਂ ਆਉਣੇ ਚਾਹੀਦੇ। ਅਖੀਰ ਬੇਵਸ ਹੋ ਗਿਆ ਤੇ ਉਸ ਨੇ ਫੈਸਲਾ ਕਰ ਲਿਆ ਕਿ ਮੈਂ 6 ਮਹੀਨੇ ਦੇ ਅੰਦਰ ਜੇ ਮਨ ਨੂੰ ਕਾਬੂ ਨਾ ਕਰ ਸਕਿਆ, ਨਾ ਜਿੱਤ ਸਕਿਆ ਤਾਂ ਮੈਂ ਚਿਤਾ ਬਣਾ ਕੇ ਜੀਉਂਦਾ ਸੜ ਜਾਵਾਂਗਾ। ਮਨ ਨੂੰ ਜਿੱਤਣਾ ਕੋਈ ਖੇਡ ਨਹੀਂ ਹੈ ਸਾਧ ਸੰਗਤ ਜੀ! ਕੋਈ ਬੰਦਾ ਵੀ ਇਹ ਗੱਲ ਨਹੀਂ ਕਹਿ ਸਕਦਾ ਕਿ ਮੈਂ ਮਨ ਜਿੱਤ ਲਿਆ।

ਭਰਥਰੀ ਹਰੀ ਨੇ ਰਾਜ ਭਾਗ ਛੱਡ ਦਿੱਤਾ, ਰਾਣੀਆਂ ਛੱਡ ਦਿੱਤੀਆਂ। ਕਲਪਾਤੀ ਬਿਰਤੀ ਧਾਰਨ ਕਰ ਲਈ, ਨਾ ਕੱਪੜਾ ਪਹਿਨਦਾ ਹੈ, ਨਾ ਕਿਤੇ ਖਾਣ ਪੀਣ ਨੂੰ ਜਾਂਦਾ ਹੈ। ਜੰਗਲ ਦੇ ਵਿਚ ਹੀ ਰਹਿੰਦਾ ਹੈ। ਬਸਤਰ ਵੀ ਛੱਡ ਦਿੱਤੇ, ਭੁੰਝੇ ਹੀ ਪਿਆ ਰਹਿੰਦਾ ਹੈ ਤੇ ਆਪਣੇ ਆਪ ਨੂੰ ਹੁਣ ਇਹ ਕਹਿੰਦਾ ਹੈ ਕਿ ਮੈਂ ਤਿਆਗ ਕਰ ਲਿਆ। ਲੇਕਿਨ ਇਕ ਦਿਨ ਐਸਾ ਹੋਇਆ ਕਿ ਇਹ ਭਜਨ ਕਰਦਾ ਹੈ ਤੇ ਚੰਦ ਦੀ ਚਾਂਦਨੀ ਵਿਚ ਘਾਹ ਤੇ ਕੋਈ ਲਾਲ ਚੀਜ਼ ਨਜ਼ਰ ਆਈ, ਜਿਸ ਦੇ ਵਿਚੋਂ ਚੰਦ ਦੀਆਂ ਰਿਸ਼ਮਾਂ, ਕਿਰਨਾਂ ਮੁੜ ਕੇ ਫੇਰ ਉਸ ਦੀਆਂ ਅੱਖਾਂ ਆ ਰਹੀਆਂ ਨੇ। ਸਿਆਣਾ ਸੀ ਉਸੇ ਵੇਲੇ ਪਛਾਣ ਗਿਆ ਕਿ ਇਹ ਤਾਂ ਜਿਹੜਾ ਲਾਲ ਪਿਆ ਹੈ। ਇਸ ਦੇ ਜਿੰਨੀ ਕੀਮਤ ਦਾ ਤਾਂ ਹੈ ਹੀ ਨਹੀਂ ਕਿਤੇ, ਵੱਡਾ ਤਾਂ ਦੇਖਿਆ ਹੀ ਨਹੀਂ ਕਿਤੇ।

ਉਸ ਵੇਲੇ ਭਾਵੇਂ ਕਲਪਾਤੀ ਬਿਰਤੀ ਧਾਰਨ ਕਰੀ ਹੋਈ ਹੈ, ਕੱਪੜੇ ਵੀ ਲਾਹੇ ਹੋਏ ਨੇ ਲੇਕਿਨ ਮਨ ਅਜੇ ਜੀਉਂਦਾ ਹੈ। ਓਸ ਮਨ ਨੇ ਪ੍ਰੇਰਨਾ ਦਿੱਤੀ ਤੇ ਇਸ ਨੇ ਹੱਥ ਵਧਾਇਆ ਤੇ ਜਿਸ ਵਕਤ ਲਾਲ ਨੂੰ ਹੱਥ ਪਾਇਆ, ਉਸ ਵੇਲੇ ਆਪਣੇ ਆਪ ਨੂੰ ਧਿਰਕਾਰਾਂ ਦਿੰਦਾ ਹੈ। ਕਿਸੇ ਨੇ ਉਹ ਪਾਨ ਖਾ ਕੇ ਥੁਕਿਆ ਹੋਇਆ ਸੀ। ਉਸ ਨੇ ਉਥੇ ਇਕ ਦੋਹਰਾ ਉਚਾਰਨ ਕਰਿਆ ਕਿ -

*ਮਨ ਰਿਪ ਜੀਤੇ ਸਭ ਰਿਪ ਜੀਤੇ॥*

ਜਿੰਨਾ ਚਿਰ ਮਨ ਦੁਸ਼ਮਣ ਜੀਉਂਦਾ ਹੈ ਓਨਾ ਚਿਰ ਸਾਰੇ ਦੁਸ਼ਮਣ ਜੀਉਂਦੇ ਨੇ। ਜਦੋਂ ਮਨ ਦੁਸ਼ਮਨ ਨੂੰ ਜਿੱਤ ਲਿਆ ਉਸ ਵੇਲੇ ਸਾਰੇ ਦੁਸ਼ਮਣ ਜਿੱਤੇ ਗਏ।

ਸੋ ਇਸ ਨੂੰ ਜਿੱਤਣਾ ਬਹੁਤ ਮੁਸ਼ਕਲ ਦੀ ਬਾਤ ਹੋਇਆ ਕਰਦੀ ਹੈ। ਕੋਈ ਵਿਰਲਾ ਹੈ ਕਿਉਂਕਿ ਜਦੋਂ ਤੱਕ

ਆਦਮੀ ਦੇ ਅੰਦਰ ਹਉਮੈ ਕਾਇਮ ਹੈ ਓਨੀ ਦੇਰ ਤੱਕ ਮਨ ਨਹੀਂ ਜਿੱਤਿਆ ਜਾਂਦਾ। ਜਦੋਂ ਹਉਮੈ ਦਾ ਨਾਸ਼ ਹੁੰਦਾ ਹੈ ਤਾਂ ਇਹ ਪ੍ਰਮੇਸ਼ਰ ਬਣ ਜਾਂਦਾ ਹੈ। ਫੇਰ ਮਨ ਦਾ ਸਵਾਲ ਹੀ ਨਹੀਂ ਹੁੰਦਾ। ਮਨ ਅਮਨ ਬਣਦਾ ਹੈ ਉਸ ਵੇਲੇ। ਸੋ ਮਹਾਰਾਜ ਕਹਿੰਦੇ ਜਿਹੜੇ ਇਹ ਪੜ੍ਹੇ ਨੇ ਕਿ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ ਨਿਵਲਿ ਭੁਅੰਗਮ ਸਾਧੇ॥*

*ਅੰਗ - 641*

ਇਹ ਪਾਰਸ ਨਾਥ ਨੇ ਮਨ ਨੂੰ ਜਿੱਤਣ ਦਾ ਯਤਨ ਕਰਿਆ ਹੈ। ਜਦੋਂ ਜਿੱਤ ਨਾ ਸਕਿਆ ਤਾਂ ਕਹਿੰਦੇ ਉਸ ਨੂੰ ਚਿਤਾ ਵਿਚ ਬੈਠ ਕੇ ਜਲਣਾ ਪਿਆ। ਜਿਸ ਨੇ ਦੇਵ ਲੋਕ ਵੀ ਜਿੱਤ ਲਏ ਸੀ ਸ਼ਿਵ ਜੀ ਮਹਾਰਾਜ ਨੂੰ ਵੀ ਜਿੱਤ ਲਿਆ ਸੀ ਐਸਾ ਵੱਡਾ ਸੂਰਮਾ ਹੋਇਆ ਹੈ ਇਹ।

ਸੋ ਮਹਾਰਾਜ ਕਹਿੰਦੇ, ਪਾਠ ਪੜ੍ਹਨ ਦੇ ਨਾਲ, ਨਿਉਲੀ ਕਰਮ ਕਰਨ ਦੇ ਨਾਲ, ਹੋਰ ਅਨੇਕਾਂ ਕਰਮ ਕਰਨ ਦੇ ਨਾਲ, ਰੂਹਾਨੀ ਵਿਦਿਆ ਵਿਚਾਰਨ ਦੇ ਨਾਲ ਕਹਿੰਦੇ ਬਣਦਾ ਨਹੀਂ ਕੁਝ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ............॥*

*ਅੰਗ - 641*

ਪੰਜਾਂ ਦੇ ਨਾਲ ਬੱਝਿਆ ਸੰਗ ਹਟਿਆ ਨਾ ਸਗੋਂ ਇਹ ਹੋ ਗਿਆ ਕਿ ਮੈ ਪਾਠ ਕਰਦਾ ਹਾਂ, ਮੈਂ ਐਨਾ ਗਿਆਨੀ ਹਾਂ, ਮੈਂ ਐਨੀਆਂ ਬਾਣੀਆਂ ਦਾ ਪਾਠ ਕਰਦਾ ਹਾਂ –

............. *ਅਧਿਕ ਅਹੰਬੁਧਿ ਬਾਧੇ॥ ਅੰਗ - 641*

ਕਹਿੰਦੇ ਹੋਰ ਹਉਮੈ ਉਸ ਨਾਲ ਆ ਕੇ ਚਿੰਬੜ ਗਈ। ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਪੀਰ ਬੁੱਧੂ ਸ਼ਾਹ ਆਉਂਦਾ ਹੈ ਤੇ ਆ ਕੇ ਸਵਾਲ ਕਰਦਾ ਹੈ ਕਹਿੰਦਾ, "ਮਹਾਰਾਜ! ਅੱਲ੍ਹਾ ਕਾ ਅਰ ਰੂਹ ਕਾ ਵਸਲ (ਮਿਲਾਪ) ਕੈਸੇ?"

ਮਹਾਰਾਜ ਕਹਿੰਦੇ, "ਰਾਤ ਔਰ ਦਿਨ ਕਾ ਜੈਸੇ।"

ਸੋਚੀ ਜਾਂਦਾ ਹੈ ਕਿ ਰਾਤ? ਹੁਣ ਰਾਤ ਮੁੱਕ ਗਈ ਦਿਨ ਚੜ੍ਹ ਗਿਆ ਦੋਹਾਂ ਦਾ ਮੇਲ ਤਾਂ ਹੋਇਆ ਨਾ। ਸੋਚਦਾ ਜਾਂਦਾ ਹੈ, ਕਹਿ ਨਹੀਂ ਸਕਦਾ ਕਿਉਂਕਿ ਨਾਲ ਬਹੁਤ ਸਾਰੇ ਮੁਰੀਦ ਲੈ ਕੇ ਆਇਆ ਹੈ। ਸੋਚਿਆ ਕਿ ਜੇ ਮੈਂ ਕਿਹਾ ਤਾਂ ਮੇਰੇ ਮੁਰੀਦ ਕਹਿਣਗੇ ਕਿ ਪੀਰ ਜੀ ਨੂੰ ਗੱਲ ਸਮਝ 'ਚ ਨਹੀਂ ਆਈ। ਪਰ ਆਇਆ ਇਸੇ ਗੱਲ ਨੂੰ ਸਮਝਣ ਵਾਸਤੇ ਸੀ, ਅਖੀਰ ਕਹਿਣਾ ਪਿਆ। ਕਹਿੰਦਾ, "ਮਹਾਰਾਜ! ਕੈਸੇ?"

ਮਹਾਰਾਜ ਕਹਿੰਦੇ, "ਜੈਸੇ ਸਮਝ ਰਿਹਾ ਹੈ ਵੈਸੇ।"

ਹੁਣ ਕਹਿ ਨਹੀਂ ਸਕਦਾ ਕਿ ਮੈਂ ਕਿਵੇਂ ਸਮਝ ਰਿਹਾ ਹਾਂ।

ਕਹਿੰਦਾ, "ਮਹਾਰਾਜ! ਮੈਂਨੇ ਆਪ ਸੇ ਯੇ ਪੂਛਾ ਥਾ ਕਿ ਰੂਹ ਕਾ ਔਰ ਖੁਦਾ ਕਾ ਮੇਲ ਕੈਸੇ ਹੋਤਾ ਹੈ?"

ਮਹਾਰਾਜ ਕਹਿੰਦੇ, "ਸਚ ਔਰ ਝੂਠ ਕਾ ਜੈਸੇ।

ਹੋਰ ਵੀ ਸਮਸਿਆ ਪੈ ਗਈ, ਸੱਚ ਤੇ ਝੂਠ ਤਾਂ ਕਦੇ ਮਿਲਦੇ ਹੀ ਨਹੀਂ ਆਪ ਵਿਚ, ਦੋਵੇਂ ਵਿਰੋਧੀ ਸਿਰੇ ਨੇ। ਸੱਚ ਦਾ ਹੋਰ ਸਿਰਾ ਹੈ, ਉਹ ਉਤਰ ਤੇ ਝੂਠ ਦੱਖਣ ਹੈ। ਫੇਰ ਸੋਚੀ ਜਾਂਦਾ ਹੈ।

ਅਖੀਰ ਕਹਿਣ ਲੱਗਿਆ, "ਮਹਾਰਾਜ! ਮੈਂ ਸਮਝ ਨਹੀਂ ਸਕਿਆ ਕਿ ਦਿਨ ਜਦੋਂ ਆਉਂਦਾ ਹੈ ਤਾਂ ਰਾਤ ਨਹੀਂ ਰਹਿੰਦੀ।"

ਮਹਾਰਾਜ ਕਹਿੰਦੇ, "ਇਸੇ ਤਰ੍ਹਾਂ ਜਦੋਂ ਸੱਚ ਦਾ ਪ੍ਰਕਾਸ਼ ਹੁੰਦਾ ਹੈ ਉਸ ਵੇਲੇ ਹਨ੍ਹੇਰ ਰੂਪੀ ਜੋ ਰਾਤ ਹੈ ਉਹ ਖਤਮ ਹੋ ਜਾਇਆ ਕਰਦੀ ਹੈ। ਪ੍ਰਮੇਸ਼ਰ ਦਾ ਪ੍ਰਕਾਸ਼ ਜਦੋਂ ਅੰਦਰ ਹੋ ਜਾਂਦਾ ਹੈ।"

ਕਹਿਣ ਲੱਗਿਆ, "ਮੈਨੂੰ ਸਮਝਾਓ।"

ਮਹਾਰਾਜ ਕਹਿੰਦੇ, "ਜਿਹੜੀ 'ਮੈ' ਹੈ ਇਹ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦੀ। ਜਦੋਂ 'ਮੈ' ਖਤਮ ਹੋ ਜਾਏਗੀ ਤਾਂ ਪ੍ਰਮੇਸ਼ਰ ਮਿਲ ਜਾਂਦਾ ਹੈ।"

ਕਹਿੰਦਾ, "ਮਹਾਰਾਜ! ਬੜੇ ਯਤਨ ਕਰੇ ਨੇ ਇਸ ਮੈਂ ਨੂੰ ਖਤਮ ਕਰਨ ਵਾਸਤੇ, ਮੈਂ ਬੜੇ ਸਾਧਨ ਕਰੇ, ਵੱਡੇ-ਵੱਡੇ 6-6 ਮਹੀਨੇ ਦੇ ਚਿੱਲੇ ਕੱਟੇ, ਮੈਂ ਕਾਅਬੇ ਵੀ ਗਿਆ ਹੱਜ ਕਰਨ ਵਾਸਤੇ, ਹੋਰ ਵੀ ਅਨੇਕਾਂ ਪੁੰਨ ਦਾਨ ਕਰੇ, ਦੋ ਲੰਗਰ ਮੈਂ ਚਲਾਉਂਦਾ ਹੈ, ਇਕ ਹਿੰਦੂਆਂ ਲਈ ਤੇ ਇਕ ਇਸਲਾਮ ਵਾਲਿਆਂ ਲਈ, ਜ਼ੋਹਦ (ਤਪ) ਵੀ ਮੈਂ ਕਰਦਾ ਹਾਂ, ਭੁੱਖਾ ਰਹਿੰਦਾ ਹਾਂ ਮਹਾਰਾਜ! ਪਰ ਇਹ ਗੱਲ ਤਾਂ ਬਣ ਨਾ ਸਕੀ।"

ਮਹਾਰਾਜ ਕਹਿੰਦੇ, "ਪੀਰ ਬੁੱਧੂ ਸ਼ਾਹ! ਇਹ ਤਾਂ ਤੂੰ ਹੋਰ ਸੰਗਲ ਬੰਨ ਲਏ ਆਪਣੇ ਆਪ ਦੇ ਦੁਆਲੇ। ਜਦੋਂ ਤੱਕ ਇਹ ਸੰਗਲ ਨਹੀਂ ਛੱਡਦਾ ਉਦੋਂ ਤੱਕ ਤੈਨੂੰ ਸੱਚ ਦਾ ਪ੍ਰਕਾਸ਼ ਨਹੀਂ ਹੋ ਸਕਦਾ ਤੇ ਓਨਾ ਚਿਰ ਇਹ ਸੰਗਲ ਤੈਨੂੰ ਜਨਮ ਮਰਨ ਵਿਚ ਲੈ ਜਾਣਗੇ।"

ਸੋ ਮਹਾਰਾਜ ਕਹਿੰਦੇ ਪਾਠ ਵੀ ਪੜ੍ਹੇ, ਨਿਉਲੀ ਕਰਮ ਵੀ ਕਰੇ, ਬੜੇ ਹਠ ਜੋਗ ਵੀ ਕਰੇ, ਭੁੱਖੇ ਵੀ ਰਹੇ ਪਰ ਹੋਇਆ ਕੀ? ਨਾ ਤਾਂ ਪੰਜਾਂ ਚੋਰਾਂ ਤੋਂ ਖਹਿੜਾ ਛੁਟਿਆ ਸਗੋਂ ਹੋਰ ਆਪਣੇ ਆਪ ਦੇ ਦੁਆਲੇ ਸੰਗਲ ਬੰਨ੍ਹ ਲਏ ਕਿ

ਮੈਂ ਨੇਕ ਹਾਂ, ਮੈਂ ਦਾਨੀ ਹਾਂ, ਮੈਂ ਪੁੰਨ ਕਰਦਾ ਹਾਂ, ਮੈਂ ਤੀਰਥ ਯਾਤਰਾ ਕਰਦਾ ਹਾਂ। ਮਹਾਰਾਜ ਕਹਿੰਦੇ -

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ॥* *ਅੰਗ - 165*

ਇਹ ਤਰੀਕਾ ਤਾਂ ਮਿਲਣ ਦਾ ਹੈ ਹੀ ਨਹੀਂ ਅਸੀਂ ਸਾਰਾ ਦੇਖ ਲਿਆ। ਹੁਣ ਤਰੀਕਾ ਦਸਦੇ ਨੇ ਕਹਿੰਦੇ -

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*
*ਅੰਗ - 165*

ਹੁਣ ਆਪਣਾ ਸਾਰਾ ਤਾਣ ਛੱਡ ਕੇ, ਹਾਰ ਕੇ ਸ਼ਰਨ ਲੈ ਲਈ। ਜਦੋਂ ਤੱਕ ਅਸੀਂ ਸ਼ਰਨ ਨਹੀਂ ਲੈਂਦੇ ਓਨੀ ਦੇਰ ਤੱਕ ਸਾਡਾ ਸੰਪਰਕ ਵਾਹਿਗੁਰੂ ਨਾਲ ਨਹੀਂ ਹੋਇਆ ਕਰਦਾ। ਸ਼ਰਨ ਲੈਣ ਲਈ ਸਾਡੇ ਕੋਲ ਜਿੰਨਾ ਸਾਡਾ ਤਾਣ ਹੈ ਇਸ ਨੂੰ ਛੱਡਣਾ ਪੈਂਦਾ ਹੈ। ਸਾਡੇ ਕੋਲ ਤਨ ਹੈ, ਮਨ ਹੈ, ਧਨ ਹੈ। ਇਨ੍ਹਾਂ ਤਿੰਨ ਚੀਜ਼ਾਂ ਵਿਚ ਸਾਡਾ ਸਾਰਾ ਤਾਣ ਆ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਤਿੰਨੋ ਛੱਡ ਦੇਹ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥* *ਅੰਗ - 494*

ਤੇ ਉਸ ਦੀ ਸ਼ਰਨ ਵਿਚ ਆ ਜਾ -

*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ॥*
*ਅੰਗ - 703*

ਜਿਹੜਾ 'ਮੈ' ਭਾਵ ਛੱਡ ਕੇ ਸ਼ਰਨ ਵਿਚ ਆ ਜਾਂਦਾ ਹੈ ਉਸ ਵੇਲੇ ਹੁੰਦਾ ਕੀ ਹੈ? ਪ੍ਰਮੇਸ਼ਰ ਦਾ ਬਿਰਧ ਜਾਗ ਪੈਂਦਾ ਹੈ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥* *ਅੰਗ - 544*

ਚਾਹੇ ਮਹਾ-ਪਾਪੀ ਹੈ, ਚਾਹੇ ਪੁੰਨੀ ਹੈ, ਫੇਰ ਨਹੀਂ ਉਹ ਦੇਖਦਾ, ਫੇਰ ਤਾਂ ਉਹ ਆਪਣੇ ਨਾਲ ਜੋੜ ਲੈਂਦਾ ਹੈ ਕਿਉਂਕਿ ਸ਼ਰਨ ਵਿਚ ਆ ਗਿਆ। ਇਸੇ ਕਰਕੇ ਮਹਾਰਾਜ ਜੀ ਸਾਨੂੰ ਬਾਰ-ਬਾਰ ਕਹਿੰਦੇ ਨੇ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥*
*ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥*
*ਅੰਗ - 632*

ਸੋ ਮਹਾਰਾਜ ਕਹਿੰਦੇ ਹਾਰ ਕੇ ਸ਼ਰਨ ਲੈ ਲਈ ਪ੍ਰਮੇਸ਼ਰ ਦੀ-

*ਹਾਰਿ ਪਰਿਓ ਸੁਆਮੀ ਕੈ ਦੁਆਰੈ ...........॥*
*ਅੰਗ - 165*

ਹਾਰ ਕੇ ਜਿਹੜਾ ਬੰਦਾ ਗਿਰ ਜਾਂਦਾ ਹੈ ਉਸ ਦੇ ਵਿਚ ਕੋਈ ਤਾਣ ਬਾਕੀ ਨਹੀਂ ਰਹਿੰਦਾ, ਕੋਈ ਮਾਣ ਬਾਕੀ ਨਹੀਂ ਰਹਿੰਦਾ।

*................ਦੀਜੈ ਬੁਧਿ ਬਿਬੇਕਾ॥* *ਅੰਗ - 165*

ਉਸ ਤੋਂ ਮੰਗੀ ਵੀ ਉਹ ਬੁੱਧੀ ਕਿ ਹੇ ਪ੍ਰਭੂ! ਉਹ ਬੁੱਧੀ ਦੇਹ ਜਿਸ ਦੇ ਨਾਲ ਪ੍ਰਮੇਸ਼ਰ ਦੇ ਦਰਸ਼ਨ ਹੋ ਜਾਣ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤੱਕ ਸਾਨੂੰ ਬਿਬੇਕ ਬੁੱਧੀ ਦੀ ਪ੍ਰਾਪਤੀ ਨਹੀਂ ਹੁੰਦੀ ਓਨੀ ਦੇਰ ਤੱਕ ਪ੍ਰਭੂ ਦੇ ਦਰਸ਼ਨ ਨਹੀਂ ਹੋਇਆ ਕਰਦੇ, ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਬਿਬੇਕ ਬੁੱਧੀ ਹਾਸਲ ਕਰਨ ਵਾਸਤੇ ਬੜਾ ਵੱਡਾ ਪ੍ਰਯਤਨ ਕਰਨਾ ਪੈਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਨਾਮ ਮਾਰਗ ਹੈ। ਨਾਮ ਮਾਰਗ ਤੇ ਜਦੋਂ ਅਸੀਂ ਚਲਦੇ ਹਾਂ ਉਸ ਵੇਲੇ ਪਹਿਲਾਂ ਅਸੀਂ ਸੰਸਾਰ ਵਿਚੋਂ ਆਪਣੀ ਬਿਰਤੀਆਂ ਖਿਚਦੇ ਹਾਂ, ਅੰਦਰ ਸਾਡੇ ਨਾਮ ਦੀ ਰੌਂ ਚੱਲ ਪੈਂਦੀ ਹੈ। ਰਸਨਾ ਨਾਲ ਨਾਮ ਚਲਦਾ ਹੈ, ਸੁਆਸ ਨਾਲ ਨਾਮ ਚਲਦਾ ਹੈ, ਮਧਮਾ ਬਾਣੀ ਵਿਚ ਚਲਦਾ ਹੈ, ਪਸੰਤੀ ਬਾਣੀ ਵਿਚ ਨਾਮ ਚਲਦਾ ਹੈ, ਪਰਾ ਬਾਣੀ ਵਿਚ ਨਾਮ ਚਲਦਾ ਹੈ, ਆਗਿਆ ਚੱਕਰ ਵਿਚ ਨਾਮ ਚਲਦਾ ਹੈ ਤੇ ਉਸ ਤੋਂ ਬਾਅਦ ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਚਲਦਾ ਹੈ, ਫੇਰ ਧਿਆਨ ਵਿਚ ਆ ਜਾਂਦੇ ਹਾਂ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥* *ਅੰਗ - 864*

ਧਿਆਨ ਵਿਚੋਂ ਅਸੀਂ ਤ੍ਰਿਕੁਟੀ ਤੋੜ ਲੈਂਦੇ ਹਾਂ। ਧਿਆਤਾ, ਧਿਆਨ, ਧੇਯ ਦੀ। ਉਸ ਤੋਂ ਬਾਅਦ ਸਾਡੀ ਸੁਰਤ ਬਿਬੇਕ ਮੰਡਲ ਵਿਚ ਦਾਖਲ ਹੁੰਦੀ ਹੈ। ਉਸ ਥਾਂ ਤੇ ਜੀਵ ਤੇ ਪ੍ਰਮੇਸ਼ਰ ਦਾ ਜੋ ਸੰਬੰਧ ਹੈ ਉਹ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਮੈਂ ਕੌਣ ਹਾਂ ਤੇ ਵਾਹਿਗੁਰੂ ਕੀ ਹੈ? ਨਿਸਚੇ ਪੂਰਬਕ ਹੋ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਹੇ ਪ੍ਰਭੂ! ਮੈਨੂੰ ਉਹ ਬੁੱਧੀ ਦੇਹ ਜਿਸ ਬੁੱਧੀ ਦੇ ਨਾਲ ਤੇਰੇ ਦਰਸ਼ਨ ਹੋ ਜਾਣ। ਸੋ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ ਬੜੇ ਕਰਮ ਗਿਣੇ ਨੇ - ਲੰਮੀਆਂ ਆਰਜਾ ਗਿਣੀਆਂ ਨੇ, ਹੋਰ ਅਨੇਕਾਂ ਕਰਮ ਗਿਣੇ ਨੇ, ਤੀਰਥ ਯਾਤਰਾਵਾਂ ਗਿਣੀਆਂ ਨੇ, ਭੁੱਖੇ ਰਹਿਣਾ ਗਿਣਿਆ ਹੈ ਅਖੀਰ ਤੇ ਮਹਾਰਾਜ ਜੀ ਨੇ ਇਕੋ ਬਚਨ ਦੇ ਨਾਲ ਸਾਰਾ ਫੈਸਲਾ ਕਰ ਦਿੱਤਾ ਕਿ -

*ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਅੰਗ - 642*

ਇਕ ਤਾਂ ਹਰੀ ਦਾ ਜਸ ਜਰੂਰ ਮਿਲੇ ਕਿਉਂਕਿ ਖੁਸ਼ਕ ਰਹਿ ਜਾਂਦਾ ਹੈ ਹਰੀ ਦੇ ਜਸ ਤੋਂ ਬਗੈਰ ਆਦਮੀ ਤੇ ਇਕ ਸਾਧੂ ਦੀ ਸੰਗਤ ਪ੍ਰਾਪਤ ਹੋਵੇ। ਜਦੋਂ ਤੱਕ ਸਾਧੂ ਦੀ ਸੰਗਤ ਨਹੀਂ ਪ੍ਰਾਪਤ ਹੁੰਦੀ, ਜਿਹੜੇ ਸਾਰੇ ਵਿਦਿਆਰਥੀ ਨੇ ਕਲਾਸ ਵਿਚ ਤੇ ਜਦੋਂ ਤੱਕ ਪ੍ਰੋਫੈਸਰ ਨਹੀਂ ਹੈ ਤਾਂ ਪਤਾ ਨਹੀਂ ਲਗਦਾ। ਜੇ ਕਹੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਸਾਨੂੰ

ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਕਿ ਤੈਨੂੰ ਪੁੱਗੀ ਹੋਈ ਰੂਹ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397*

ਜਿਨ੍ਹਾਂ ਦੇ ਅੰਦਰ ਜਾਗਰਤ ਆ ਚੁੱਕੀ ਹੈ, ਜਿਨ੍ਹਾਂ ਦਾ ਆਪਾ ਭਾਵ ਖਤਮ ਹੋ ਗਿਆ ਉਹ ਪ੍ਰਮੇਸ਼ਰ ਦਾ ਰੂਪ ਹੋਇਆ ਕਰਦੇ ਨੇ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥ ਅੰਗ - 273*

ਕਹਿੰਦੇ ਇਹ ਦੋ ਚੀਜ਼ਾਂ ਦੁਰਲੱਭ ਨੇ ਸਾਧੂ ਦੀ ਸੰਗਤ ਤੇ ਹਰੀ ਦਾ ਕੀਰਤਨ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642*

ਜਿਸ ਦੇ ਮੱਥੇ ਤੇ ਲੇਖ ਲਿਖਿਆ ਹੋਵੇ ਉਸ ਨੂੰ ਮਿਲਦੀ ਹੈ, ਦੂਜੇ ਨੂੰ ਨਹੀਂ ਮਿਲ ਸਕਦੀ, ਕਿੰਨਾ ਹੀ ਯਤਨ ਕਰ ਲਵੇ ਉਹ। ਉਸ ਦੇ ਅੰਦਰ ਦੀ ਤਰਕ ਹੀ ਖਤਮ ਨਹੀਂ ਹੁੰਦੀ, ਉਨ੍ਹਾਂ ਦੇ ਅੰਦਰੋਂ ਹਨ੍ਹੇਰਾ ਦੂਰ ਨਹੀਂ ਹੁੰਦਾ। ਉਹ ਤਾਂ ਭਾਗਾਂ ਵਾਲੇ ਨੇ ਜੋ ਕਲਜੁਗ ਵਿਚ ਆ ਕੇ ਥੋੜ੍ਹੀ ਜਿਹੀ ਸਾਧਨਾ ਕਰਨ ਦੇ ਨਾਲ ਕਿੰਨਾ ਵੱਡਾ ਫਲ ਪ੍ਰਾਪਤ ਹੁੰਦਾ ਹੈ। ਮਹਾਰਾਜ ਕਹਿੰਦੇ ਜੇ ਇਕ ਵਾਰੀ ਵੀ ਵਾਹਿਗੁਰੂ ਕਹਿ ਹੋ ਜਾਵੇ, ਸੁਰਤ ਚਲੀ ਜਾਵੇ ਪ੍ਰਮੇਸ਼ਰ ਦੇ ਵਿਚ, ਉਸ ਦੇ ਗਲ ਵਿਚੋਂ ਕਾਲ ਦੀ ਫਾਸੀ ਨਿਕਲ ਜਾਂਦੀ ਹੈ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ - 902*

ਸਾਰੀ ਜ਼ਿੰਦਗੀ ਪਾਪ ਕਰਨ ਵਾਲਾ ਬੰਦਾ, ਅਖੀਰ ਦੇ ਸਮੇਂ ਤੇ ਸਿਰਫ ਇਕ ਵਾਰੀ ਉਸ ਦਾ ਧਿਆਨ ਗਿਆ ਪ੍ਰਮੇਸ਼ਰ ਵਿਚ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਅੰਗ - 981*

ਨਾਰਾਇਣ ਕਹਿ ਕੇ ਪੁੱਤਰ ਨੂੰ ਹਾਕ ਮਾਰ ਲਈ ਲੇਕਿਨ ਉਸੇ ਵੇਲੇ ਸੋਝੀ ਆ ਗਈ ਕਿ ਆਹ ਹਾਕ ਮੈਂ ਨਰਾਇਣ ਨੂੰ ਮਾਰੀ ਹੈ ਦੂਜੀ ਵਾਰੀ ਨਹੀਂ ਕਿਹਾ। ਹਾਕ ਮਾਰਨ ਨੂੰ ਕਿੰਨਾ ਕੁ ਚਿਰ ਲਗਦਾ ਹੈ? ਵੱਧ ਤੋਂ ਵੱਧ 2 ਸੈਕਿੰਡ ਲੱਗ ਜਾਣਗੇ, 3 ਲੱਗ ਜਾਣਗੇ। ਤਿੰਨਾਂ ਦੇ ਵਿਚ ਹੀ ਉਸ ਨੂੰ ਧਿਆਨ ਆ ਗਿਆ ਪ੍ਰਮੇਸ਼ਰ ਦਾ। ਮਹਾਰਾਜ ਕਹਿੰਦੇ ਦੇਖੋ! ਓਸੇ ਵੇਲੇ ਸੁਰਤਿ ਵਿਚ ਆ ਗਿਆ, ਪ੍ਰਮੇਸ਼ਰ ਨਾਲ ਰਹਿੰਦਾ ਹੈ, ਕੋਲ ਰਹਿੰਦਾ ਹੈ, ਅੰਦਰ ਬਾਹਰ ਸਾਰੇ ਪਰੀਪੂਰਨ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਅੰਗ - 293*

ਉਸੇ ਵੇਲੇ ਓਨ੍ਹਾਂ ਨੇ, ਦੇਰ ਤਾਂ ਲਗਦੀ ਨਹੀਂ ਕਹਿੰਦੇ –

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਉਸ ਦੀ ਭਾਵਨੀ ਜਿਹੜੀ ਸੀ ਅੱਧੇ ਸਾਹ ਦੀ ਓਹੀ ਭਾਅ ਗਈ ਪ੍ਰਮੇਸ਼ਰ ਨੂੰ ਕਿਉਂਕਿ ਸ਼ਰਨ ਆ ਗਿਆ ਉਸ ਵੇਲੇ। ਸਾਰੇ ਆਸਰੇ ਟੁੱਟ ਗਏ, ਮਾਰੀ ਸੀ ਹਾਕ ਪੁੱਤਰ ਨੂੰ–

*ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ॥*
*ਅੰਗ - 999*

ਪੁੱਤਰ ਦੇ ਪਿਆਰ 'ਚ ਆ ਕੇ ਨਾਰਾਇਣ ਕਹਿ ਦਿੱਤਾ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥*
*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਨਾਇ ਲਏ ਦੁਖੁ ਡੇਰਾ ਢਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਐਡਾ ਵੱਡਾ ਸਾਧਨ ਸਾਨੂੰ ਦਿੱਤਾ ਹੈ। ਸੋ ਜੇ ਇਹ ਪ੍ਰਾਪਤ ਨਹੀਂ ਹੁੰਦਾ, ਜਦੋਂ ਤੱਕ ਅਸੀਂ ਸਤਿਸੰਗ ਨਹੀਂ ਕਰਦੇ, ਜਦੋਂ ਤੱਕ ਸਤਿਸੰਗ ਦੇ ਵਿਚ ਜਾ ਕੇ ਨਿਮਰਤਾ ਦੇ ਨਾਲ ਅਸੀਂ ਸ਼ਾਮਲ ਨਹੀਂ ਹੁੰਦੇ –

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਅੰਗ - 642*

ਜਿਸ ਥਾਂ ਤੇ ਕੇਵਲ ਨਾਮ ਦੀ ਬਾਤ ਚਲਦੀ ਹੋਵੇ ਉਹ ਸਤਿਸੰਗ ਹੋਇਆ ਕਰਦਾ ਹੈ ਤੇ ਉਥੇ ਫੇਰ ਜਗਿਆਸੂ ਇਕੱਠੇ ਹੁੰਦੇ ਨੇ, ਆਪਣੀ ਨੀਂਦ ਦਾ ਤਿਆਗ ਕਰਦੇ ਨੇ, ਚਿਤ ਬਿਰਤੀਆਂ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰਦੇ ਨੇ ਜਿਸ ਦਾ ਬੜਾ ਹੀ ਭਾਰਾ ਪੁੰਨ ਹੈ ਕਲਜੁਗ ਦੇ ਅੰਦਰ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਸਮਾਧੀ

ਸਮਾਧੀ ਦੀ ਪਹਿਲੀ ਅਵਸਥਾ ਓਦੋਂ ਹੁੰਦੀ ਹੈ ਜਦੋਂ ਤੁਸੀਂ ਸਥਿਰ ਹੋਣਾ ਸਿੱਖ ਲੈਂਦੇ ਹੋ, ਆਪਣਾ ਸਿਰ, ਗਰਦਨ ਅਤੇ ਧੜ ਇਕ ਹੀ ਲਾਈਨ ਵਿਚ ਸਿੱਧਾ ਰੱਖ ਸਕਦੇ ਹੋ ਤੇ ਸ੍ਵਾਸ ਵੀ ਸ਼ਾਂਤ ਕਰ ਲੈਂਦੇ ਹੋ ਤੇ ਆਪਣੇ ਵਿਚਾਰਾਂ ਤੇ ਕਾਬੂ ਪਾ ਲੈਂਦੇ ਹੋ, ਉਹ ਵਿਚਾਰ ਜਿਹੜੇ ਪਤਾ ਨਹੀਂ ਕਿਥੋਂ ਆਉਂਦੇ ਹਨ। ਸਾਨੂੰ ਇਨ੍ਹਾਂ ਵਿਚਾਰਾਂ ਨਾਲ ਲੜਾਈ ਨਹੀਂ ਕਰਨੀ ਚਾਹੀਦੀ, ਨਾ ਹੀ ਇਨ੍ਹਾਂ ਵਿਚਾਰਾਂ ਨੂੰ ਦਬਾਉਣਾ ਚਾਹੀਦਾ ਹੈ, ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ, ਇਨ੍ਹਾਂ ਦਾ ਨਰੀਖਣ ਕਰਨਾ ਚਾਹੀਦਾ ਹੈ। ਇਸ ਗੱਲ ਦਾ ਫੈਸਲਾ ਕਰ ਲਓ, ਪੱਕਾ ਨਿਸ਼ਚਾ ਕਰ ਲਓ, ਚਾਹੇ ਕੁਝ ਕਿਉਂ ਨਾ ਹੋ ਜਾਵੇ, ਤੁਸੀਂ ਧਿਆਨ ਤੇ ਜ਼ਰੂਰ ਹੀ ਬੈਠੋਗੇ। ਪਹਿਲਾਂ ਪਹਿਲਾਂ ਇਸ ਤਰ੍ਹਾਂ ਕਰਨਾ ਔਖਾ ਹੋਵੇਗਾ ਪਰ ਅਭਿਆਸ ਨਾਲ ਨਿਰੰਤਰ ਅਭਿਆਸ ਬਣ ਜਾਵੇਗਾ। ਇਸ ਨਿਰੰਤਰ ਅਭਿਆਸ ਨਾਲ ਤੁਸੀਂ ਨਿਰਪੱਖ ਹੋ ਜਾਂਦੇ ਹੋ, ਅੱਡ ਹੋ ਜਾਂਦੇ ਹੋ ਤੇ ਇਸ ਅਵਸਥਾ ਤੇ ਪਹੁੰਚ ਜਾਂਦੇ ਹੋ ਜਿਥੇ ਤੁਸੀਂ ਇਕ ਦਰਸ਼ਕ ਬਣ ਜਾਂਦੇ ਹੋ, ਕਰਤਾ ਨਹੀਂ ਰਹਿੰਦੇ, ਓਦੋਂ ਹੀ ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਤ ਹੋ ਸਕਦੇ ਹੋ, ਉਦੋਂ ਹੀ ਤੁਸੀਂ ਮਾਨਸਿਕ, ਸਰੀਰਕ ਪੱਖੋਂ ਪੂਰੀ ਤਰ੍ਹਾਂ ਨਿਸਲ ਹੋ ਕੇ ਆਰਾਮ ਕਰ ਸਕਦੇ ਹੋ।

## ਅਗਨੀ

ਸਾਡੇ ਪਾਸੇ ਘੱਟ ਬਰਫ ਕਦੇ ਵੀ ਨਹੀਂ ਸੀ ਪੈਂਦੀ। ਸਾਡੇ ਪੈਨਸਲਵੇਨੀਆ ਵਿਚ ਬਸੰਤ ਵੀ ਸਮੇਂ ਤੇ ਹੀ ਹੁੰਦੀ। ਜਦੋਂ ਵੀ ਸੁਆਮੀ ਜੀ ਨੂੰ ਬਸੰਤ ਦੇ ਆਗਮਨ ਦਾ ਸੰਦੇਸ਼ ਮਿਲਦਾ ਸੁਆਮੀ ਜੀ ਸਲਾਨਾ ਦਿਵਸ ਮਨਾਉਣ ਦਾ ਹੋਕਾ ਦੇ ਦਿੰਦੇ ਤੇ ਉਸ ਦਿਨ ਉਹ ਸਾਰੇ ਗਰਾਉਂਡ ਸਾਫ ਕਰਾਉਂਦੇ। ਅਸੀਂ ਸਾਰੇ ਪੁਰਾਣੇ ਕੱਪੜੇ ਪਾਕੇ ਆਉਂਦੇ, ਸਿਰ ਤੇ ਹੈਟ ਪਾਉਂਦੇ, ਦਸਤਾਨੇ ਪਾਉਂਦੇ, ਟੈਲੀਫੋਨ ਨਾਲ ਰਖ ਕੇ ਸੁਆਮੀ ਜੀ ਰਸੋਈ ਵਾਲਿਆਂ ਨੂੰ ਕਹਿੰਦੇ ਕਿ ਪਿਕਨਿਕ ਲਈ ਕੋਈ ਖਾਣਾ ਤਿਆਰ ਕਰੋ, ਹਰ ਕੋਈ ਇਸ ਦਿਨ ਨੂੰ ਉਡੀਕਦਾ ਤੇ ਅਨੰਦ ਮਾਣਦਾ, ਸਾਰੀਆਂ ਸਰਦੀਆਂ ਅੰਦਰ ਬੈਠਣ ਤੋਂ ਬਾਅਦ ਸਭ ਨੂੰ ਚੰਗਾ ਲਗਦਾ। ਅਸੀਂ ਬਾਹਰ ਇਕੱਠੇ ਹੋਣਾ, ਖੇਤ ਸਾਫ ਕਰਨੇ ਤੇ ਫੇਰ ਉਥੇ ਹੀ ਬੈਠ ਕੇ ਪਿਕਨਿਕ ਮਨਾਉਣੀ। ਸੁਆਮੀ ਜੀ ਤੰਬੂ ਲਗਾ ਲੈਂਦੇ ਤੇ ਉਥੇ ਬੈਠ ਕੇ ਹਦਾਇਤਾ ਦਿੰਦੇ ਰਹਿੰਦੇ ਦਸਦੇ ਰਹਿੰਦੇ ਕਿ ਕਿਸ ਤਰ੍ਹਾਂ ਕਰਨਾ ਹੈ ਕੀ ਕਿਸ ਤਰ੍ਹਾਂ ਕਰਨਾ ਹੈ? ਸਫਾਈ ਕਰਾਉਂਦਿਆ ਸੁਆਮੀ ਜੀ ਬਹੁਤ ਹੀ ਖੁਸ਼ ਹੁੰਦੇ, ਸਾਰੇ ਹੀ ਵਿਦਿਆਰਥੀ ਲਗੇ ਹੁੰਦੇ, ਧੁੱਪ ਚਮਕ ਰਹੀ ਹੁੰਦੀ, ਹਵਾ ਚਲ ਰਹੀ ਹੁੰਦੀ ਤੇ ਸਾਹਮਣੇ ਇਹ ਹੁੰਦਾ ਕਿ ਇਹ ਸਾਰਾ ਕੰਮ ਖਤਮ ਕਰਨਾ ਹੈ। ਜਦੋਂ ਉਹ ਫਿਰ ਰਹੇ ਹੁੰਦੇ ਕਿਸੇ ਨੂੰ ਛੇੜਦੇ, ਕਿਸੇ ਨਾਲ ਮਖੌਲ ਕਰਦੇ ਤੇ ਉਨ੍ਹਾਂ ਦੇ ਕੰਮ ਨੂੰ ਸਰ੍ਹਾਉਂਦੇ।

ਸਭ ਤੋਂ ਪਹਿਲਾਂ ਅਸੀਂ ਮੇਨ ਬਿਲਡਿੰਗ ਦੇ ਸਾਹਮਣੇ ਦਾ ਗਰਾਉਂਡ ਸਾਫ ਕਰਦੇ। ਕੰਡਿਆ ਵਾਲੀਆਂ ਝਾੜੀਆਂ ਨੂੰ ਕਟਦੇ, ਕਈ ਦਰਖਤਾਂ ਦੀਆਂ ਟਾਹਣੀਆਂ ਕਟਦੇ, ਸਾਰਾ ਘਾਹ ਕੂੜਾ ਕਢਦੇ, ਇਕੱਠਾ ਕਰਦੇ, ਸਾਰੇ ਵੱਖ ਵੱਖ ਪਾਸੇ ਚਲੇ ਜਾਂਦੇ, ਆਪਣੇ ਆਪਣੇ ਔਜ਼ਾਰ ਨਾਲ ਲੈ ਜਾਂਦੇ। ਸਾਰੇ ਕੱਟ ਕੱਟ ਕੇ ਰਖਦੇ ਰਹਿੰਦੇ ਤੇ ਇਕੱਠਾ ਕਰਦੇ ਰਹਿੰਦੇ।

ਮੈਂ ਕਿਹਾ ਮੈਂ ਸਾਰਿਆਂ ਨੂੰ ਅਗਨੀ ਭੇਟ ਕਰਾਂਗਾ। ਮੈਂ ਇਕੱਲੇ ਨੇ ਹੀ ਇਹ ਕੰਮ ਸਾਂਭਿਆ। ਸਾਰੀਆਂ ਸੁਕੀਆਂ ਲਕੜੀਆਂ ਦਰਖਤਾਂ ਦੀਆਂ ਟਾਹਣੀਆਂ ਇਕੱਠੀਆਂ ਕੀਤੀਆਂ, ਸਭ ਕੁਝ ਜੋ ਕੁਝ ਵੀ ਪਤਝੜ ਤੋਂ ਲੈ ਕੇ ਸਰਦੀਆਂ ਵਿਚ ਟੁਟਿਆ ਪਿਆ ਸੀ ਸਾਰਿਆਂ ਦੇ ਢੇਰ ਬਣਾਏ, ਅਠ ਦੱਸ ਫੁਟ ਦੇ ਢੇਰ ਮੈਂ ਦੂਰ ਦੂਰ ਬਣਾ ਲਏ, ਬਣਾਕੇ ਜਦੋਂ ਮੈਂ ਇਕ ਨੂੰ ਅਗ ਲਾ ਲੈਂਦਾ ਤਾਂ ਦੂਸਰੇ ਨੂੰ ਲਾਉਣ ਤੁਰ ਪੈਂਦਾ। ਮੈਂ ਆਪਣੇ ਨਾਲ ਫਲ ਰਖਦਾ ਸਾਰਾ ਦਿਨ ਮੈਂ ਫਲ ਹੀ ਖਾਂਦਾ ਤੇ ਵਿਚ ਪਾਣੀ ਪੀ ਲੈਂਦਾ। ਅੱਗ ਲਗਾਉਂਦਿਆਂ ਟਾਹਣੀਆਂ ਇਕੱਠੀਆਂ ਕਰਦਿਆਂ ਕੱਟਣੀਆਂ ਤੇ ਚੁਕ ਕੇ ਉਨ੍ਹਾਂ ਦਾ ਢੇਰ ਬਣਾਉਣਾ ਇਹ ਸਭ ਕੁਝ ਕਰਦਿਆਂ ਦਿਨ ਕਿਥੇ ਬੀਤ ਜਾਂਦਾ ਸੀ, ਪਤਾ ਹੀ ਨਹੀਂ ਸੀ ਲਗਦਾ। ਮੈਨੂੰ ਇਕੱਲੇ ਕੰਮ ਕਰਨਾ ਚੰਗਾ ਲਗਦਾ ਸੀ। ਦੂਸਰਿਆਂ ਦੀ ਕੰਮ ਕਰਦਿਆਂ ਦੀ ਆਵਾਜ਼ ਦੂਰੋ ਆਉਂਦੀ ਰਹਿੰਦੀ। ਇੰਨੇ ਵਿਚ ਸੁਆਮੀ ਜੀ ਆਏ ਤੇ ਉਨ੍ਹਾਂ ਨੇ ਮੇਰੀ ਹੈਟ ਸਾਫ ਕੀਤੀ ਤੇ ਬਲਦੀ ਅੱਗ ਵਿਚ ਕੁਝ ਲਕੜੀਆਂ ਉਨ੍ਹਾਂ ਨੇ ਵੀ ਸੁਟੀਆਂ। ਸ਼ਾਮ ਦੇ ਪੰਜ ਵਜੇ ਤੱਕ ਕੋਈ ਪੰਜ ਢੇਰ ਅੱਗ ਦੇ ਬਲ ਰਹੇ ਹੁੰਦੇ।

ਇਸ ਤਰ੍ਹਾਂ ਦੇ ਹੀ ਇਕ ਦਿਨ ਕੁਝ ਵਿਦਿਆਰਥੀ ਜਿਹੜੇ ਨਗਰ ਵਿਚ ਰਹਿੰਦੇ ਸਨ ਉਹ ਆਏ, ਨਾਲ ਉਹ ਆਪਣੇ ਬੱਚੇ ਵੀ ਲੈਕੇ ਆਏ, ਉਹ ਸਾਡੇ ਨਾਲ ਸ਼ਾਮ ਦੀ ਰੋਟੀ ਖਾਣਾ ਚਾਹੁੰਦੇ ਸੀ। ਅਸੀਂ ਸਾਰੇ ਹੀ ਬੜੇ ਗੰਦੇ ਕਪੜਿਆਂ ਵਿਚ ਹੱਥਾਂ ਨੂੰ ਕੰਡੇ ਲੱਗੇ ਹੋਏ ਕਿਤੋਂ ਖ਼ੂਨ ਨਿਕਲਿਆ ਹੋਇਆ, ਕਿਤੋਂ ਕੁਛ ਲਗਾ ਬਹੁਤ ਹੀ ਹਾਸੋ ਹੀਣੇ ਲਗਦੇ। ਅਸੀਂ ਸੁਆਮੀ ਜੀ ਨੂੰ ਮਖ਼ੌਲ ਕਰਦੇ ਕਹਿੰਦੇ। ਸੁਆਮੀ ਜੀ ਅੱਜ ਸਾਡੀ ਏਨੇ ਦੀ ਦਿਹਾੜੀ ਹੋ ਗਈ ਹੈ। ਉਹ ਕਹਿੰਦੇ ਤੁਸੀਂ ਮੈਨੂੰ ਪੈਸੇ ਦੇਣੇ ਹਨ। ਇਕ ਤਾਂ ਤੁਸੀਂ ਮੇਰੇ ਪੌਦੇ ਉਜਾੜ ਦਿੱਤੇ ਹਨ, ਦੂਸਰੇ ਮੈਂ ਤੁਹਾਨੂੰ ਨਵਾਂ ਕੰਮ ਸਿਖਾ ਰਿਹਾ ਹਾਂ। ਤੁਹਾਨੂੰ ਉਸ ਵਿਚ ਅਭਿਆਸ ਵੀ ਕਰਾ ਰਿਹਾ ਹਾਂ ਤਾਕਿ ਲੋੜ ਪੈਣ ਤੇ ਤੁਸੀਂ ਇਹ ਕੰਮ ਕਰ ਸਕੋ।

ਸਾਰੇ ਕਾਫੀ ਥੱਕੇ ਹੋਏ ਸੀ ਪਰ ਸਭ ਨੂੰ ਹੀ ਬਹੁਤ ਅੱਛਾ ਲਗ ਰਿਹਾ ਸੀ। ਰਾਤ ਦਾ ਖਾਣਾ ਖਾਕੇ ਸਾਰੇ ਜਾਕੇ ਨਹਾਏ। ਸੂਰਜ ਪਹਾੜੀਆਂ ਦੇ ਪਿਛੇ ਛੁਪ ਚੁਕਾ ਸੀ ਤੇ ਇਕ ਦੋ ਤਾਰੇ ਵੀ ਅਸਮਾਨ ਵਿਚ ਟਿਮਟਿਮਾ ਰਹੇ ਸੀ। ਸੁਆਮੀ ਜੀ ਨੇ ਮੈਨੂੰ ਤੇ ਥਰੀਸਾ ਨੂੰ ਬੁਲਾਇਆ ਕਿ ਚਲੋ ਸਾਰੇ ਦਿਨ ਦਾ ਕੰਮ ਦੇਖੀਏ, ਕੀ ਕੀਤਾ ਹੈ ਕੀ ਹੋਇਆ ਹੈ? ਮੇਰੇ ਕਪੜਿਆਂ ਵਿਚੋਂ ਲਕੜੀ ਦੇ ਧੂਏਂ ਦੀ ਹਮਕ ਆ ਰਹੀ ਸੀ ਤੇ ਨਾਲ ਪਸੀਨੇ ਦੀ। ਮੇਰਾ ਚਿਹਰਾ ਵੀ ਧੂਆਂਖਿਆ ਪਿਆ ਸੀ ਪਰ ਇਸ ਤਰ੍ਹਾਂ ਦਾ ਵਾਤਾਵਰਣ ਸੀ ਕਿ ਕਿਸੇ ਨੂੰ ਵੀ ਕੁਛ ਬੁਰਾ ਨਹੀਂ ਸੀ ਲਗ ਰਿਹਾ। ਮੇਰੀਆਂ ਲਗਾਈਆਂ ਹੋਈਆਂ ਅੱਗਾਂ ਹਾਲੇ ਧੁਖ ਰਹੀਆਂ ਸੀ, ਜਿਹੜੀ ਸਭ ਤੋਂ ਬਾਅਦ ਵਿਚ ਜਾਲੀ ਸੀ ਉਹ ਹਾਲੇ ਪੂਰੀ ਤਰ੍ਹਾਂ ਬਲ ਰਹੀ ਸੀ। ਉਸ ਵਿਚ ਲਕੜੀਆਂ ਬਹੁਤ ਸੀ। ਅਸੀਂ ਸਾਹਮਣੇ ਚਟਾਨ ਤੇ ਬੈਠ ਗਏ ਤੇ ਦੇਖਣ ਲਗ ਪਏ, ਅੱਗ ਦੀਆਂ ਲਾਟਾ ਬੜੀਆਂ ਹੀ ਸੋਹਣੀਆਂ ਲਗ ਰਹੀਆਂ ਸੀ।

ਸੁਆਮੀ ਜੀ ਦੇਖਦੇ ਰਹੇ ਬੋਲੇ ਕੁਝ ਨਹੀਂ। ਬੜੇ ਹੀ ਗੰਭੀਰ ਰੂਪ ਵਿਚ ਸੁਆਮੀ ਜੀ ਦੇਖ ਰਹੇ ਸੀ। ਸੁਆਮੀ ਜੀ ਕੁਝ ਵੀ ਨਹੀਂ ਸੀ ਬੋਲ ਰਹੇ ਜਿਵੇਂ ਕਿ ਬਹੁਤ ਵਾਰੀ ਹੁੰਦਾ ਹੈ ਉਨ੍ਹਾ ਦੀ ਦੇਖਣੀ ਇਸ ਤਰ੍ਹਾਂ ਸੀ ਜਿਵੇਂ ਉਹ ਅਗਨੀ ਦੇ ਬਾਰੇ ਹੀ ਕੁਛ ਸੋਚ ਰਹੇ ਹੋਣ ਤੇ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਉਨ੍ਹਾਂ ਨੂੰ ਅੱਗ ਵਿਚੋਂ ਕੁਝ ਐਸਾ ਦਿਸ ਰਿਹਾ ਸੀ ਜੋ ਕਿਸੇ ਨੂੰ ਨਾ ਦਿਖਿਆ ਹੋਵੇ। ਬਿਨਾ ਆਪਣਾ ਮੂੰਹ ਮੋੜੇ ਸੁਆਮੀ ਜੀ ਨੇ ਇਕ ਪਤਲੀ ਜਿਹੀ ਡੰਡੀ ਨਾਲ ਅੱਗ ਨੂੰ ਛੇੜਿਆ ਤੇ ਸਾਡੇ ਨਾਲ ਗਲ ਕੀਤੀ।

ਸੁਆਮੀ ਜੀ ਕਹਿਣ ਲੱਗੇ, 'ਅਗਨੀ ਮੇਰੀ ਮਿਤਰ ਹੈ।'

ਉਨ੍ਹਾਂ ਦਾ ਇਸ ਤਰ੍ਹਾਂ ਕਹਿਣਾ ਮੈਨੂੰ ਕੋਈ ਹੈਰਾਨੀ ਵਾਲੀ ਗੱਲ ਨਹੀਂ ਲਗੀ। ਮੈਂ ਕਿੰਨੇ ਸਾਲਾਂ ਤੋਂ ਦੇਖ ਰਿਹਾ ਸੀ ਕਿ ਜਿਵੇਂ ਸੁਆਮੀ ਜੀ ਅਗਨੀ ਕਿਵੇਂ ਆਕਰਸ਼ਕ ਕਰਦੀ ਹੈ।

ਜਦੋਂ ਮੈਂ ਛੋਟਾ ਸੀ ਤੇ ਮੇਰੇ ਅੰਕਲ ਮੇਰੀ ਸਾਰੀ ਜਗੀਰ ਲੈਣਾ ਚਾਹੁੰਦੇ ਸੀ ਉਸ ਨੇ ਗੁੰਡਿਆਂ ਨੂੰ ਪੈਸੇ ਦਿੱਤੇ ਤਾਂ ਜੋ ਮੈਨੂੰ ਮਾਰ ਦੇਣ। ਇਕ ਵਾਰੀ ਮੈਂ ਤੇ ਗੁਰੂ ਦੇਵ ਜਾ ਰਹੇ ਸੀ ਤੇ ਗੁਰੂ ਦੇਵ ਕਹਿਣ ਲੱਗੇ ਅਸੀਂ ਇਥੇ ਹੀ ਰੁਕੀਏ। ਅਸੀਂ ਲਕੜੀਆਂ ਇਕੱਠੀਆਂ ਕੀਤੀਆਂ ਤੇ ਅੱਗ ਜਲਾਈ। ਅਸੀਂ ਲਕੜੀਆਂ ਪਾਈ ਗਏ, ਜਦੋਂ ਤਕ ਉਹ ਵੱਡੀ ਉਚੀ ਅੱਗ ਨਹੀਂ ਬਣ ਗਈ। ਫੇਰ ਗੁਰੂ ਦੇਵ ਨੇ ਮੈਨੂੰ ਚੁਕਿਆ ਤੇ ਅੱਗ ਦੇ ਵਿਚ ਬਿਠਾ ਦਿੱਤਾ ਤੇ ਉਸੇ ਸਮੇਂ ਮੈਨੂੰ ਮਾਰਨ ਵਾਲੇ ਆ ਗਏ ਤੇ ਮੇਰੇ ਬਾਰੇ ਪੁਛਣ ਲਗੇ ਕਿ ਮੈਂ ਕਿਥੇ ਹਾਂ?

ਗੁਰੂ ਦੇਵ ਕਹਿਣ ਲੱਗੇ ਤੁਸੀਂ ਦੇਖ ਲਵੋ ਇਥੇ ਤਾਂ ਕੋਈ ਮੁੰਡਾ ਨਹੀਂ ਹੈ। ਉਹ ਬੰਦੇ ਕਹਿਣ ਲੱਗੇ, "ਉਹ ਮਰ ਗਿਆ ਹੋਣੈ ਕਿਉਂਕਿ ਇੰਨਾ ਪਹਾੜਾਂ ਵਿਚ ਤਾਂ ਕੋਈ ਬਚ ਹੀ ਨਹੀਂ ਸਕਦਾ। ਇਹ ਗੱਲ ਉਨ੍ਹਾਂ ਨੇ ਮੇਰੇ ਅੰਕਲ ਨੂੰ ਕਹੀ ਇਸ ਤੋਂ ਪਿਛੋਂ ਕੋਈ ਨਹੀਂ ਆਇਆ।

ਉਨ੍ਹਾਂ ਦੇ ਜਾਣ ਤੋਂ ਬਾਅਦ ਗੁਰੂ ਦੇਵ ਨੇ ਮੈਨੂੰ ਅਗਨੀ ਵਿਚੋਂ ਕਢਿਆ। ਮੈਂ ਬਿਲਕੁਲ ਠੀਕ ਠਾਕ ਸੀ, ਮੈਨੂੰ ਕੁਛ ਨਹੀਂ ਹੋਇਆ ਸੀ। ਅਗਨੀ ਨੇ ਤਾਂ ਮੈਨੂੰ ਸੁਰਖਿਅਤ ਰਖਿਆ ਸੀ।

ਅਗਨੀ ਤੋਂ ਕਦੀ ਨਾ ਡਰੋ। ਅਗਨੀ ਦੇਵਤਾ ਨੇ ਮੇਰੇ ਨਾਲ ਵਾਇਦਾ ਕੀਤਾ ਹੈ ਕਿ ਮੈਂ ਤੈਨੂੰ ਸਦਾ ਹੀ ਸੁਰਖਿਅਤ ਰਖਾਂਗੀ।

ਸੁਆਮੀ ਜੀ ਨੇ ਸਾਡੇ ਵੱਲ ਦੇਖਿਆ ਤੇ ਇਹ ਸਭ ਕੁਛ ਦਸਿਆ।

## ਸ਼ੁਭ ਵੈਦਕ ਨ੍ਰਿਤ

ਸੋਹਣੀਆਂ ਚੀਜ਼ਾਂ ਸੁਆਮੀ ਜੀ ਨੂੰ ਸੋਹਣੀਆਂ ਲਗਦੀਆਂ ਸੀ। ਸੁਆਮੀ ਜੀ ਆਕਰਸ਼ਕ ਹੋ ਜਾਂਦੇ ਸੀ। ਸੁਆਮੀ ਜੀ ਸ਼ਾਸ਼ਤਰੀ ਸੰਗੀਤ ਦੇ ਨ੍ਰਿਤ ਦੇ ਪੇਂਟਿੰਗ ਤੇ ਬੁਤ ਬਨਾਉਣ ਦੀ ਕਲਾ ਦੇ ਬਹੁਤ ਹੀ ਉਚ ਕੋਟੀ ਦੇ ਪਾਰਖੂ ਸਨ ਇਹ ਸਭ ਕੁਝ ਉਨ੍ਹਾਂ ਨੇ ਟੈਗੋਰ ਦੀ ਸ਼ਾਂਤੀ ਨਿਕੇਤਨ ਅਕੈਡਮੀ ਵਿਚ ਰਹਿ ਕੇ ਸਿਖਿਆ ਸੀ। ਟੈਗੋਰ ਕੋਲ ਰਹਿ ਕੇ ਸੁਆਮੀ ਜੀ ਨੇ ਇਹ ਸਭ ਕੁਝ ਤਾਂ ਸਿਖਿਆ ਹੀ ਨਾਲ ਇਹ ਵੀ ਕਿਹਾ ਕਿ ਇਹ ਸਾਰੀਆਂ ਸੂਖਮ ਕਲਾਵਾਂ ਨੂੰ ਇਤਿਹਾਸ, ਵਿਗਿਆਨ ਤੇ ਸਿਆਸਤ ਨਾਲ ਮਿਲ ਕੇ ਚਲਣਾ ਚਾਹੀਦਾ ਹੈ।

"ਸ਼ਾਂਤੀਨਿਕੇਤਨ ਵਿਚ ਮੈਨੂੰ ਰਹਿਣਾ ਚੰਗਾ ਲਗਾ ਸੀ, ਭਾਵੇਂ ਮੈਂ ਸ਼ਰਾਰਤੀ ਸੀ ਤੇ ਦੋ ਵਾਰੀ ਮੈਨੂੰ ਉਥੋਂ ਕਢਿਆ ਵੀ ਗਿਆ। ਪਰ ਮੈਂ ਉਥੇ ਰਹਿ ਕੇ ਬਹੁਤ ਕੁਝ ਸਿਖਿਆ, ਵਿਸ਼ੇਸ਼ ਤੋਰ ਤੇ ਸੋਹਣੀਆਂ ਚੀਜ਼ਾਂ ਨੂੰ ਦੇਖ ਕੇ ਮਾਨਣਾ, ਉਨ੍ਹਾਂ ਦੇ ਸੁਹਪਣ ਨੂੰ ਦੇਖ ਕੇ ਸਲਾਹੁਣਾ ਤੇ ਪ੍ਰਸ਼ੰਸਾ ਕਰਨੀ। ਜਦੋਂ ਕੋਈ ਵੀ ਪ੍ਰਾਹੁਣੇ ਸੁਆਮੀ ਜੀ ਦੇ ਕਮਰੇ ਵਿਚ ਹੌਨਜ਼ਡੇਲ ਆਉਂਦੇ, ਉਹ ਭਾਰਤੀ ਕਲਾ ਕ੍ਰਿਤੀਆਂ ਨੂੰ ਦੇਖ ਕੇ ਮਾਣਦੇ, ਬਹੁਤ ਹੀ ਸੋਹਣੇ ਪੁਰਾਣੇ ਗਲੀਚੇ, ਪੁਰਾਣੀਆਂ ਤਸਵੀਰਾਂ, ਪੁਰਾਤਨ ਲਕੜੀ ਦੀਆਂ ਮੂਰਤੀਆਂ ਤੇ ਹੋਰ ਚੀਜ਼ਾਂ, ਲਕੜੀ ਤੇ ਹਾਥੀ ਦੰਦ ਦੇ ਮੇਜ਼, ਸੋਹਣੀਆਂ ਭਾਰਤੀ ਕੁਰਸੀਆਂ, ਲੰਮੇ ਲੰਮੇ ਪੌਂਦੇ, ਪਿਤਲ ਦੇ ਭਾਂਡਿਆਂ ਵਿਚ ਪਏ ਹੋਏ ਗਮਲੇ ਤੇ ਸੋਹਣੇ ਸੋਹਣੇ ਕਲਾ ਦੇ ਹੋਰ ਨਮੂਨੇ ਵੀ ਪਏ ਹੁੰਦੇ। ਉਨ੍ਹਾਂ ਦੀ ਆਪਣੀ ਕੁਰਸੀ ਕਮਰੇ ਦੇ ਕੋਨੇ ਵਿਚ ਪਈ ਹੁੰਦੀ ਜਿਸ ਉਤੇ ਨੇਪਾਲ ਦੇ ਹਿਰਨ ਦੀ ਛਾਲ ਬਿਛੀ ਹੁੰਦੀ, ਹਿਰਨ ਦੀ ਛਾਲ ਬਿਛਾਉਣ ਤੋਂ ਭਾਵ ਹੈ ਕਿ ਮਨੁੱਖ ਨੇ ਆਪਣੇ ਆਪ ਤੇ ਕਾਬੂ ਪਾ ਲਿਆ ਹੈ। ਹਰ ਇਕ ਚੀਜ਼ ਸੋਹਣੀ ਸੀ। ਇਕ ਇਕ ਚੀਜ਼ ਜਿਵੇਂ ਖੋਜ ਖੋਜ ਕੇ ਚੁਣ ਚੁਣ ਕੇ ਰਖੀ ਹੋਵੇ ਪਰ ਸੁਆਮੀ ਜੀ ਦਾ ਲਗਾਓ ਕਿਸੇ ਵੀ ਚੀਜ਼ ਨਾਲ ਨਹੀਂ ਸੀ। ਵਿਦਿਆਰਥੀ ਤੇ ਸੁਆਮੀ ਜੀ ਦੇ ਚਾਹੁਣ ਵਾਲੇ ਕਿਤੋਂ ਕਿਤੋਂ ਸੁਆਮੀ ਜੀ ਲਈ ਸੁਗਾਤਾਂ ਭੇਜਦੇ। ਕਈ ਵਾਰੀ ਇਹ ਸੁਗਾਤਾਂ ਕਮਰੇ ਵਿਚ ਰਖ ਦਿੱਤੀਆਂ ਜਾਂਦੀਆਂ, ਕਮਰੇ ਨੂੰ ਹੋਰ ਸੋਹਣਾ ਬਣਾ ਦਿੱਤਾ ਜਾਂਦਾ ਪਰ ਸੁਆਮੀ ਜੀ ਤਾਂ ਕੰਬਲਾ ਉਤੇ ਖਾਣ ਵਾਲੇ ਕਮਰੇ ਵਿਚ ਸੌਂਦੇ, ਉਹ ਵੀ ਭੁੰਜੇ ਜਾਂ ਬੈਠਕੇ ਅਭਿਆਸ ਕਰਦੇ। ਕਦੀ ਦੂਸਰੇ ਕਮਰੇ ਵਿਚ ਚਲੇ ਜਾਂਦੇ ਜਿਹੜਾ ਘੱਟ ਹੀ ਵਰਤੋਂ ਵਿਚ ਆਉਂਦਾ।

ਸੁਆਮੀ ਜੀ ਜੁਆਨੀ ਦੇ ਸਮੇਂ ਆਪਣੇ ਗਾਣੇ ਆਪ ਹੀ ਬਣਾ ਕੇ ਗਾਉਂਦੇ ਰਹੇ ਹਨ। ਇਥੋਂ ਤੱਕ ਕਿ ਰੇਡੀਓ ਸਟੇਸ਼ਨ ਤੇ ਵੀ ਗਾਉਂਦੇ ਰਹੇ ਹਨ। ਗੁਰੂ ਦੇਵ ਨੇ ਕਿਹਾ ਸੀ ਕਿ ਚੰਗਾ ਹੀ ਨਹੀਂ, ਗਾਉਣ ਵਿਚ ਤੂੰ ਬਿਲਕੁਲ ਉਪਰ ਚੜ ਜਾਏਗਾ। ਇੰਨਾ ਅੱਛਾ ਐਨੀ ਸ਼ੋਭਾ ਹੋਏਗੀ ਕਿ ਤੂੰ ਜੀਵਨ ਦੀ ਅਸਲੀ ਮੰਜ਼ਲ ਮਿਸ਼ਨ ਹੀ ਭੁੱਲ ਜਾਵੇਗਾ, ਇਸ ਕਾਰਣ ਕਰਕੇ ਸੁਆਮੀ ਜੀ ਨੇ ਗਾਉਣਾ ਛੱਡ ਦਿੱਤਾ।

ਸੁਆਮੀ ਜੀ ਨੇ ਚਿਤਰਕਾਰੀ ਚਿਤਰਵਿਦਿਆ ਵੀ ਸਿਖੀ ਤੇ ਬਹੁਤ ਸੋਹਣੇ ਚਿਤਰ ਵੀ ਤਿਆਰ ਕੀਤੇ, ਪਰ ਅਮਰੀਕਨਾਂ ਨੇ ਉਨ੍ਹਾਂ ਦੀ ਚਿਤਰ ਕਲਾ ਨੂੰ ਨਹੀਂ ਪਛਾਣਿਆ, ਨਾਹੀ ਉਸ ਨੂੰ ਸਰਾਹਿਆ। ਸੁਆਮੀ ਜੀ ਨੇ ਸਦਾ ਹੀ ਕਲਾ ਨੂੰ ਅੱਗੇ ਰਖਿਆ ਤੇ ਸਾਲ ਵਿਚ ਇਕ ਵਾਰੀ ਨ੍ਰਿਤ ਤੇ ਗਾਣੇ ਦਾ ਪ੍ਰੋਗਰਾਮ ਹਮੇਸ਼ਾ ਹੁੰਦਾ ਰਿਹਾ। ਇਹ ਪ੍ਰੋਗਰਾਮ ਸਲਾਨਾ ਕੌਨਫਰੰਸ ਤੇ ਹੀ ਹੁੰਦਾ ਸੀ।

ਪਤਝੜ ਵਿਚ ਬਾਹਰ ਬੈਠ ਕੇ ਕੁਝ ਖਾਣ ਲਈ ਬਨਾਉਣਾ ਤੇ ਫੇਰ ਖਾਣਾ ਇਹ ਇਕ ਖਾਸ ਪ੍ਰੋਗਰਾਮ ਹੋਇਆ ਕਰਦਾ ਸੀ। ਅਸੀਂ ਖ਼ੂਬ ਸਾਰੀ ਅੱਗ ਜਲਾਉਣੀ, ਬਹੁਤ ਹੀ ਅੱਛਾ ਤੇ ਸੁਆਦੀ ਖਾਣਾ ਬਨਾਣਾ ਸਭ ਨੇ ਗਰਮੀਆਂ ਦੇ ਕੰਮ ਕਾਜ ਦਾ ਥਕੇਵਾਂ ਉਤਾਰਨਾ, ਇਕ ਦੂਸਰੇ ਨਾਲ ਹਾਸਾ ਮਖੌਲ ਕਰਨਾ। ਭਜਨ ਤੇ ਸ਼ਬਦ ਪੜ੍ਹਨੇ, ਸੁਆਮੀ ਜੀ ਦੇ ਪ੍ਰਵਚਨ ਸੁਨਣੇ ਤੇ ਫੇਰ ਅੱਗ ਦੇ ਕੋਲ ਬੈਠ ਕੇ ਮੈਡੀਟੇਸ਼ਨ ਕਰਨੀ।

ਇਕ ਸਾਲ ਮੈਂ ਸੋਚਿਆ ਕੁਝ ਹੋਰ ਵੀ ਕਰਨਾ ਚਾਹੀਦਾ ਹੈ ਇਸ ਪ੍ਰੋਗਰਾਮ ਦੇ ਨਾਲ ਕੁਝ ਹੋਰ ਵੀ ਹੋਣਾ ਚਾਹੀਦਾ ਹੈ। ਸ਼ਾਮ ਨੂੰ ਸੂਰਜ ਅਸਤ ਹੋਣ ਤੋਂ ਬਾਅਦ ਦਰਖਤਾਂ ਦੇ ਮੁਡ ਅੱਗ ਵਿਚ ਲਗਾ ਦਿੱਤੇ ਜਾਂਦੇ। ਮੈਂ ਇਹ ਕਹਿ ਦਿੱਤਾ ਕਿ ਅੱਜ ਸ਼ਾਮ ਨੂੰ ਸਾਨੂੰ ਇਕ ਨ੍ਰਿਤ ਜੋੜੀ ਆਪਣਾ ਨ੍ਰਿਤ ਦਿਖਾਉਣਗੇ, ਪੁਰਾਤਨ ਵੈਦਕ ਨ੍ਰਿਤ। ਸਾਰੇ ਹੀ ਬਹੁਤ ਖੁਸ਼ ਹੋਏ। ਵਿਦਿਆਰਥੀ ਬਾਹਰੋਂ ਆਏ, ਸਾਰਿਆਂ ਵਿਚ ਇਕ ਪ੍ਰਸੰਨਤਾ ਦੀ ਲਹਿਰ ਦੌੜ ਗਈ, ਥਰੀਸਾ ਮੈਂ ਤੇ ਰੈਨਡੀ ਅਸੀਂ ਨਾਲ ਵਾਲੇ ਹਾਲ ਵਿਚ ਚਲੇ ਗਏ। ਥਰੀਸਾ ਨੇ ਸਾਨੂੰ ਦੋਹਾਂ ਨੂੰ ਆਪਣੀ ਆਇਰਸ਼ ਡਰੈਸਾਂ ਦਿਤੀਆਂ। ਇਕ ਕਾਫੀ ਲੰਮੀ ਸੀ ਇਕ ਥੋੜੀ ਛੋਟੀ ਸੀ। ਥਰੀਸਾ ਨੇ ਇਹ ਡਰੈਸਾ ਯੂਰਪ ਤੋਂ ਲਿਆਉਂਦੀਆਂ ਹੋਈਆਂ ਸੀ। ਮੈਂ ਲੰਮਾ ਸੀ ਮੈਂ ਛੋਟੀ ਵਾਲੀ ਡਰੈਸ ਪਾ ਲਈ। ਰੈਨਡੀ ਨੇ ਲੰਮੀ ਵਾਲੀ ਪਾ ਲਈ ਉਹ ਸਾਰਾ ਹੀ ਉਸ ਵਿਚ ਲਪੇਟਿਆ ਗਿਆ। ਅਸੀਂ ਦੋਹਾਂ ਨੇ ਲੰਮੇ ਮਫਲਰ ਗਲੇ ਵਿਚ ਪਾ ਲਏ ਜਿਹੜੇ ਸਾਡੇ ਪੈਰਾਂ ਤੱਕ ਆ ਗਏ ਤੇ ਲੰਮੀਆਂ ਲੰਮੀਆਂ ਮੁੱਛਾਂ ਲਗਾ ਲਈਆਂ।

ਠੰਢੀ ਸ਼ਾਮ ਜਿਵੇਂ ਜਿਵੇਂ ਵਧਦੀ ਗਈ ਬਾਹਰ ਬੈਠੇ ਸਜਣਾਂ ਦੀਆਂ ਆਸਾ ਉਡੀਕਾਂ ਵੀ ਵਧਦੀਆਂ ਗਈਆਂ। ਕਾਫੀ ਦੇਰ ਹੋ ਗਈ, ਉਹ ਸਾਰੇ ਆਪਸ ਵਿਚ ਗਲਾਂ ਵੀ ਕਰ ਰਹੇ ਸੀ ਕਿ ਕੀ ਹੋਣ ਵਾਲਾ ਹੈ, ਕਿਹੜੇ ਨ੍ਰਿਤ ਕਰਨ ਵਾਲੇ ਹਨ, ਕੀ ਹੈ? ਅਸੀਂ ਇਕ ਦਮ ਪੁਰਾਤਨ ਗਾਣਾ ਲਗਾਇਆ ਸਾਰਾ ਵਾਤਾਵਰਣ ਖਿੜ ਗਿਆ, ਇਕ ਵਧੀਆ ਆਰਲੈਂਡ ਦਾ ਵਾਤਾਵਰਣ ਬਣ ਗਿਆ ਜਦੋਂ ਹਲਕਾ ਹਲਕਾ ਗਾਣ ਚਲ ਰਿਹਾ ਸੀ ਰੈਨਡੀ ਤੇ ਮੈਂ ਬਾਹਰ ਆ ਗਏ ਇਕ ਦਮ ਸਾਰਾ ਗਾਣ ਉਚਾ ਹੋ ਗਿਆ ਬੰਸਰੀਆਂ ਢੋਲ ਸਭ ਇਕ ਦਮ ਉਚੇ ਹੋ ਗਏ। ਅਸੀਂ ਦੋਨੋਂ ਜਣੇ ਛਾਲ ਮਾਰ ਕੇ ਸਰੋਤਿਆਂ ਦੇ ਅੱਗੇ ਅੱਗ ਦੇ ਕੋਲ ਆ ਗਏ। ਅਸੀਂ ਦੋਨਾਂ ਨੇ ਜੋ ਨਚਣਾ ਸ਼ੁਰੂ ਕੀਤਾ ਪੂਰੇ ਜੋਸ਼ ਨਾਲ ਅਸੀਂ ਨਚਦੇ ਰਹੇ। ਸਾਡੀਆਂ ਡਰੈਸਾਂ ਉਡਦੀਆਂ ਜਾਣ ਸਾਡੇ ਮਫਲਰ ਘੁਟਦੇ ਜਾਣ, ਅਸੀਂ ਕੁੱਦੇ, ਨਚੇ ਛਾਲਾ ਅੱਗੇ ਪਿਛੇ ਅਸੀਂ ਖ਼ੂਬ ਹੀ ਖੜਦੂਮੀ ਪਾਈ, ਘੁੰਮਣਘੇਰੀਆਂ

ਪਾਈਆਂ ਉਪਰ ਥੱਲੇ, ਪੁਛੋ ਨਾ ਕੀ ਕੀ ਕੀਤਾ। ਅਸੀਂ ਪੂਰੀ ਤਰ੍ਹਾਂ ਪੁਰਾਤਨ ਆਇਰਲੈਂਡ ਦਾ ਨ੍ਰਿਤ ਕੀਤਾ, ਗੋਡਿਆਂ ਭਾਰ ਬੈਠੇ।

ਅਸੀਂ ਘੁਮੇਟਣੀਆਂ ਖਾਦੀਆਂ ਤੇ ਨਚਦੇ ਹੀ ਰਹੇ। ਸਾਨੂੰ ਕੋਈ ਪਤਾ ਹੀ ਨਹੀਂ ਇਥੋਂ ਤਕ ਕਿ ਰੈਨਡੀ ਥਕਾਵਟ ਮਹਿਸੂਸ ਕਰਨ ਲਗ ਪਿਆ, ਛਕਣਾ ਹੀ ਸੀ ਘੜੀ ਤੇ ਸਵੇਰ ਦੇ 4:30 ਵਜ ਗਏ ਸੀ। ਰੈਨਡੀ ਨੇ ਚੱਕਰ ਖਾਧਾ ਤੇ ਨਾਲ ਹੀ ਆਪਣੀ ਮੁਛ ਠੀਕ ਕਰਨ ਲੱਗਾ ਇਸ ਤਰ੍ਹਾਂ ਕਰਦਿਆਂ ਉਹ ਮੇਰੇ ਉਤੇ ਆ ਡਿਗਿਆ। ਮੈਂ ਗਲਤ ਨੂੰ ਘੁਮ ਗਿਆ ਤੇ ਆਪਣੇ ਨ੍ਰਿਤ ਦੇ ਕਦਮ ਮਿਲਾ ਕੇ ਚਲਣ ਦੀ ਕੋਸ਼ਿਸ਼ ਕਰਨ ਲਗਾ। ਥਲਿਓ ਮੇਰੀ ਪੈਂਟ ਖਿਸਕਣ ਲਗ ਪਈ। ਮੈਂ ਸਕੱਰਟ ਦੇ ਥੱਲੇ ਉਸ ਨੂੰ ਠੀਕ ਕਰਨ ਦਾ ਜਤਨ ਕਰ ਰਿਹਾ ਸੀ ਪਰ ਉਹ ਠੀਕ ਹੋ ਨਹੀਂ ਰਹੀ ਸੀ ਰੈਨਡੀ ਬਿਲਕੁਲ ਠੀਕ ਕਰਦਾ ਰਿਹਾ ਪਰ ਮੈਂ ਉਖੜ ਗਿਆ ਇਸ ਤਰ੍ਹਾਂ ਕਰਦਿਆਂ ਹੀ ਮੇਰਾ ਬੂਟ ਉਤਰ ਕੇ ਅੱਗ ਵਿਚ ਜਾ ਡਿਗਿਆ, ਰੈਨਡੀ ਦੀ ਸਕਰਟ ਵੀ ਢਿੱਲੀ ਹੋਕੇ ਖੁਲਣੀ ਸ਼ੁਰੂ ਹੋ ਗਈ। ਮੈਂ ਆਪਣਾ ਬੂਟ ਅੱਗ ਵਿਚੋਂ ਕੱਢਣ ਲਗ ਪਿਆ ਪਰ ਵਾਸਤਵ ਵਿਚ ਅਸੀਂ ਬਹੁਤ ਥੱਕ ਚੁਕੇ ਸੀ ਘੁਮੇਟਣੀਆਂ ਆ ਰਹੀਆਂ ਸੀ ਮੈਂ ਤਾਂ ਇਕ ਵਾਰੀ ਅੱਗ ਵਿਚ ਹੀ ਡਿਗਣ ਲਗਾ ਸੀ। ਸ੍ਰੋਤਿਆਂ ਦੀਆਂ ਅੱਖਾਂ ਭਰੀਆਂ ਹੋਈਆਂ, ਕਈਆਂ ਦੇ ਹੰਝੂ ਵੀ ਵਗ ਤੁਰੇ ਸੀ ਪਰ ਉਹ ਅਨੰਦ ਵਿਚ ਸੀ, ਉਹ ਇਕ ਸਰੂਰ ਵਿਚ ਸੀ, ਹੱਸ ਵੀ ਰਹੇ ਸੀ। ਸੁਆਮੀ ਜੀ ਵੀ ਬੈਠੇ ਸੀ ਤੇ ਆਪਣੇ ਹੱਥ ਉਪਰ ਕਰ ਰਹੇ ਸੀ ਤੇ ਕਹਿ ਰਹੇ ਸੀ ਕਿ ਨ੍ਰਿਤਕਾਂ ਦੀ ਤਾਂ ਡਰੈਸ ਹੀ ਖੁਲਦੀ ਜਾ ਰਹੀ ਹੈ। ਅੰਤ ਨੂੰ ਗਾਣਾ ਮੱਧਮ ਹੋਇਆ ਤੇ ਅਸੀਂ ਦੋਨੋਂ ਵੈਦਕ ਨ੍ਰਿਤਕ ਅੰਦਰ ਚਲੇ ਗਏ ਤੇ ਸਾਰੇ ਸ੍ਰੋਤੇ ਖੜੇ ਹੋਕੇ ਤਾੜੀਆਂ ਵਜਾਉਂਦੇ ਰਹੇ ਪਰ ਅਸੀਂ ਬਾਹਰ ਨਹੀਂ ਆਏ।

ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਵੈਦਕ ਨ੍ਰਿਤਕ ਕਦੀ ਵੀ ਵਾਪਸ ਨਹੀਂ ਆਉਣਗੇ ਪਰ ਮੈਂ ਇਸ ਰਾਤ ਦਾ ਅਨੁਭਵ ਸਦਾ ਹੀ ਆਪਣੇ ਅੰਦਰ ਮਾਣਦਾ ਰਹਾਂਗਾ।

## ਇਕ ਅਚਨਚੇਤ ਆਇਆ ਪ੍ਰਾਹੁਣਾ -

ਜੁਲਾਈ ਦੀ ਪੂਰਨਮਾਸ਼ੀ ਨੂੰ ਜਦੋਂ ਸੁਆਮੀ ਜੀ ਜਾਪਾਨ ਸੀ ਅਸੀਂ ਗੁਰੂ ਪੂਰਣੀਮਾ ਮਨਾਈ। ਗੁਰੂ ਪੂਰਣੀਮਾ ਨੂੰ ਤੁਸੀਂ ਆਪਣੇ ਆਪਨੂੰ ਗੁਰੂ ਚਰਨਾਂ ਵਿਚ ਭੇਟ ਕਰਕੇ ਆਤਮ ਮਾਰਗ ਤੇ ਤੁਰਨ ਦੀ ਪ੍ਰੋੜਤਾ ਕਰਦੇ ਹੋ। ਗੁਰੂ ਪ੍ਰਤੀ ਆਪਣੇ ਆਪ ਨੂੰ ਕ੍ਰਿਤਗ ਮਹਿਸੂਸ ਕਰਦੇ ਹੋ। ਗੁਰੂ ਹੀ ਤਾਰਨਹਾਰ ਹੈ, ਗੁਰੂ ਹੀ ਭਵਸਾਗਰ ਤੋਂ ਕੱਢਣ ਵਾਲਾ ਹੈ। ਗੁਰੂ ਤੋਂ ਉਚਾ ਸੁਚਾ ਕੋਈ ਸੰਬੰਧ ਹੈ ਹੀ ਨਹੀਂ।

ਹਿਮਾਲੀਆ ਦੀ ਪਰੰਪਰਾ ਵਿਚ ਸ਼ਿਸ਼ ਸੁਕੀਆਂ ਲਕੜੀਆਂ ਲੈ ਕੇ ਜਾਂਦੇ ਹਨ ਜਦੋਂ ਗੁਰੂ ਕੋਲ ਜਾਂਦੇ ਹਨ ਇਨ੍ਹਾਂ ਲਕੜੀਆਂ ਨੂੰ ਕਰਮ ਰੂਪ ਕਰਕੇ ਜਲਾਇਆ ਜਾਂਦਾ ਹੈ। ਗੁਰੂ ਸ਼ਿਸ਼ ਦੇ ਕਰਮ, ਇਛਾਵਾਂ ਸਭ ਇਨ੍ਹਾਂ ਲਕੜੀਆਂ ਦੇ ਰੂਪ ਵਿਚ ਸਾੜ ਕੇ ਸੁਆਹ ਕਰ ਦਿੰਦਾ ਹੈ ਤੇ ਆਪਣਾ ਗਿਆਨ ਆਪਣੀ ਕ੍ਰਿਪਾ ਪ੍ਰਦਾਨ ਕਰਦਾ ਹੈ। ਉਨ੍ਹਾਂ ਲਕੜੀਆਂ ਦੀ ਅੱਗ ਇਕ ਸ਼ੁਭ ਅਗਨੀ ਮੰਨ ਕੇ ਗੁਰੂ ਆਪਣੇ ਸ਼ਿਸ਼ ਨੂੰ ਬੰਧਨਾ ਤੋਂ ਛੁਡਾਉਂਦਾ ਹੈ, ਕਰਮਾਂ ਦੇ ਬੰਧਨ ਤੋੜਦਾ ਹੈ।

ਸਦਾ ਦੀ ਤਰ੍ਹਾਂ ਥਰੀਸਾ ਨੇ ਤੇ ਮੈਂ ਛੋਟਾ ਜਿਹਾ ਲਕੜੀਆਂ ਦਾ ਗਠਾ ਤਿਆਰ ਕੀਤਾ ਸੀ ਤੇ ਸੁਆਮੀ ਜੀ ਨੂੰ ਪਾਰਸਲ ਕਰਕੇ ਜਾਪਾਨ ਭੇਜਿਆ ਸੀ। ਜਿਹੜਾ ਸਾਡਾ ਮਿੱਤਰ ਸੁਆਮੀ ਜੀ ਨਾਲ ਗਿਆ ਸੀ ਉਹ ਦਸ ਰਿਹਾ ਸੀ ਕਿ ਸੁਆਮੀ ਜੀ ਟੋਕੀਓ ਤੋਂ ਬਾਹਰ ਗਏ। ਜੰਗਲ ਵਿਚ ਜਾਕੇ ਕਾਫੀ ਲਕੜੀਆਂ ਇਕੱਠੀਆਂ ਕਰਕੇ ਸੁਆਮੀ ਜੀ ਨੇ ਅੱਗ ਲਗਾਈ। ਫੇਰ ਸੁਆਮੀ ਜੀ ਨੇ ਸੁਕੀਆਂ ਲਕੜੀਆਂ ਇਕੱਠੀਆਂ ਕਰਾਈਆਂ। ਫੇਰ ਸਾਰੇ ਅੱਗ ਦੇ ਆਲੇ ਦੁਆਲੇ ਬੈਠ ਗਏ ਤੇ ਹੌਲੀ ਹੌਲੀ ਉਹ ਲਕੜੀਆਂ ਅੱਗ ਵਿਚ ਪਾਉਂਦੇ ਗਏ ਤੇ ਸੁਆਮੀ ਜੀ ਸ਼ਿਸ਼ਿਆ ਦੇ ਨਾਮ ਲੈਂਦੇ ਗਏ।

ਜਦੋਂ ਇਹ ਹੋ ਰਿਹਾ ਸੀ ਇਕ ਲਕੜੀ ਉਡਕ ਕੇ ਅੱਗ ਤੋਂ ਬਾਹਰ ਨਿਕਲ ਗਈ। ਇਕ ਸ਼ਿਸ਼ ਨੇ ਚੁਕ ਕੇ ਮੁੜਕੇ ਉਹ ਅੱਗ ਵਿਚ ਪਾ ਦਿੱਤੀ ਪਰ ਉਹ ਲਕੜੀ ਫੇਰ ਉਡ ਕੇ ਬਾਹਰ ਆ ਗਈ ਤਿੰਨ ਚਾਰ ਲਕੜੀਆਂ ਇਸ ਤਰ੍ਹਾਂ ਹੀ ਉਡ ਕੇ ਬਾਹਰ ਆ ਗਈਆਂ।

ਉਥੇ ਬੈਠੇ ਸਾਰੇ ਸ਼ਿਸ਼ ਬੜੇ ਹੀ ਹੈਰਾਨ ਹੋ ਰਹੇ ਸੀ ਕਿ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ? ਉਨ੍ਹਾਂ ਨੇ ਸੁਆਮੀ ਜੀ ਨੂੰ ਪੁਛਿਆ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ? ਸੁਆਮੀ ਜੀ ਮੋਢੇ ਇਕੱਠੇ ਕਰਦੇ ਹੋਏ ਕਹਿੰਦੇ "ਕਈ ਲੋਕੀ ਆਪਣੇ ਕਰਮ ਨਹੀਂ ਫੂਕਣੇ ਚਾਹੁੰਦੇ।"

ਉਸੇ ਦਿਨ ਹੌਨਜ਼ਡੇਲ ਵਿਚ ਇਕ ਅੱਗ ਜਲਾਈ ਗਈ ਉਚੀ ਸਾਰੀ। ਹਲਵਾ ਅਤੇ ਚਾਹ ਸਭ ਖੁਲੀ ਵਰਤਾਈ ਗਈ। ਅੱਗ ਦੇ ਆਲੇ ਦੁਆਲੇ ਬੈਂਚ ਲਗਾਏ ਗਏ, ਤਕੀਏ ਲਗਾਏ ਗਏ। ਸਾਰੇ ਅੱਗ ਦੇ ਆਲੇ ਦੁਆਲੇ ਬੈਠੇ ਬੈਠੇ ਸ਼ਾਮ ਹਾਲੇ ਢੱਲ ਹੀ ਰਹੀ ਸੀ। ਜਦੋਂ ਸਾਰੇ ਇਕੱਠੇ ਹੋਏ ਤੇ ਆਪਸ ਵਿਚ ਗੱਲਾਂ ਬਾਤਾਂ ਕਰਨ ਲੱਗੇ ਕਿਉਂਕਿ ਸੁਆਮੀ ਜੀ ਦੇਸ਼ ਤੋਂ ਬਾਹਰ ਸੀ ਅਸੀਂ ਉਸ ਤੋਂ ਪਿਛਲੇ ਸਾਲ ਵਾਲੇ ਰਿਕਾਰਡ ਕੀਤੇ ਬਚਨ ਹੀ ਸੁਣ ਰਹੇ ਸੀ ਤੇ ਨਾਲ ਹੀ ਅਸੀਂ ਭਜਨ ਗਾਣੇ ਸ਼ੁਰੂ ਕਰ ਦਿੱਤੇ।

ਮੈਂ ਬੈਂਚ ਤੇ ਬੈਠ ਗਿਆ ਮੇਰੇ ਇਕ ਪਾਸੇ ਥਰੀਸਾ ਬੈਠ ਗਈ। ਇਕ ਪਾਸੇ ਸੁਆਮੀ ਅਜੈ। ਸੁਆਮੀ ਅਜੈ ਨੇ ਇਕ ਦਿਨ ਪਹਿਲਾਂ ਹੀ ਗੁਰੂ ਪੂਰਣੀਮਾ ਦੀ ਮਹਤਤਾ ਦਸੀ ਸੀ। ਮੈਂ ਉਪਰ ਦੇਖਣ ਲਗ ਪਿਆ। ਮੈਂ ਸੜਕ ਦੇ ਸਜੇ ਪਾਸੇ ਦੇਖਿਆ, ਮੈਨੂੰ ਕੋਈ ਟੁਰਦਾ ਦਿਸਿਆ ਚੀੜ ਦੇ ਦਰਖਤਾਂ ਦੇ ਸਾਹਮਣੇ ਕੋਈ ਤੁਰ ਰਿਹਾ ਸੀ, ਕੋਈ ਪੈਂਤੀ ਗਜ ਦੂਰ ਹੀ ਹੋਵੇਗਾ। ਪਹਿਲਾਂ ਉਹ ਝਾੜੀਆਂ ਦੇ ਪਿਛੇ ਛੁਪ ਗਿਆ। ਫੇਰ ਉਹ ਪੱਛਮ ਵਾਲੇ ਪਾਸੇ ਮੁੜ ਗਿਆ। ਮੈਂ ਸੋਚਿਆ ਇਹ ਕੋਈ ਮਰੀਜ਼ ਹੋਏਗਾ ਜਿਹੜਾ ਮਰੀਜ਼ ਆਕੇ ਥਰੇਪੀ ਵਿਚ ਰਹਿੰਦੇ ਹਨ ਫੇਰ ਉਹ ਰੁਕ ਗਏ ਤੇ ਜਿਥੇ ਅਸੀਂ ਬੈਠੇ ਸੀ ਉਧਰ ਮੂੰਹ ਕਰ ਲਿਆ। ਉਹ ਹੀ ਚਿਟਾ ਪਜਾਮਾ ਪਾਇਆ ਹੋਇਆ। ਹਰੀ ਸ਼ਾਲ ਪਾਸਿਆਂ ਤੋਂ ਬਾਹਰ ਨੂੰ ਨਿਕਲੀ ਹੋਈ ਹਵਾ ਨਾਲ ਹਿਲ ਰਹੀ ਸੀ। ਸੁਆਮੀ ਜੀ ਨੇ ਸਾਡੇ ਵਲ ਦੇਖਿਆ।

ਮੈਂ ਐਨਾ ਪ੍ਰਸੰਨ ਹੋ ਗਿਆ, ਮੈਂ ਭਰਪੂਰ ਹੋ ਗਿਆ ਸੁਆਮੀ ਜੀ ਉਥੇ ਖੜੇ ਮੁਸਕਰਾਉਂਦੇ ਰਹੇ। ਕੋਈ ਅੱਧਾ ਮਿੰਟ ਸੁਆਮੀ ਜੀ ਖੜੇ ਰਹੇ ਤੇ ਫੇਰ ਉਹ ਕੋਈ ਵੀਹ ਫੁਟ ਹੋਰ ਤੁਰੇ। ਮੇਰੇ ਮੰਨ ਦੀਆਂ ਅੱਖਾਂ ਸੁਆਮੀ ਜੀ ਦੇ ਪਿਛੇ ਪਿਛੇ ਹੀ ਜਾਂਦੀਆਂ ਰਹੀਆਂ। ਅੰਤ ਸੁਆਮੀ ਜੀ ਦਰਖਤਾਂ ਵਿਚ ਅਲੋਪ ਹੋ ਗਏ।

ਕਈ ਮਿੰਟਾ ਬਾਅਦ ਉਸ ਜੰਗਲ ਨੂੰ ਮੈਂ ਦੇਖਦਾ ਰਿਹਾ ਫੇਰ ਮੈਂ ਥਰੀਸਾ ਵੱਲ ਦੇਖਿਆ। ਥਰੀਸਾ ਦੀਆਂ ਅੱਖਾਂ ਵਿਚੋਂ ਛਲਕਦਾ ਪਿਆਰ ਇਸ ਗੱਲ ਦੀ ਗਵਾਹੀ ਦੇ ਰਿਹਾ ਸੀ ਕਿ ਉਸ ਨੇ ਵੀ ਸੁਆਮੀ ਜੀ ਨੂੰ ਦੇਖਿਆ ਹੈ। ਅਸੀਂ ਉਨ੍ਹਾਂ ਦੇ ਵਰਸੋਏ ਹਾਂ। ਇਹ ਸ਼ਬਦ ਕਹਿਣੇ ਬੜੇ ਹੀ ਅਧੂਰੇ ਜਿਹੇ ਲਗ ਰਹੇ ਸੀ। ਮੈਨੂੰ ਸੁਆਮੀ ਜੀ ਦੀ ਹੋਂਦ ਭਰਪੂਰ ਤੇ ਸੰਪੂਰਨ ਮਹਿਸੂਸ ਹੋ ਰਹੀ ਸੀ। ਫੇਰ ਮੈਨੂੰ ਸੁਆਮੀ ਜੀ ਦੇ ਸ਼ਬਦ ਚੇਤੇ ਆਏ, "ਜਦੋਂ ਤੁਸੀਂ ਆਤਮ ਮਾਰਗ ਤੇ ਚਲਦੇ ਹੋ ਤੁਸੀਂ ਇਕੱਲੇ ਨਹੀਂ ਹੁੰਦੇ।"

ਮੈਂ ਉਥੇ ਬੈਠਾ ਜਰੂਰ ਸੀ, ਸਾਹ ਵੀ ਲੈ ਰਿਹਾ ਸੀ, ਜੀ ਵੀ ਰਿਹਾ ਸੀ ਮੇਰੀ ਜੀਵਨ ਸ਼ਕਤੀ ਭਰਪੂਰ ਸੀ, ਮੈਂ ਸਭ ਕੁਝ ਦੇਖ ਰਿਹਾ ਸੀ। ਜੋ ਕੁਝ ਨਹੀਂ ਸੀ ਮੈਂ ਉਸ ਦਾ ਸਾਕਸ਼ੀ ਸੀ ਮੈਂ ਉਥੇ ਸੀ ਪਰ ਉਸ ਵਿਚ ਨਹੀਂ ਸੀ ਮੈਂ ਉਸ ਦਾ ਸਾਕਸ਼ੀ ਸੀ, ਪਰ ਉਸ ਵਿਚ ਭਾਗ ਲੈਣ ਵਾਲਾ ਨਹੀਂ ਸੀ, ਮੈਂ ਕਿਸੇ ਤੇ ਨਿਰਭਰ ਨਹੀਂ ਸੀ, ਇਹ ਸਭ ਸੋਚ ਕੇ ਮੈਨੂੰ ਬਹੁਤ ਹੀ ਅਨੰਦ ਆ ਰਿਹਾ ਸੀ। ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਜੇ ਅੱਜ ਮੇਰੇ ਕੋਲ ਜੋ ਕੁਝ ਵੀ ਹੈ ਉਹ ਸਭ ਕੁਝ ਕੋਈ ਲੈ ਵੀ ਜਾਵੇ ਤਾਂ ਮੈਨੂੰ ਜ਼ਰਾ ਵੀ ਮਹਿਸੂਸ ਨਹੀਂ ਹੋਵੇਗਾ ਮੈਂ ਆਪਣੇ ਆਪ ਵਿਚ ਬਿਲਕੁਲ ਸ਼ਾਂਤ ਸੀ।

ਜਿਵੇਂ ਅਸੀਂ ਮੇਜ਼ ਤੇ ਜਾਣ ਲਈ ਉਠੇ, ਇਹ ਬਿਲਕੁਲ ਪਰਤੱਖ ਸੀ ਕਿ ਕਿਸੇ ਨੂੰ ਵੀ ਨਹੀਂ ਪਤਾ ਕਿ ਸੁਆਮੀ ਜੀ ਆਏ ਸੀ। ਸੰਗਤਾਂ ਨੂੰ ਇਸ ਗੱਲ ਦਾ ਅਹਿਸਾਸ ਨਾ ਹੋਣਾ ਕਿ ਸੁਆਮੀ ਜੀ ਆਏ ਸੀ। ਸੁਆਮੀ ਜੀ ਦਾ ਉਥੋਂ ਆ ਕੇ ਚਲੇ ਜਾਣਾ ਇਹ ਮੇਰੇ ਲਈ ਬਹੁਤ ਹੀ ਭਾਵਕ ਅਨੁਭਵ ਸੀ ਮੈਂ ਇਸ ਘਟਨਾ ਨੂੰ ਬਹੁਤ ਹੀ ਚੰਗੀ ਤਰ੍ਹਾਂ ਮਹਿਸੂਸ ਕੀਤਾ। ਅਸੀਂ ਬਾਕੀ ਦੀਆਂ ਸਾਰੀਆਂ ਰਸਮਾਂ ਦੇਖੀਆਂ ਤੇ ਹਿੱਸਾ ਲਿਆ ਪਰ ਇਸ ਘਟਨਾ ਨੇ ਸਭ ਕੁਝ ਹੀ ਭਰਪੂਰਤਾ ਨਾਲ ਸੰਪੂਰਨ ਕਰ ਦਿੱਤਾ ਸੀ।

---

(ਪੰਨਾ 8 ਦੀ ਬਾਕੀ)

ਬਾਨੀ ਦਾ ਰੂਪ ਬਣੋ, ਜਿਉਂ-ਜਿਉਂ ਅਸੀਂ ਬਾਨੀ ਦਾ ਚਾਨਣਾ ਲਵਾਂਗੇ। ਵਾਹਿਗੁਰੂ ਨਾਲ ਸਾਡਾ ਪਿਆਰ ਜੁੜਦਾ ਜਾਏਗਾ। ਜਿਉਂ-ਜਿਉਂ ਵਾਹਿਗੁਰੂ ਨਾਲ ਪਿਆਰ ਜੁੜਦਾ ਜਾਏਗਾ, ਮਾਇਆ ਵਾਲਾ ਚੱਕਰ ਦੂਰ ਹੁੰਦਾ ਜਾਏਗਾ। ਸੋ ਇਸ ਤਰ੍ਹਾਂ ਇਸ ਮਹੀਨੇ ਵਿਚ ਮਹਾਰਾਜ ਜੀ ਨੇ ਉਪਦੇਸ਼ ਦਿਤਾ ਹੈ, ਇਹਨੂੰ ਪਿਆਰਿਓ ਕਮਾਓ ਹਿਰਦੇ ਵਿਚ ਵਸਾਓ, ਯਾਦ ਰੱਖੋ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***

***ਅੰਗ - 677***

ਕੋਈ ਜਗ੍ਹਾ ਐਸੀ ਨਹੀਂ ਜਿਥੇ ਕਹੀਏ ਕਿ ਵਾਹਿਗੁਰੂ ਨਹੀਂ। ਸੋ ਪਿਆਰ ਦੇ ਨਾਲ ਆਹ ਸਰੀਰ ਨੂੰ ਮਿਲ ਜਾਂਦਾ ਹੈ ਵਾਹਿਗੁਰੂ। ਇਹ ਸਰੀਰ ਮਿਲਿਆ ਹੀ ਇਸ ਕਰਕੇ ਹੈ ਕਿਉਂਕਿ ਇਹਦੇ ਵਿਚ ਸਮਰੱਥਾ ਹੈ, ਵਾਹਿਗੁਰੂ ਨੂੰ ਪਿਆਰ ਕਰ ਸਕਦਾ ਹੈ, ਦੂਸਰਾ ਇਹਦੇ ਵਿਚ ਸ਼ਕਤੀ ਹੈ ਕਿ ਵਾਹਿਗੁਰੂ ਜਿਸ ਥਾਂ ਤੇ ਵਸਦਾ ਹੈ ਸਰੀਰ ਦੇ ਅੰਦਰ, ਉਹ ਥਾਂ ਖੁਲ੍ਹ ਜਾਂਦਾ ਹੈ ਇਹਦਾ। ਖੁਲ੍ਹਣ ਦੇ ਨਾਲ, ਵਾਹਿਗੁਰੂ ਨੂੰ ਸਾਂਗ ਉਪਾਂਗ ਦੇਖ ਲੈਂਦਾ ਹੈ। ਜਿਵੇਂ ਤੁਸੀਂ ਮੈਨੂੰ ਦੇਖ ਰਹੇ ਹੋ, ਮੈਂ ਤੁਹਾਨੂੰ ਦੇਖ ਸਕਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਆਪਣੇ ਜੀਵਨ ਦਾ ਆਧਾਰ ਬਣਾਓ। ਕੱਚੀਆਂ ਗੱਲਾਂ ਛੱਡੋ, ਬਾਕੀ ਸੋਚਾਂ ਛੱਡੋ, ਜਿਹੜੀਆਂ ਫਜ਼ੂਲ ਦੀਆਂ ਹੁੰਦੀਆਂ ਨੇ। ਇਹਦੇ ਵਿਚ ਨਾ ਜੀਵਨ ਬਤੀਤ ਕਰੋ। ਖਾਸ ਕਰਕੇ ਜਿਹੜੇ ਰੱਬ ਦੇ ਰਸਤੇ ਤੇ ਤੁਰ ਰਹੇ ਨੇ, ਉਨ੍ਹਾਂ ਨੂੰ ਬਹੁਤ ਸਾਵਧਾਨਤਾ ਦੀ ਲੋੜ ਹੈ। ਇਹਦੇ ਵਿਚ ਕੁਛ ਨਹੀਂ ਚਲਦਾ, ਹੁਕਮ ਦੀ ਕ੍ਰਿਆ ਦੇ ਵਿਚ ਸੋਚਾਂ, ਚਲਾਕੀਆਂ, ਕੁਛ ਨਹੀਂ ਮਾਇਨੇ ਰੱਖਦੀਆਂ। ਜਿਹੜਾ ਲੀਨ ਹੋ ਗਿਆ ਸੋ ਹੋ ਗਿਆ। ਆਹੀ ਆਪਣਾ ਜਨਮ ਮਨੋਰਥ ਹੈ, ਚਾਹੇ ਕੁਛ ਮਿਲਦਾ ਹੈ ਮਿਲੇ, ਨਹੀਂ ਮਿਲਦਾ ਨਾ ਮਿਲੇ। ਸਾਨੂੰ ਇਕ ਦੀ ਆਸ ਹੈ, ਉਹ ਨਾ ਸਾਡੇ ਹਿਰਦੇ 'ਚੋਂ ਵਿਛੜੇ। ਸੋ ਇਸ ਤਰ੍ਹਾਂ ਆਪਣਾ ਜੀਵਨ ਬਤੀਤ ਕਰੋ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਸਾਹਿਬਜ਼ਾਦਿਆਂ ਦੀਆਂ ਮਹਾਨ ਕੁਰਬਾਨੀਆਂ ਦੇ 300 ਸਾਲਾ ਪਵਿੱਤਰ ਸ਼ਹੀਦੀ ਦਿਵਸ ਨੂੰ ਸਮਰਪਿਤ

# ਨਿੱਕੀਆਂ ਜਿੰਦਾਂ ਵੱਡੇ ਸਾਕੇ

## ਖਾਲਸੇ ਦੀ ਸਿਰਜਨਾ

ਸੰਨ 1699 ਈ. ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਉਚੇਚੇ ਸੱਦੇ ਤੇ ਸਿੱਖ ਸੰਗਤਾਂ ਦੂਰ ਦੁਰਾਡੇ ਤੋਂ ਅਨੰਦਪੁਰ ਸਾਹਿਬ ਪਹੁੰਚੀਆਂ। ਕੀਰਤਨ ਦੀ ਸਮਾਪਤੀ ਹੋਣ ਤੇ ਗੁਰੂ ਜੀ ਨੇ ਆਪਣੀ ਕਿਰਪਾਨ ਹੱਥ ਵਿਚ ਲੈ ਕੇ ਆਪਣੇ ਸ਼ਰਧਾਲੂਆਂ ਤੋਂ ਸੀਸ ਦੀ ਭੇਟ ਮੰਗੀ। ਵਾਰੋ ਵਾਰੀ ਗੁਰੂ ਜੀ ਦੇ ਪੰਜ ਸ਼ਰਧਾਲੂ ਖੜ੍ਹੇ ਹੋ ਗਏ-ਲਾਹੌਰ ਦਾ ਖਤਰੀ ਦਇਆ ਰਾਮ, ਦਿੱਲੀ ਦਾ ਜੱਟ ਧਰਮ ਦਾਸ, ਜਗਨ ਨਾਥ ਪੁਰੀ ਦਾ ਰਸੋਈਆ ਹਿੰਮਤ ਰਾਏ, ਦਵਾਰਕਾ ਦਾ ਛੀਂਬਾ ਮੁਹਕਮ ਚੰਦ ਤੇ ਬਿਦਰ (ਆਂਧਰਾ) ਦਾ ਸਾਹਿਬ ਚੰਦ। ਗੁਰੂ ਜੀ ਇਨ੍ਹਾਂ ਨੂੰ ਇਕ ਪਾਸੇ ਲੈ ਗਏ।

ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ, ਵਿਚ ਪਤਾਸੇ ਮਾਤਾ ਸਾਹਿਬ ਕੌਰ ਜੀ ਨੇ ਪਾਏ। ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ। ਜ਼ਾਤ-ਪਾਤ ਦਾ ਭੇਦ ਮਿਟਾ ਦਿਤਾ ਤੇ ਉਨ੍ਹਾਂ ਨੂੰ ਸਿੰਘ ਸਜਾ ਕੇ ਉਨ੍ਹਾਂ ਦੇ ਨਾਂ ਰੱਖੇ - ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਤੇ ਭਾਈ ਸਾਹਿਬ ਸਿੰਘ। ਇਸ ਤੋਂ ਪਿਛੋਂ ਗੁਰੂ ਜੀ ਨੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ। ਏਸੇ ਲਈ ਅਸੀਂ ਕਹਿੰਦੇ ਹਾਂ -

ਵਾਹ ਵਾਹ (ਗੁਰੂ) ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਆਪ ਖੰਡੇ ਬਾਟੇ ਦਾ ਅੰਮ੍ਰਿਤ ਛਕਦੇ ਹੋਏ।

ਅੰਮ੍ਰਿਤ ਛਕਣ ਲਈ ਉਤਸਾਹ ਜਾਗ ਪਿਆ। ਗੁਰੂ ਜੀ ਦੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਾਰ ਸਿੰਘ ਜੀ ਅਤੇ ਹੋਰ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਛਕਿਆ।

ਅੰਮ੍ਰਿਤ ਛਕਣ ਮਗਰੋਂ ਇਕ ਵਾਰੀ ਨਵੀਂ ਫੂਕੀ ਜਾਂਦੀ ਹੈ, ਅੰਮ੍ਰਿਤ ਛਕਣ ਤੇ ਖਾਲਸਾ ਬਣਦਾ ਹੈ। ਪੰਜ ਕਕਾਰ-ਕੇਸ, ਕੰਘਾ, ਕਛਹਿਰਾ, ਕੜਾ ਤੇ ਕ੍ਰਿਪਾਨ ਧਾਰਨ ਕਰਨੇ ਜ਼ਰੂਰੀ ਹਨ। ਅੰਮ੍ਰਿਤਧਾਰੀ ਸਿੰਘ ਆਪਣੇ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝਦਾ ਹੈ। ਉਸਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਗੁਰੂ ਸਦਾ ਮੇਰੇ ਅੰਗ-ਸੰਗ ਹੈ। ਅੰਮ੍ਰਿਤ ਛਕ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਜੁਝਾਰ ਸਿੰਘ ਜੀ ਖਾਲਸਾ ਫੌਜ ਦੇ ਬਹਾਦਰ ਸਿਪਾਹੀ ਬਣਨ ਦੀਆਂ ਤਿਆਰੀਆਂ ਕਰਨ ਲੱਗੇ। ਰੋਜ਼ ਸ਼ਾਮ ਨੂੰ ਗਤਕੇ ਤੇ ਤੀਰਾਂ ਦੀਆਂ ਜੰਗੀ ਖੇਡਾਂ ਖੇਡਦੇ। ਦੋ ਦਸਤੇ ਬਣਾ ਲੈਂਦੇ, ਇਕ ਦੁਸ਼ਮਣ ਦਾ ਤੇ ਇਕ ਆਪਣਾ। ਕਈ ਵਾਰੀ ਗੁਰੂ ਗੋਬਿੰਦ ਸਿੰਘ ਜੀ ਆਪੂੰ ਇਹ ਖੇਡਾਂ ਦੇਖਦੇ।

## ਅਨੰਦਪੁਰ ਸਾਹਿਬ ਉਪਰ ਹਮਲੇ -

ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਥ ਨੂੰ ਮੁਗ਼ਲ ਰਾਜ ਦੇ ਅਧਿਕਾਰੀ ਮਾੜੀ ਅੱਖ ਨਾਲ ਦੇਖਦੇ ਸਨ। ਸਿੱਖ

ਸਾਹਿਬਜ਼ਾਦਾ ਅਜੀਤ ਸਿੰਘ ਜੀ ਮੁਗਲ ਫੌਜਾਂ ਦੇ
ਘੇਰੇ ਵਿਚ ਆ ਕੇ ਜੂਝਦੇ ਹੋਏ

ਸ਼ਰਧਾਲੂ ਗੁਰੂ ਜੀ ਨੂੰ 'ਸੱਚੇ ਪਾਤਸ਼ਾਹ' ਕਹਿੰਦੇ ਸਨ। ਬਾਦਸ਼ਾਹ ਔਰੰਗਜ਼ੇਬ ਇਹ ਸਹਾਰ ਨਾ ਸਕਿਆ ਕਿ ਉਸ ਦੇ ਰਾਜ ਵਿਚ ਕਿਸੇ ਹੋਰ ਨੂੰ ਪਾਤਸ਼ਾਹ ਕਿਹਾ ਜਾਏ ਤੇ ਓਹ ਭੀ ਸੱਚਾ ਪਾਤਸ਼ਾਹ।

ਔਰੰਗਜ਼ੇਬ ਨੇ ਆਪਣੇ ਜਰਨੈਲਾਂ ਨੂੰ ਹੁਕਮ ਦਿਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਤਾਕਤ ਨੂੰ ਰੋਕਿਆ ਜਾਏ। ਉਨ੍ਹਾਂ ਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਅਨੰਦਪੁਰ 'ਤੇ ਕਈ ਹਮਲੇ ਕੀਤੇ। ਹਰ ਵਾਰ ਗੁਰੂ ਜੀ ਦੇ ਸਿੰਘ ਡਟ ਕੇ ਮੁਕਾਬਲਾ ਕਰਦੇ ਤੇ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਨੂੰ ਮੂੰਹ ਦੀ ਖਾਣੀ ਪੈਂਦੀ।

ਔਰੰਗਜ਼ੇਬ ਦੇ ਹੁਕਮ ਨਾਲ ਨਵਾਬ ਦਿਲਾਵਰ ਖਾਨ ਤੇ ਉਸ ਦੇ ਪੁੱਤਰ ਰੁਸਤਮ ਖਾਨ ਨੂੰ ਉਚੇਚਾ ਇਸ ਕੰਮ ਲਈ ਚੁਣਿਆ ਗਿਆ ਕਿ ਉਹ ਅਨੰਦਪੁਰ ਦੇ ਕਿਲ੍ਹੇ ਨੂੰ ਫਤਹਿ ਕਰਨ। ਨਵੰਬਰ 1695 ਵਿਚ ਰੁਸਤਮ ਖਾਨ ਨੇ ਅਚਾਨਕ ਹਮਲਾ ਕਰ ਦਿਤਾ। ਅਨੰਦਪੁਰ ਨੂੰ ਸਤਲੁਜ ਦਰਿਆ ਨੇ ਘੇਰਿਆ ਹੋਇਆ ਸੀ। ਕਿਲ੍ਹੇ ਤੱਕ ਪਹੁੰਚਣ ਲਈ ਦਰਿਆ ਨੂੰ ਜ਼ਰੂਰ ਪਾਰ ਕਰਨਾ ਪੈਂਦਾ ਸੀ। ਉਸ ਨੇ ਸਰਦੀਆਂ ਦੀ ਰਾਤ ਚੁਣੀ ਜਦ ਸਤਲੁਜ ਵਿਚ ਪਾਣੀ ਘੱਟ ਹੋਵੇ ਤੇ ਸਿੱਖ ਫੌਜਾਂ ਆਰਾਮ ਕਰ ਰਹੀਆਂ ਹੋਣ। ਕਿਲ੍ਹੇ ਦੀ ਚੌਕੀ ਤੇ ਪਹਿਰਾ ਦਿੰਦਾ ਗੁਰੂ ਜੀ ਦਾ ਹੁਸ਼ਿਆਰ ਪਠਾਣ ਸਿਪਾਹੀ ਆਲਮ ਜਾਗਦਾ ਸੀ। ਉਸ ਨੇ ਜਦ ਘੋੜਿਆਂ ਦੀ ਆਵਾਜ਼ ਸੁਣੀ ਤਾਂ ਝੱਟ ਗੁਰੂ ਜੀ ਨੂੰ ਜਾ ਕੇ ਜਗਾਇਆ। ਸਿੱਖ ਫੌਜਾਂ ਸਾਵਧਾਨ ਹੋ ਗਈਆਂ। ਨਗਾਰੇ 'ਤੇ ਚੋਟ ਵੱਜ ਗਈ।

ਤੀਰ ਤੇ ਬੰਦੂਕਾਂ ਚਲਣੀਆਂ ਸ਼ੁਰੂ ਹੋ ਗਈਆਂ। ਜਦ ਤੋਪਾਂ ਦੇ ਗੋਲੇ ਤੇ ਤੀਰ ਸਤਲੁਜ ਵਿਚ ਅੜੇ ਖਲੋਤੇ ਮੁਗਲ ਸਿਪਾਹੀਆਂ ਨੂੰ ਪੈਂਦੇ ਤਾਂ ਉਹ 'ਅੱਲ੍ਹਾ ਬਚਾਓ, ਅੱਲ੍ਹਾ ਬਚਾਓ' ਪੁਕਾਰਦੇ ਹਥਿਆਰ ਛੱਡ ਘੋੜਿਆਂ ਨੂੰ ਅੱਡੀ ਲਗਾ ਨਸ ਗਏ। ਇਸ ਤਰ੍ਹਾਂ ਕਈ ਹੋਰ ਜੰਗਾਂ ਹੋਈਆਂ।

ਸਰਹਿੰਦ ਦੇ ਨਵਾਬ ਨੇ ਵੱਡੇ ਲਸ਼ਕਰ ਇਕੱਠੇ ਕੀਤੇ। ਲਾਹੌਰ ਦਾ ਨਵਾਬ ਜ਼ਬਰਦਸਤ ਖਾਨ ਆਪਣੀ ਫੌਜ ਲਿਆਇਆ। ਪਹਾੜੀ ਰਾਜਿਆਂ ਦੇ ਦਸਤੇ ਨਾਲ ਆ ਰਲੇ।

ਅਨੰਦਪੁਰ ਦੇ ਖੁਲ੍ਹੇ ਮੈਦਾਨ ਵਿਚ ਜੰਗ ਸ਼ੁਰੂ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ। 15 ਸਾਲਾਂ ਦੇ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਭੀ ਆਪਣੇ ਜੌਹਰ ਦਿਖਾਏ। ਹਾਰ ਖਾ ਕੇ ਪਹਾੜੀ ਰਾਜੇ ਤੇ ਮੁਗਲ ਜਰਨੈਲ ਦੌੜ ਗਏ।

ਸਿੰਘਾਂ ਨੂੰ ਹਰਾਉਣ ਲਈ ਮੁਗਲਾਂ ਨੇ ਕਈ ਚਾਲਾਂ ਚੱਲੀਆਂ। ਇਕ ਵਾਰ ਮਸਤ ਹਾਥੀ ਤੋਂ ਅਨੰਦਪੁਰ ਦੇ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਭਾਈ ਮਨੀ ਸਿੰਘ ਦੇ ਬਹਾਦਰ ਸਪੂਤ ਭਾਈ ਬਚਿੱਤਰ ਸਿੰਘ ਨੂੰ ਥਾਪੀ ਦਿਤੀ ਤੇ ਉਸ ਦੇ ਹੱਥ ਨਾਗਣੀ ਪਕੜਾਈ।

ਪਹਾੜੀ ਰਾਜਿਆਂ ਦਾ ਭੇਜਿਆ ਮਸਤ ਹਾਥੀ ਜਦ ਦਰਵਾਜ਼ੇ ਵੱਲ ਵਧਿਆ ਤਾਂ ਭਾਈ ਜੀ ਨੇ ਨਾਗਣੀ ਨਾਲ ਅਜਿਹਾ ਤਿੱਖਾ ਵਾਰ ਕੀਤਾ ਕਿ ਨਾਗਣੀ ਹਾਥੀ ਦੇ ਮੱਥੇ ਨੂੰ ਚੀਰ ਗਈ। ਜ਼ਖਮੀ ਹੋਇਆ ਹਾਥੀ ਚੀਕਦਾ-ਚਿਹਾੜਦਾ ਪਹਾੜੀ ਰਾਜਿਆਂ ਦੀਆਂ ਫੌਜਾਂ ਨੂੰ ਲਿਤਾੜਦਾ ਤੜਫ-ਤੜਫ ਕੇ ਮਰ ਗਿਆ।

**1704 ਦੀ ਜੰਗ** - ਸਭ ਤੋਂ ਘੋਰ ਜੰਗ ਸੀ। ਕਈ

ਕੀਮਤੀ ਮਖਮਲੀ ਕੱਪੜੇ ਥੋੜ੍ਹੀ ਦੂਰ ਹੀ ਗਏ ਸਨ ਕਿ ਮੁਗਲ ਫੌਜਾਂ ਨੇ ਧਾਵਾ ਬੋਲ ਦਿਤਾ

ਮਾਤਾ ਗੁਜਰੀ ਜੀ ਅਤੇ ਉਨ੍ਹਾਂ ਦੇ ਦੋ ਪੋਤਰੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਬਿਖੜੇ ਰਸਤਿਆਂ ਨੂੰ ਤਹਿ ਕਰਦੇ ਹੋਏ।

ਮਹੀਨੇ ਲੜਾਈ ਚਲਦੀ ਰਹੀ। ਮੁਗਲ ਫੌਜਾਂ ਨੂੰ ਪਹਿਲੋਂ ਗਰਮੀ ਤੇ ਫੇਰ ਬਾਰਸ਼ਾਂ ਦੇ ਕਸ਼ਟ ਉਠਾਣੇ ਪਏ। ਹੁਣ ਸਰਦੀ ਸਿਰ ਤੇ ਆ ਰਹੀ ਸੀ। ਹਜ਼ਾਰਾਂ ਮੁਗਲ ਫੌਜੀ ਮਾਰੇ ਜਾ ਚੁੱਕੇ ਸਨ। ਉਨ੍ਹਾਂ ਨੇ ਇਕ ਮੁੱਲਾਂ ਤੇ ਪੰਡਤ ਨੂੰ ਘੱਲਿਆ ਜਿਨ੍ਹਾਂ ਨੇ ਕੁਰਾਨ ਤੇ ਗੀਤਾ ਦੀ ਸਹੁੰ ਚੁੱਕ ਕੇ ਸੁਨੇਹਾ ਦਿਤਾ ਕਿ ਜੇ ਗੁਰੂ ਜੀ ਇਹ ਕਿਲ੍ਹਾ ਛਡ ਦੇਣ ਤਾਂ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ। ਗੁਰੂ ਜੀ ਇਸ ਨੂੰ ਵੀ ਇਕ ਚਾਲ ਸਮਝਦੇ ਸਨ ਪਰ ਉਨ੍ਹਾਂ ਨੇ ਮੁਗਲਾਂ ਦੇ ਇਕਰਾਰ ਪਰਖਣ ਦੀ ਵਿਉਂਤ ਬਣਾਈ।

ਆਪ ਨੇ ਪਾਟੇ ਪੁਰਾਣੇ ਕਪੜੇ, ਜੁੱਤੀਆਂ, ਹੱਡੀਆਂ ਤੇ ਪਿੰਜਰ ਗੱਡਿਆਂ ਤੇ ਭਰ ਕੇ ਉਨ੍ਹਾਂ ਤੇ ਰੇਸ਼ਮੀ ਤੇ ਕੀਮਤੀ ਮਖਮਲੀ ਕਪੜੇ ਪਾ ਕੇ ਪਹਿਲਾਂ ਕਿਲ੍ਹੇ ਤੋਂ ਬਾਹਰ ਭੇਜੇ। ਅਜੇ ਗੱਡੇ ਥੋੜ੍ਹੀ ਦੂਰ ਹੀ ਗਏ ਸਨ ਕਿ ਮੁਗਲ ਫੌਜਾਂ ਨੇ ਧਾਵਾ ਬੋਲ ਦਿਤਾ। ਜਦ ਗੱਡਿਆਂ ਵਿਚੋਂ ਟੁੱਟੀਆਂ ਜੁੱਤੀਆਂ ਤੇ ਪਿੰਜਰ ਨਿਕਲੇ ਤਾਂ ਉਹ ਬੜੇ ਸ਼ਰਮਸਾਰ ਹੋਏ। ਕੁਝ ਦਿਨ ਬੀਤ ਗਏ ਤਾਂ ਮੁਗਲਾਂ ਨੇ ਆਪਣੇ ਕੀਤੇ ਦੀ ਮੁਆਫੀ ਮੰਗੀ। ਉਹ ਜੰਗ ਤੋਂ ਕਿਸੇ ਨਾ ਕਿਸੇ ਤਰ੍ਹਾਂ ਪਿੱਛਾ ਛੁਡਾਉਣਾ ਚਾਹੁੰਦੇ ਸਨ। ਮੁਗਲ ਜਰਨੈਲਾਂ ਨੇ ਔਰੰਗਜ਼ੇਬ ਦਾ ਦਸਤਖਤ ਕੀਤਾ ਕੁਰਾਨ ਭੇਜਿਆ ਤੇ ਨਾਲ ਇਕ ਚਿੱਠੀ ਘੱਲੀ ਕਿ ਜੇ ਗੁਰੂ ਗੋਬਿੰਦ ਸਿੰਘ ਅਨੰਦਪੁਰ ਛੱਡ ਦੇਣ ਤਾਂ ਉਨ੍ਹਾਂ ਨੂੰ ਬਿਨਾਂ ਕਿਸੇ ਰੋਕ-ਟੋਕ ਜਾਣ ਦਿਤਾ ਜਾਏਗਾ। ਪੰਥ ਦੇ ਕਹਿਣ ਤੇ ਗੁਰੂ ਜੀ ਨੇ ਕਿਲ੍ਹਾ ਛੱਡਣਾ ਮੰਨ ਲਿਆ।

20 ਦਸੰਬਰ 1704 ਨੂੰ ਪਿਛਲੀ ਰਾਤ, ਜਦ ਸਰਦੀ ਜ਼ੋਰਾਂ 'ਤੇ ਸੀ, ਗੁਰੂ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ। ਗੁਰੂ ਜੀ, ਚਾਰੇ ਸਾਹਿਬਜ਼ਾਦੇ, ਪੰਜ ਪਿਆਰੇ ਤੇ ਮਾਤਾ ਗੁਜਰੀ ਜੀ ਤੇ ਕੁਝ ਸਿੰਘ ਪਹਿਲੋਂ ਨਿਕਲੇ। ਬਾਕੀ ਸਿੰਘਾਂ ਦੇ ਜੱਥੇ ਥੋੜ੍ਹੀ-ਥੋੜ੍ਹੀ ਵਿੱਥ ਤੇ ਪਿਛੋਂ ਨਿਕਲੇ। ਭਾਵੇਂ ਫੌਜਾਂ ਪਿੱਛਾ ਕਰ ਰਹੀਆਂ ਸਨ ਪਰ ਫਿਰ ਵੀ ਸਰਸਾ ਦੇ ਕਿਨਾਰੇ, ਅੰਮ੍ਰਿਤ ਵੇਲੇ, ਗੁਰੂ ਜੀ ਨੇ ਆਸਾ ਦੀ ਵਾਰ ਦਾ ਦੀਵਾਨ ਲਗਾਇਆ ਤੇ ਫਿਰ ਸਰਸਾ ਪਾਰ ਕੀਤੀ।

**ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਛੋਟੇ ਸਪੁੱਤਰ-** ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ, ਆਪਣੇ ਪਿਤਾ ਜੀ ਤੋਂ ਨਿਖੜ ਗਏ ਸਨ। ਆਪਣੇ ਦਾਦੀ ਜੀ, ਮਾਤਾ ਗੁਜਰੀ ਦੇ ਨਾਲ ਉਹ ਜੰਗਲਾਂ ਜੂਹਾਂ ਦੇ ਬਿਖੜੇ ਰਸਤਿਆਂ ਵਿਚ ਪੈ ਗਏ। ਰਸਤੇ ਵਿਚ ਉਨ੍ਹਾਂ ਨੂੰ ਆਪਣਾ ਰਸੋਈਆ ਗੰਗੂ ਮਿਲ ਗਿਆ। ਉਸ ਦੇ ਨਾਲ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦੇ ਖੇੜੀ ਪਿੰਡ ਜਾ ਪਹੁੰਚੇ।

ਜਦ ਮੁਗਲ ਫੌਜਾਂ ਨੂੰ ਸਵੇਰੇ ਗੁਰੂ ਜੀ ਦਾ ਪਰਵਾਰ ਸਮੇਤ ਕਿਲ੍ਹਾ ਛੱਡ ਦੇਣ ਦਾ ਪਤਾ ਲੱਗਾ ਤਾਂ ਸੁੱਤੇ ਪਏ ਕੁਝ ਮੁਗਲ ਸਿਪਾਹੀ ਅੱਭੜਵਾਹੇ ਉਠੇ। ਆਪਣੇ ਆਪਣੇ ਸਾਥੀਆਂ ਨੂੰ ਝੂਣ ਕੇ ਜਗਾਇਆ। ਅਨੰਦਪੁਰ ਖਾਲੀ ਹੋ ਗਿਆ। ਗੁਰੂ ਜੀ ਚਲੇ ਗਏ। ਸਾਰੀ ਮੁਗਲ ਫੌਜ ਵਿਚ ਸ਼ੋਰ ਮਚ ਗਿਆ।

ਵਾਹੋ-ਦਾਹੀ ਮੁਗਲ ਸਿਪਾਹੀ ਘੋੜਿਆਂ 'ਤੇ ਸਵਾਰ ਹੋਏ। ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਮਗਰ ਨੱਠ ਪਏ। ਗੁਰੂ ਜੀ ਤਾਂ ਸਰਸਾ ਨਦੀ ਪਾਰ ਕਰ ਕੇ ਅੱਗੇ ਜਾ ਚੁੱਕੇ ਸਨ। ਗੁਰੂ ਜੀ ਦੀ ਫੌਜ ਦੇ ਕੁਛ ਸਿੰਘ ਅਜੇ ਸਰਸਾ ਨਦੀ ਪਾਰ ਕਰਨ ਲੱਗੇ ਸਨ। ਮੁਗਲ ਸਿਪਾਹੀ ਪਹੁੰਚ ਗਏ। ਬਾਰਸ਼ਾਂ ਕਾਰਨ ਸਰਸਾ ਨਦੀ ਖੂਬ ਚੜ੍ਹੀ ਹੋਈ ਸੀ। ਸਰਸਾ

ਸਰਸਾ ਨਦੀ ਦੇ ਕੰਢੇ ਘਮਸਾਨ ਯੁੱਧ ਦਾ ਇਕ ਦ੍ਰਿਸ਼

ਦੇ ਕੰਢੇ ਤੇ ਭਾਰੀ ਜੰਗ ਸ਼ੁਰੂ ਹੋ ਗਈ।

ਇਸ ਹਫੜਾ-ਦਫੜੀ ਵਿਚ ਮੁਗਲ ਸਿਪਾਹੀ ਇਤਨੇ ਘਬਰਾਏ ਹੋਏ ਸਨ ਕਿ ਆਪਸ ਵਿਚ ਹੀ ਗੁੱਥਮ ਗੁੱਥਾ ਹੋਣ ਲਗ ਪਏ ਤੇ ਭੁਲੇਖੇ ਵਿਚ ਆਪਣੇ ਕਈ ਸਾਥੀਆਂ ਨੂੰ ਮਾਰ ਦਿਤਾ। ਬਹਾਦਰ ਸਿੰਘ ਡਟ ਕੇ ਮੁਕਾਬਲਾ ਕਰਦੇ ਰਹੇ। ਜਿਤਨੇ ਸਰਸਾ ਨਦੀ ਪਾਰ ਕਰ ਸਕੇ, ਪਾਰ ਚਲੇ ਗਏ। ਬਾਕੀਆਂ ਬਹਾਦਰੀ ਦਾ ਪੂਰਾ ਸਬੂਤ ਦਿਤਾ ਤੇ ਮੁਗਲਾਂ ਦੇ ਜ਼ਿਆਦਾ ਸੀ ਕਿ ਭਾਈ ਉਦੈ ਸਿੰਘ ਜੀ ਸ਼ਹੀਦ ਹੋ ਗਏ। ਦੂਜੇ ਸਿੰਘਾਂ ਨੇ ਉਨ੍ਹਾਂ ਦੀ ਥਾਂ ਲਈ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਮੁਗਲ ਫੌਜਾਂ ਦੇ ਘੇਰੇ ਵਿਚ ਆ ਗਏ ਪਰ ਜੂਝਦੇ ਰਹੇ। ਭਾਈ ਜੀਵਨ ਸਿੰਘ ਨੇ ਜਦ ਇਹ ਡਿੱਠਾ ਤਾਂ ਝੱਟ ਉਧਰ ਪਹੁੰਚ ਗਏ। ਬਾਬਾ ਅਜੀਤ ਸਿੰਘ ਦਾ ਘੇਰਾ ਤੋੜ ਦਿਤਾ। ਉਹ ਆਪਣਾ ਘੋੜਾ ਦੁੜਾ ਕੇ ਸਰਸਾ ਨਦੀ ਪਾਰ ਕਰ ਗਏ।

ਮਜ਼ਦੂਰਾਂ ਦੇ ਇਸ਼ਾਰਾ ਕਰਨ ਤੇ ਗੁਰੂ ਜੀ ਆਪਣਾ ਘੋੜਾ ਤਪਦੇ ਭੱਠੇ ਉਤੇ ਚਾੜ੍ਹਦੇ ਹੋਏ।

ਹਮਲੇ ਤੋਂ ਜ਼ਰਾ ਨਾ ਘਬਰਾਏ। ਉਨ੍ਹਾਂ ਨੂੰ ਤਾਂ ਪਤਾ ਹੀ ਸੀ ਕਿ ਮੁਗਲ ਫੌਜਾਂ ਨੇ ਉਨ੍ਹਾਂ ਦੇ ਪਿੱਛੇ ਦੌੜਨਾ ਹੈ।

ਤਲਵਾਰਾਂ ਤੇ ਭਾਲੇ ਚੱਲੇ। ਕਈ ਸਿਪਾਹੀ ਜ਼ਖਮੀ ਹੋਏ, ਅਨੇਕਾਂ ਮਾਰੇ ਗਏ। ਲੋਥਾਂ ਨਦੀ ਦੇ ਕਿਨਾਰੇ ਡਿੱਗੀਆਂ, ਕਈ ਨਦੀ ਵਿਚ ਰੁੜ੍ਹ ਗਈਆਂ। ਕਈ ਘੰਟੇ ਘਮਸਾਨ ਦਾ ਯੁੱਧ ਚਲਦਾ ਰਿਹਾ। ਗੁਰੂ ਜੀ ਦੇ ਨਿਡਰ ਤੇ ਬਹਾਦਰ ਸਿੰਘ ਵੈਰੀਆਂ ਦੀ ਜ਼ਬਰਦਸਤ ਫੌਜ ਦਾ ਰਾਹ ਰੋਕੇ ਲੜਦੇ ਰਹੇ।

ਭਾਈ ਉਦੈ ਸਿੰਘ ਨੇ ਇਕੱਲਿਆਂ ਹੀ ਮੁਗਲਾਂ ਨੂੰ ਕਾਫੀ ਦੇਰ ਰੋਕੀ ਰੱਖਿਆ। ਪਰ ਮੁਗਲਾਂ ਦੀ ਗਿਣਤੀ ਏਨੀ

ਇਕੱਲੇ ਭਾਈ ਜੀਵਨ ਸਿੰਘ ਨੇ ਮੁਗਲਾਂ ਨੂੰ ਅੱਗੇ ਜਾਣ ਤੋਂ ਠੱਲ੍ਹ ਲਿਆ। ਆਪਣੇ ਨੇਜ਼ੇ ਨਾਲ ਇਕ-ਇਕ ਕਰਕੇ ਕਈ ਮੁਗਲ ਫੌਜੀਆਂ ਨੂੰ ਡੇਗਿਆ। 'ਬਚਾਓ!' ਪੁਕਾਰਦੇ ਦੁਸ਼ਮਨ ਦੇ ਸਿਪਾਹੀ ਘੋੜਿਆਂ ਤੋਂ ਹੇਠਾਂ ਡਿਗਦੇ ਜਾਂਦੇ। ਭਾਈ ਜੀਵਨ ਸਿੰਘ ਜੀ ਦਲੇਰੀ ਨਾਲ ਅੱਗੇ ਵਧਦੇ ਗਏ। ਪਰ ਜੂਝਦੇ-ਜੂਝਦੇ ਆਖਰ ਭਾਈ ਜੀਵਨ ਸਿੰਘ ਜੀ ਸ਼ਹੀਦ ਹੋ ਗਏ।

ਮੁਗਲ ਫੌਜੀ ਸਮਝ ਰਹੇ ਸਨ ਕਿ ਸਿੱਖਾਂ ਦੇ ਜੋ ਬਹਾਦਰ ਸਿਪਾਹੀਆਂ - ਭਾਈ ਜੀਵਨ ਸਿੰਘ ਤੇ ਭਾਈ ਉਦੈ ਸਿੰਘ ਦੇ ਸ਼ਹੀਦ ਹੋਣ ਤੇ ਉਨ੍ਹਾਂ ਦੇ ਬਾਕੀ ਦੇ ਸਿੱਖਾਂ ਦੇ ਹੌਸਲੇ ਟੁੱਟ ਜਾਣਗੇ। ਪਰ ਗੁਰੂ ਗੋਬਿੰਦ ਸਿੰਘ ਦੇ ਨਿਡਰ

ਸਿੰਘਾਂ ਨੇ ਬੜਾ ਜ਼ਬਰਦਸਤ ਮੁਕਾਬਲਾ ਕੀਤਾ ਤੇ ਮੁਗਲਾਂ ਨੂੰ ਭਜਾ ਦਿਤਾ। ਇਸ ਅਸਥਾਨ ਤੇ ਇਨ੍ਹਾਂ ਬਹਾਦਰ ਸ਼ਹੀਦਾਂ ਭਾਈ ਉਦੈ ਸਿੰਘ ਜੀ ਤੇ ਭਾਈ ਜੀਵਨ ਸਿੰਘ ਜੀ ਦੀ ਯਾਦਗਾਰ ਬਣੀ ਹੋਈ ਹੈ, ਜਿੱਥੇ ਸ਼ਰਧਾਲੂ ਆ ਕੇ ਆਪਣੀ ਸ਼ਰਧਾਂਜਲੀ ਭੇਟ ਕਰਦੇ ਹਨ।

ਦਲੇਰ ਤੇ ਨਿਡਲ ਸਿੰਘ ਸਰਸਾ ਪਾਰ ਕਰ ਗਏ। ਮੁਗਲ ਸਿਪਾਹੀ ਥੱਕੇ ਟੁੱਟੇ ਵਾਪਸ ਆ ਗਏ। ਗੁਰੂ ਜੀ ਨੇ ਆਪਣੇ ਬਹਾਦਰ ਸਿੰਘਾਂ ਨੂੰ ਸਰਸਾ ਨਦੀ ਤੇ ਮੁਗਲਾਂ ਨਾਲ ਜਾਨ ਦੀ ਬਾਜ਼ੀ ਲਗਾਂਗਿਆਂ ਦੇਖਿਆ ਸੀ। ਉਨ੍ਹਾਂ ਨੂੰ ਦਾਦ ਦਿਤੀ।

**ਪਰਿਵਾਰ ਵਿਛੋੜਾ** - ਸਰਸਾ ਨਦੀ ਪਾਰ ਕਰਕੇ ਗੁਰੂ ਸਾਹਿਬ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਣੇ ਕੁਝ ਸਿੰਘਾਂ ਦੇ, ਅੱਗੇ ਚੱਲ ਪਏ। ਕੁਝ ਦੇਰ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਭੀ ਆਣ ਰਲੇ। ਸਾਰਾ ਲਸ਼ਕਰ ਅੱਗੇ ਰੋਪੜ ਵਲ ਨੂੰ ਵਧਦਾ ਗਿਆ।

ਰੋਪੜ ਦੇ ਕੁਝ ਲੋਕਾਂ ਨੇ ਥਾਂ ਦੇਣ ਦੀ ਬਜਾਇ ਇੱਟਾਂ ਦੇ ਭੱਠੇ ਵਲ ਇਸ਼ਾਰਾ ਕੀਤਾ। ਗੁਰੂ ਜੀ ਦੀਆਂ ਫੌਜਾਂ ਉਧਰ ਚਲ ਪਈਆਂ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਨੀਲੇ ਘੋੜੇ ਨੇ ਭੱਠੇ ਤੇ ਪੈਰ ਪਾਇਆ ਤਾਂ ਉਹ ਠੰਡਾ ਹੋ ਗਿਆ।

ਇਸ ਕੌਤਕ ਨੂੰ ਦੇਖ ਕੇ ਭੱਠੇ ਵਾਲੇ ਬੜੇ ਹੈਰਾਨ ਹੋਏ, ਉਨ੍ਹਾਂ ਨੂੰ ਚਿੰਤਾ ਭੀ ਹੋ ਗਈ ਕਿ ਉਨ੍ਹਾਂ ਦਾ ਭੁੱਠਾ ਠੰਡਾ ਹੋ ਜਾਣ ਨਾਲ ਇੱਟਾਂ ਕੱਚੀਆਂ ਰਹਿ ਗਈਆਂ ਹੋਣਗੀਆਂ। ਪਰ ਜਦ ਉਨ੍ਹਾਂ ਇਕ ਇੱਟ ਕੱਢ ਕੇ ਦੇਖੀ ਤਾਂ ਉਹ ਬਿਲਕੁਲ ਲਾਲ ਤੇ ਪੱਕੀ ਹੋਈ ਸੀ। ਉਹ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਏ ਤੇ ਬੋਲ ਉਠੇ 'ਧੰਨ ਗੁਰੂ ਗੋਬਿੰਦ ਸਿੰਘ ਜੀ!'

ਏਸ ਅਸਥਾਨ ਤੇ ਬੜਾ ਸੁੰਦਰ ਗੁਰਦੁਆਰਾ ਹੈ ਜਿਸ ਦਾ ਨਾਂ ਗੁਰਦੁਆਰਾ ਭੱਠਾ ਸਾਹਿਬ ਹੈ।

ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਜੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਣੇ ਚਾਲੀ ਸੂਰਮਿਆਂ ਦੇ ਸ਼ਾਮ ਤੱਕ ਰੋਪੜ ਲਾਗੇ ਜਾ ਪਹੁੰਚੇ ਤੇ ਇਕ ਖੁਲ੍ਹੇ ਮੈਦਾਨ ਵਿਚ ਕੈਂਪ ਲਗਾ ਦਿਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੇ ਬੜੀ ਫੁਰਤੀ ਨਾਲ ਤੰਬੂ ਲਗਾ ਕੇ ਫੌਜ ਦੀ ਛਾਉਣੀ ਪਾ ਲਈ। ਆਪਣੇ ਲੰਗਰ ਦਾ ਪ੍ਰਬੰਧ ਕੀਤਾ। ਘੋੜਿਆਂ ਦੇ ਚਾਰੇ ਲਈ ਭੀ ਪਿੰਡ ਵਾਲਿਆਂ ਨੇ ਪ੍ਰਬੰਧ ਕਰ ਦਿਤਾ ਸੀ। ਸਿੰਘਾਂ ਲਈ ਭੀ ਰਸਦ ਪਾਣੀ ਘੱਲ ਦਿਤਾ।

**ਚਮਕੌਰ ਦੀ ਗੜ੍ਹੀ** - ਕੋਟਲਾ ਨਿਹੰਗ ਸਿੰਘ ਦੇ ਇਕ ਪਠਾਣ ਨੇ ਪਹਿਰਾ ਦੇਣ ਦੀ ਡਿਊਟੀ ਆਪਣੇ ਜ਼ਿੰਮੇ ਲਈ। ਦੂਜੇ ਦਿਨ ਵੀ ਗੁਰੂ ਜੀ ਰੋਪੜ ਹੀ ਰਹੇ। ਉਥੇ ਦਾ ਇਕ ਜ਼ਿਮੀਦਾਰ ਚੌਧਰੀ ਬੁੱਧੀ ਚੰਦ ਗੁਰੂ ਘਰ ਦਾ ਸੇਵਕ ਸੀ। ਉਸ ਨੂੰ ਜਦ ਪਤਾ ਲੱਗਾ ਕਿ ਗੁਰੂ ਜੀ ਨੇ ਇਕ ਖੁਲ੍ਹੇ ਮੈਦਾਨ ਵਿਚ ਡੇਰਾ ਲਗਾਇਆ ਹੈ ਤਾਂ ਉਹ ਗੁਰੂ ਜੀ ਪਾਸ ਹਾਜ਼ਰ ਹੋਇਆ। ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ, ਦੁਸ਼ਮਣ ਦੀਆਂ ਫੌਜਾਂ ਆਪ ਦਾ ਪਿੱਛਾ ਕਰ ਰਹੀਆਂ ਹਨ। ਆਪ ਮੇਰੀ ਹਵੇਲੀ ਦੇ ਅੰਦਰ ਚਲੋ, ਹੈ ਤਾਂ ਕੱਚੀ ਪਰ ਆਪ ਦੀਆਂ ਫੌਜਾਂ ਲਈ ਕਿਲ੍ਹੇ ਦਾ ਕੰਮ ਦਏਗੀ। ਆਪ ਦੇ ਬਹਾਦਰ ਸਿੰਘ ਉਸ ਹਵੇਲੀ ਦੇ ਅੰਦਰੋਂ ਮੁਗਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰ ਸਕਣਗੇ।

***ਖਬਰ ਸੁਨੀ ਜ਼ਿਮੀਂਦਾਰ ਨੇ, ਮੱਧ ਬਸੈ ਚਮਕੌਰ।***
***ਸੁਨਤ ਬਚਨ ਤਤਕਾਲ ਹੀ, ਵਹ ਆਯੋ ਉਠਿ ਦੌਰ।***
***ਹਾਥਿ ਜੋਰਿ ਐਸੇ ਕਹੋ, ਬਿਨਤੀ ਸੁਨੋ ਕਰਤਾਰ।***
***ਬਸੋ ਮਧਿ ਚਮਕੌਰ ਕੈ, ਅਪਨੀ ਕ੍ਰਿਪਾ ਧਾਰ।***

ਗੁਰੂ ਜੀ ਨੂੰ ਚੌਧਰੀ ਬੁੱਧੀ ਚੰਦ ਦੀ ਕਹੀ ਗੱਲ ਪਸੰਦ ਆਈ, ਉਸ ਸਮੇਂ ਵੀ ਗੁਰੂ ਜੀ ਦੇ ਐਸੇ ਬਹਾਦਰ ਤੇ ਨਿਡਰ ਸੇਵਕ ਸਨ।

ਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਗੜ੍ਹੀ ਦੇ ਅੰਦਰ ਜਾਣ ਦੀ ਤਿਆਰੀ ਕਰਨ ਲਈ ਕਿਹਾ। ਫੌਜੀ ਕੈਂਪ ਹਟ ਗਿਆ। ਸ਼ਸਤ੍ਰ ਤੇ ਹੋਰ ਸਾਮਾਨ ਘੋੜਿਆਂ ਤੇ ਲੱਦਿਆ ਗਿਆ। ਬੜੀ ਫੁਰਤੀ ਨਾਲ ਸਭ ਕੁਝ ਗੜ੍ਹੀ ਦੇ ਅੰਦਰ ਪਹੁੰਚ ਗਿਆ।

ਬੜੀ ਵਿਉਂਤ ਨਾਲ ਸਭ ਸਾਮਾਨ ਥਾਉਂ ਥਾਈਂ ਟਿਕ ਗਿਆ। ਗੁਰੂ ਜੀ ਦੇ ਸਿੰਘਾਂ ਨੂੰ ਜੰਗਾਂ ਵਿਚ ਜੂਝਣ ਦਾ ਤਜਰਬਾ ਹੋ ਚੁੱਕਾ ਸੀ। ਉਨ੍ਹਾਂ ਨੇ ਸ਼ਸਤ੍ਰ ਸਿਖਿਆ ਭੀ ਪਰਾਪਤ ਕੀਤੀ ਸੀ। ਮੁਗਲਾਂ ਦੀ ਨੀਅਤ ਤੋਂ ਜਾਣੂ ਹੋ ਚੁੱਕੇ ਸਨ। ਆਪਣੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ

ਗੁਰੂ ਜੀ ਚਮਕੌਰ ਦੀ ਗੜ੍ਹੀ ਦੇ ਉਪਰੋਂ ਤੀਰਾਂ ਦੀ ਬੁਛਾੜ ਕਰਦੇ ਹੋਏ

ਨਾਲ ਹੋਣ ਕਰਕੇ ਉਹ ਬੜੇ ਉਤਸ਼ਾਹ ਵਿਚ ਸਨ। ਹਰ ਦਮ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਕਿਸੇ ਕਿਸਮ ਦੀ ਘਬਰਾਹਟ ਨਹੀਂ ਸੀ।

ਗੁਰੂ ਜੀ, ਦੋਵੇਂ ਸਾਹਿਬਜ਼ਾਦੇ ਤੇ ਸਿੰਘ ਸੂਰਮੇ ਚਮਕੌਰ ਦੀ ਗੜ੍ਹੀ ਦੇ ਅੰਦਰ ਪਹੁੰਚ ਗਏ ਤੇ ਸਾਰੇ ਪ੍ਰਬੰਧ ਕਰ ਲਏ। ਚਾਰੇ ਪਾਸੇ ਤੋਂ ਆਪਣੀ ਰਾਖੀ ਲਈ ਵਿਉਂਤ ਬਣਾ ਲਈ। ਹਰ ਇਕ ਨੂੰ ਆਪਣਾ ਕਰਤਵ ਸਮਝਾ ਦਿਤਾ ਗਿਆ। ਗੁਰੂ ਜੀ ਨੇ ਤੇ ਦੋਹਾਂ ਸਾਹਿਬਜ਼ਾਦਿਆਂ ਨੇ ਆਪਣੇ ਅਸਥਾਨ ਨੀਅਤ ਕਰ ਲਏ। ਚਮਕੌਰ ਦੀ ਗੜ੍ਹੀ ਨੂੰ ਇਕ ਕਿਲ੍ਹੇ ਵਾਂਗ ਮੁਗਲਾਂ ਦੇ ਹਮਲੇ ਲਈ ਤਿਆਰ ਕਰ ਲਿਆ ਗਿਆ।

ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਨਵਾਬ ਵਜ਼ੀਰ ਖਾਨ ਦੱਸ ਲੱਖ ਦਾ ਲਸ਼ਕਰ ਲੈ ਕੇ ਆਣ ਪਹੁੰਚਾ। ਉਸ ਨੇ ਆਣ ਕੇ ਢੰਡੋਰਾ ਪਿਟਵਾਇਆ ਕਿ ਜੇ ਗੁਰੂ ਜੀ ਆਪਣੇ ਆਪ ਨੂੰ ਆਪਣੇ ਸਾਥੀਆਂ ਸਮੇਤ ਪੇਸ਼ ਕਰ ਦੇਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਕਰ ਦਿਤੀ ਜਾਵੇਗੀ। ਗੁਰੂ ਜੀ ਨੇ ਇਸ ਢੰਡੋਰੇ ਰਾਹੀਂ ਕੀਤੇ ਐਲਾਨ ਦਾ ਜਵਾਬ ਤੀਰਾਂ ਦੀ ਭਾਰੀ ਬੁਛਾੜ ਨਾਲ ਦਿਤਾ। ਮੁਗਲ ਫੌਜਾਂ ਨੇ ਵੀ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿਤੀਆਂ ਪਰ ਕਿਲ੍ਹੇ ਦੀ ਦੀਵਾਰ ਦੇ ਨੇੜੇ ਆਉਣ ਦੀ ਕਿਸੇ ਦੀ ਹਿੰਮਤ ਨਾ ਪਈ।

ਮੁਗਲ ਫੌਜਾਂ ਦੇ ਜਰਨੈਲ ਨਾਹਰ ਖਾਨ ਨੇ ਚੋਰੀ ਛਿਪੀ ਹਵੇਲੀ ਦੀ ਦੀਵਾਰ ਨਾਲ ਪੌੜੀ ਲਗਾਈ। ਜਦ ਉਸ ਨੇ ਪੌੜੀ ਤੇ ਚੜ੍ਹ ਕੇ ਜ਼ਰਾ ਕੁ ਸਿਰ ਉਚਾ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਤੀਰ ਦਾ ਨਿਸ਼ਾਨਾ ਬਣਾ ਕੇ ਉਥੇ ਹੀ ਚਿੱਤ ਕਰ ਦਿਤਾ।

ਨਾਹਰ ਖਾਨ ਦੇ ਡਿਗਦਿਆਂ ਹੀ ਗਨੀ ਖਾਨ ਨੇ ਅੱਗੇ ਆਉਣ ਦਾ ਹੀਆ ਕੀਤਾ ਤਾਂ ਗੁਰੂ ਜੀ ਨੇ ਗੁਰਜ ਨਾਲ ਉਸ ਦਾ ਸਿਰ ਭੰਨਿਆ ਤੇ ਮਿੱਝ ਕੱਢ ਦਿਤੀ। ਸਿਰ ਪਰਨੇ ਥੱਲੇ ਡਿੱਗ ਕੇ ਉਹ ਉਥੇ ਹੀ ਖਤਮ ਹੋ ਗਿਆ।

ਜਦ ਤੀਜੇ ਜਰਨੈਲ ਮਹਿਮੂਦ ਅਲੀ ਨੇ ਆਪਣੇ ਦੋਹਾਂ ਸਾਥੀਆਂ ਨੂੰ ਇਸ ਤਰ੍ਹਾਂ ਮਰਦੇ ਦੇਖਿਆ ਤਾਂ ਉਹ ਕੰਧ ਦੇ ਓਹਲੇ ਛੁਪਦਾ ਛੁਪਾਂਦਾ ਨੱਸ ਗਿਆ।

ਇਹ ਦ੍ਰਿਸ਼ ਦੇਖ ਕੇ ਮੁਗਲ ਫੌਜਾਂ ਵਿਚ ਘਬਰਾਹਟ ਫੈਲ ਗਈ। ਨਵਾਬ ਸਰਹਿੰਦ ਅੱਗੇ ਆ ਗਿਆ ਤੇ ਫੌਜਾਂ ਨੂੰ ਹੁਕਮ ਦਿਤਾ ਕਿ ਇਕੋ ਵਾਰ ਕਿਲ੍ਹੇ ਤੇ ਜ਼ੋਰਦਾਰ ਹਮਲਾ ਕੀਤਾ ਜਾਏ। ਫੌਜਾਂ ਦੇ ਦਸਤੇ ਦੇ ਦਸਤੇ ਅੱਗੇ ਵਧ ਕੇ ਆ ਗਏ। ਕਿਲ੍ਹੇ ਤੇ ਜ਼ਬਰਦਸਤ ਧਾਵਾ ਬੋਲਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।

ਗੁਰੂ ਗੋਬਿੰਦ ਸਿੰਘ ਜੀ ਕਿਲੇ ਦੇ ਅੰਦਰ ਬੈਠੇ ਬਾਹਰ ਦਾ ਸਾਰਾ ਨਜ਼ਾਰਾ ਦੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਮਮਟੀ ਤੇ ਚੜ੍ਹ ਗਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ ਨੂੰ ਆਪਣੇ ਨਾਲ ਲੈ ਗਏ। ਕਿਲ੍ਹੇ ਦੀਆਂ ਚਹੁੰ ਬਾਹੀਆਂ ਤੇ ਵੀ ਕੁਝ ਸਿੰਘ ਖੜ੍ਹੇ ਕਰ ਦਿਤੇ। ਦੋ ਸਿੰਘ, ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ, ਗੜ੍ਹੀ ਦੇ ਦਰਵਾਜ਼ੇ ਤੇ ਖੜ੍ਹੇ ਹੋ ਗਏ।

ਮੁਗਲ ਫੌਜਾਂ ਦੇ ਵੱਡੇ ਹਮਲੇ ਦੇ ਟਾਕਰੇ ਲਈ ਉਨ੍ਹਾਂ ਨੇ ਭੀ ਆਪਣੀ ਪੂਰੀ ਤਿਆਰੀ ਕਰ ਲਈ। ਤੀਰ, ਨੇਜ਼ੇ ਤੇ ਭਾਲੇ ਹੱਥਾਂ ਵਿਚ ਲੈ ਲਏ। ਦੋਵੇਂ ਸਾਹਿਬਜ਼ਾਦੇ ਭੀ ਜੰਗ ਲਈ ਤਿਆਰ ਹੋ ਗਏ। ਇਤਨੀ ਘੱਟ ਗਿਣਤੀ ਵਿਚ ਹੁੰਦਿਆਂ ਭੀ ਉਹ ਚੜ੍ਹਦੀਆਂ ਕਲਾਂ ਵਿਚ ਸਨ। ਵਾਹਿਗੁਰੂ ਅਕਾਲ ਪੁਰਖ ਦੀ ਉਨ੍ਹਾਂ ਨੂੰ ਓਟ ਸੀ ਤੇ ਕਲਗੀਧਰ ਪਿਤਾ ਉਨ੍ਹਾਂ ਦੇ ਨਾਲ ਸਨ। ਮੁਗਲ ਫੌਜਾਂ ਦੇ ਘੋੜੇ ਧੂੜ ਉਡਾਂਦੇ ਉਡਾਂਦੇ ਹੋਰ ਨੇੜੇ ਆ ਰਹੇ ਸਨ। ਮਮਟੀ ਦੇ ਬੰਨੇ ਤੇ ਬੈਠਾ ਗੁਰੂ ਜੀ ਦਾ ਬਾਜ਼ ਭੀ ਇਹ ਤਮਾਸ਼ਾ ਦੇਖ ਰਿਹਾ ਸੀ। ਬਾਜ਼ਾਂ ਵਾਲੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਾਵਧਾਨ ਖੜ੍ਹੇ ਆਪਣੀ ਫੌਜ ਦੀ ਪਰਖ ਕਰ ਰਹੇ ਸਨ ਤੇ ਜੰਗ ਦੇ ਟਾਕਰੇ ਲਈ ਵਿਉਂਤ ਬਣਾ ਰਹੇ ਸਨ।

22 ਦਸੰਬਰ 1704 ਨੂੰ ਚਮਕੌਰ ਵਿਚ ਸੰਸਾਰ ਦਾ ਇਕ ਬੜਾ ਹੀ ਅਨੋਖਾ ਜੰਗ ਸ਼ੁਰੂ ਹੋ ਗਿਆ। ਇਕ ਪਾਸੇ ਗੁਰੂ ਜੀ ਦੀ ਫੌਜ ਦੇ ਚਾਲੀ ਸੂਰਮੇ ਸਿੰਘ ਥੱਕੇ, ਭੁੱਖੇ ਭਾਣੇ ਤੇ ਤਿਹਾਏ ਅਤੇ ਦੂਜੇ ਪਾਸੇ ਮੁਗਲ ਫੌਜ ਦੇ ਦੱਸ ਲੱਖ ਸਿਪਾਹੀ ਸਨ। ਜਦ ਮੁਗਲ ਫੌਜ ਨੇ ਕਿਲ੍ਹੇ ਤੇ ਜ਼ੋਰਦਾਰ ਹਮਲਾ ਕੀਤਾ ਤਾਂ ਗੁਰੂ ਜੀ ਨੇ ਇਸ ਹਮਲੇ ਦੇ ਟਾਕਰੇ ਪੰਜ-ਪੰਜ ਸਿੰਘਾਂ ਦੇ ਜੱਥੇ ਕਿਲ੍ਹੇ ਤੋਂ ਬਾਹਰ ਭੇਜਣ ਸੁਰੂ ਕਰ ਦਿਤੇ। ਬਾਹਰ ਨਿਕਲਦੇ ਸਾਰ ਸਿੰਘਾਂ ਨੇ ਜ਼ੋਰ ਦਾ ਜੈਕਾਰਾ ਛੱਡਿਆ ਤੇ ਅੱਗੇ ਵਧਦੀ ਆ ਰਹੀ ਮੁਗਲ ਫੌਜ ਨੂੰ ਟੁੱਟ ਕੇ ਪੈ ਗਏ।

ਉਪਰੋਂ ਗੁਰੂ ਜੀ ਨੇ, ਸਾਹਿਬਜ਼ਾਦਿਆਂ ਤੇ ਕਿਲ੍ਹੇ ਦੇ ਉਪਰ ਬੈਠੇ ਸਿੰਘਾਂ ਨੇ ਤੀਰਾਂ ਤੇ ਗੋਲੀਆਂ ਦੀ ਬਾਰਿਸ਼ ਸ਼ੁਰੂ ਕਰ ਦਿਤੀ। ਦੋ ਘੰਟੇ ਘਮਸਾਨ ਦੀ ਲੜਾਈ ਛਿੜੀ। ਤਲਵਾਰਾਂ ਤੇ ਢਾਲਾਂ ਦੀ ਜ਼ਬਰਦਸਤ ਟੱਕਰ ਹੋਈ। ਤੀਰ ਤੇ ਨੇਜ਼ੇ ਚੱਲੇ। ਸੈਂਕੜੇ ਮੁਗਲ ਸਿਪਾਹੀ ਡਿੱਗੇ, ਲੋਥਾਂ ਦੀਆਂ ਲੋਥਾਂ ਢੇਰੀ ਹੋ ਗਈਆਂ। ਇਤਨਾ ਲਹੂ ਵਗਿਆ ਕਿ ਜ਼ਮੀਨ ਤੇ ਮਿੱਟੀ ਦਿਸਦੀ ਹੀ ਨਹੀਂ ਸੀ, ਲਹੂ ਦੇ ਘਾਣ ਮਚ ਗਏ। ਬਹਾਦਰੀ ਦੇ ਜੌਹਰ ਦਿਖਾਂਦੇ ਪੰਜਾਂ ਸਿੰਘਾਂ ਦਾ ਜੱਥਾ ਸ਼ਹੀਦ ਹੋ ਗਿਆ। ਉਸ ਤੋਂ ਮਗਰੋਂ ਇਕ ਹੋਰ ਜੱਥਾ ਮੈਦਾਨ ਵਿਚ ਨਿਤਰਿਆ। ਅਨੇਕਾਂ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਹ ਭੀ ਸ਼ਹੀਦੀ ਪ੍ਰਾਪਤ ਕਰ ਗਏ।

ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੇ ਆਪਣੇ ਜਰਨੈਲ ਨੂੰ ਹੁਕਮ ਦਿਤਾ ਕਿ ਗੜ੍ਹੀ ਨੂੰ ਚਾਰੇ ਪਾਸੇ ਤੋਂ ਘੇਰ ਕੇ ਜ਼ਬਰਦਸਤ ਹੱਲਾ ਕੀਤਾ ਜਾਏ।

ਗੁਰੂ ਜੀ ਦੇ ਸਿੰਘਾਂ ਨੇ ਮਹਾਰਾਜ ਨੂੰ ਬੇਨਤੀ ਕੀਤੀ ਕਿ ਉਹ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਚਲੇ ਜਾਣ। ਪਰ ਗੁਰੂ ਜੀ ਨੇ ਵਧਦੀ ਆ ਰਹੀ ਮੁਗਲ ਫੌਜ ਵਲ ਇਸ਼ਾਰਾ ਕਰਕੇ ਕਿਹਾ, "ਉਹ ਦੇਖੋ! ਤੀਰ ਕਿਵੇਂ ਚਲ ਰਹੇ ਹਨ, ਜੋਧੇ ਗੁੱਥਮ ਗੁੱਥਾ ਹੋ ਰਹੇ ਹਨ।" ਜਿਵੇਂ ਉਨ੍ਹਾਂ ਸੁਣੀ ਅਣਸੁਣੀ ਕਰ ਦਿਤੀ ਹੋਵੇ। ਜਦ ਉਨ੍ਹਾਂ ਫੇਰ ਗੱਲ ਦੁਹਰਾਈ ਤਾਂ ਮਹਾਰਾਜ ਕਹਿਣ ਲੱਗੇ, "ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ? ਤੁਸੀਂ ਸਾਰੇ ਸਾਹਿਬਜ਼ਾਦੇ ਹੋ।"

ਗੁਰੂ ਜੀ ਦੇ ਇਹ ਵਾਕ ਸੁਣ ਕੇ ਸਿੰਘ ਲਾ-ਜਵਾਬ ਹੋ ਗਏ। ਜੰਗ ਵਿਚ ਜੂਝਨ ਲਈ ਉਹ ਤਿਆਰ ਬਰ ਤਿਆਰ ਕੜ੍ਹੇ ਹੋ ਕੇ ਆਪਣੇ ਹਥਿਆਰਾਂ ਨੂੰ ਸੰਭਾਲਣ ਲੱਗੇ। ਦੋਵੇਂ ਸਾਹਿਬਜ਼ਾਦਿਆਂ ਨੂੰ ਭੀ ਆਪਣੇ ਗੁਰੂ-ਪਿਤਾ ਦੇ ਸ਼ਬਦਾਂ ਤੋਂ ਨਵਾਂ ਉਤਸ਼ਾਹ ਮਿਲਿਆ।

ਗੁਰੂ ਜੀ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਅੱਠ ਸਿੰਘਾਂ ਸਮੇਤ ਮੈਦਾਨ-ਏ-ਜੰਗ ਅੰਦਰ ਜੂਝਣ ਦਾ ਹੁਕਮ ਦਿੰਦੇ ਹੋਏ

ਸਾਹਿਬਜ਼ਾਦਾ ਅਜੀਤ ਸਿੰਘ ਜੀ ਗੁਰੂ ਜੀ ਦੇ ਸਾਮ੍ਹਣੇ ਆ ਗਏ ਤੇ ਹੱਥ ਜੋੜ ਕੇ ਆਪਣੇ ਗੁਰੂ-ਪਿਤਾ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜੰਗ ਵਿਚ ਜਾਣ ਦੀ ਆਗਿਆ ਦਿਤੀ ਜਾਏ। ਮਹਾਰਾਜ ਨੇ ਥਾਪੀ ਦਿਤੀ ਤੇ ਅੱਠਾਂ ਸਿੱਖਾਂ ਦਾ ਜੱਥਾ ਨਾਲ ਘੱਲਿਆ।

ਗੁਰੂ ਜੀ ਬੜੇ ਚਾਣ ਨਾਲ ਆਪਣੇ 19 ਸਾਲਾਂ ਦੇ ਬੇਟੇ ਨੂੰ ਜੰਗ ਦੇ ਮੈਦਾਨ ਵਿਚ ਜਾਂਦਿਆਂ ਦੇਖ ਰਹੇ ਸਨ। ਗੜ੍ਹੀ ਤੋਂ ਨਿਕਲਦਿਆਂ ਹੀ ਸਭ ਸਿੰਘਾਂ ਨੇ ਬੜੇ ਜ਼ੋਰ ਨਾਲ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ"!

ਮੁਗਲ ਸਿਪਾਹੀ ਅੱਗੇ ਵਧੇ ਤੇ ਸਾਹਿਬਜ਼ਾਦੇ ਨੂੰ ਚਾਰੋਂ ਪਾਸਿਆਂ ਤੋਂ ਘੇਰ ਲਿਆ। ਪਰ ਇਸ ਬੀਰ ਸਪੁੱਤਰ ਨੇ ਤੀਰਾਂ ਦੀ ਅਜਿਹੀ ਬੁਛਾੜ ਕੀਤੀ ਕਿ ਕਈਆਂ ਦੀਆਂ ਛਾਤੀਆਂ ਵਿਨ੍ਹਾਂ ਦਿਤੀਆਂ। ਫੇਰ ਗਰਜ ਕੇ ਲਲਕਾਰਿਆ ਕਿ ਜਿਸ ਦੀ ਦਲੇਰੀ ਹੈ ਉਹ ਸਾਮ੍ਹਣੇ ਆ ਕੇ ਲੜੇ। ਕਈ ਮੁਗਲ ਸਿਪਾਹੀ ਭੱਜ ਕੇ ਅੱਗੇ ਆਏ ਪਰ ਸਾਹਿਬਜ਼ਾਦੇ ਅਜੀਤ ਸਿੰਘ ਨੇ ਅਜਿਹੇ ਕਰਾਰੇ ਵਾਰ ਕੀਤੇ ਕਿ ਉਹ "ਯਾ ਅੱਲ੍ਹਾ ਯਾ ਅੱਲ੍ਹਾ" ਪੁਕਾਰਦੇ ਪਿੱਛੇ ਹਟ ਗਏ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਭੀ ਇਕ ਮੁਗਲ ਸਰਦਾਰ ਨੇ ਕੱਸ ਕੇ ਨੇਜ਼ਾ ਮਾਰਿਆ। ਆਪ ਜੀ ਬਾਲ-ਬਾਲ ਬਚ ਗਏ ਪਰ ਘੋੜਾ ਜ਼ਖਮੀ ਹੋ ਗਿਆ। ਆਪ ਨੇ ਪੈਦਲ ਹੀ ਜੰਗ ਜਾਰੀ ਰੱਖੀ। ਇਕੱਲਿਆਂ ਦੇਖ ਕੇ ਮੁਗਲ ਫੌਜ ਦੇ ਸਿਪਾਹੀਆਂ ਨੇ ਇਕੋ ਵਾਰ ਹਮਲਾ ਕਰਕੇ ਉਨ੍ਹਾਂ ਨੂੰ ਉਥੇ ਹੀ ਸ਼ਹੀਦ ਕਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਕਿਲ੍ਹੇ ਦੀ ਮਮਟੀ ਤੇ ਬੈਠੇ ਆਪਣੇ ਬੀਰ ਸਪੁੱਤਰ ਦੇ ਜੌਹਰ ਦੇਖ ਰਹੇ ਸਨ। ਉਸ ਨੂੰ ਸ਼ਹੀਦ ਹੁੰਦਾ ਦੇਖ ਕੇ ਆਪ ਨੇ ਜ਼ੋਰ ਦਾ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ", ਨਾਲ ਹੀ ਸ਼ੁਕਰ ਵਿਚ ਸਿਰ ਝੁਕ ਗਿਆ। ਆਪਣੇ ਵੱਡੇ ਭਰਾ ਨੂੰ ਜੰਗ ਵਿਚ ਸ਼ਹੀਦ ਹੁੰਦਿਆਂ ਦੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਭੀ ਚਾਅ ਚੜ੍ਹਿਆ। ਆਪਣੇ ਗੁਰੂ-ਪਿਤਾ ਜੀ ਤੋਂ ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਇਹ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਅਸੀਸ ਦੇ ਕੇ ਪੰਜਾਂ ਸਿੰਘਾਂ ਦੇ ਨਾਲ ਉਸ ਨੂੰ ਭੀ ਕਿਲ੍ਹੇ ਤੋਂ ਬਾਹਰ ਗੱਲ ਦਿਤਾ।

ਪੌਣੇ ਪੰਦਰਾਂ ਸਾਲਾਂ ਦੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਗਰਜ ਕੇ ਜੈਕਾਰੇ ਬੁਲਾਂਦੇ ਰਣ ਭੂਮੀ ਵਿਚ ਆਣ ਪਹੁੰਚੇ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਪਹੁੰਚਦਿਆਂ ਜੰਗ

ਫੇਰ ਭਖ ਗਈ। ਲੋਥਾਂ 'ਤੇ ਲੋਥਾਂ ਡਿਗਣ ਲਗ ਪਈਆਂ। ਮੁਗਲ ਫੌਜਾਂ ਦੇ ਹੌਸਲੇ ਵਧੇ ਹੋਏ ਸਨ। ਉਨ੍ਹਾਂ ਨੇ ਸਾਹਿਬਜ਼ਾਦਾ ਤੇ ਪੰਜਾਂ ਸਿੰਘਾਂ ਨੂੰ ਪੂਰੀ ਤਰ੍ਹਾਂ ਘੇਰ ਲਿਆ। ਬਹਾਦਰ ਸਪੂਤ ਨੇ ਨੇਜ਼ਾ ਸੰਭਾਲ ਲਿਆ। ਜਿੱਥੇ ਵੀ ਉਨ੍ਹਾਂ ਦਾ ਨੇਜ਼ਾ ਲਗਦਾ, ਵੈਰੀ ਨੂੰ ਮਾਰ ਮੁਕਾਉਂਦਾ। ਮੁਗਲ ਫੌਜ ਦੇ ਵਧਦੇ ਆ ਰਹੇ ਦਸਤਿਆਂ ਅੱਗੇ ਪੰਜ ਕਿੰਨੀ ਦੇਰ ਟਿਕ ਸਕਦੇ ਸਨ ਪਰ ਉਨ੍ਹਾਂ ਨੇ 'ਸਵਾ ਲਾਖ ਸੇ ਏਕ ਲੜਾਊਂ' ਪ੍ਰਤੱਖ ਕਰ ਵਿਖਾਇਆ। ਮੁਗਲ ਫੌਜ ਦੇ ਇਕ ਹੋਰ ਦਸਤੇ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਪੂਰੀ ਤਰ੍ਹਾਂ ਘੇਰ ਲਿਆ। ਤਲਵਾਰ ਸੂਤ ਕੇ ਸਾਹਿਬਜ਼ਾਦਾ ਬੜੀ ਦੇਰ ਤਕ ਦੁਸ਼ਮਣ ਦੇ ਵਾਰ ਬਚਾਂਦੇ ਰਹੇ। ਸੂਰਜ ਛਿਪਣ ਤਕ ਇਹ ਅਣਮੇਚੀ ਜੰਗ ਚਲਦੀ ਰਹੀ। ਉਧਰ ਸੂਰਜ ਨੇ ਮੂੰਹ ਲੁਕਾਇਆ, ਏਧਰ ਗੁਰੂ ਗੋਬਿੰਦ ਸਿੰਘ ਜੀ ਦੇ ਚੰਨ ਪੁੱਤਰ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ। ਗੁਰੂ ਜੀ ਨੇ ਦੂਜੇ ਬੇਟੇ ਨੂੰ ਕੁਰਬਾਨ ਹੁੰਦਿਆਂ ਦੇਖ ਕੇ ਫੇਰ ਜ਼ੋਰ ਦਾ ਜੈਕਾਰਾ ਬੁਲਾਇਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਸ਼ੁਕਰ ਹੈ ਅਮਾਨਤ ਅਦਾ ਹੋਈ।" ਕਿਤਨਾ ਅਨੋਖਾ ਪਿਤਾ ਸੀ ਜਿਸ ਨੇ ਦੋਹਾਂ ਬੇਟਿਆਂ ਨੂੰ ਜੰਗ ਵਿਚ ਸ਼ਹੀਦ ਹੋਣ ਲਈ ਆਪ ਘੱਲਿਆ।

ਸੂਰਜ ਦੇ ਛਿਪ ਜਾਣ ਤੇ ਜੰਗ ਬੰਦ ਹੋ ਗਈ। ਗੜ੍ਹੀ ਦੇ ਅੰਦਰ ਬੈਠੇ ਸਿੰਘਾਂ ਨੇ ਅਤੇ ਗੁਰੂ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਕੀਤਾ ਤੇ ਫੇਰ ਅਰਦਾਸ ਕੀਤੀ। ਅਰਦਾਸ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਤੀਰ ਮੁਗਲ ਫੌਜਾਂ ਦੇ ਜਰਨੈਲਾਂ ਨੂੰ ਮਾਰੇ ਤੇ ਹਰ ਤੀਰ ਦੇ ਨਾਲ ਇਕ ਚਿੱਠੀ ਬੰਨ੍ਹ ਕੇ ਘੱਲੀ।

ਇਕ ਤੀਰ ਖੁਆਜਾ ਮਹਿਮੂਦ ਅਲੀ ਦੀ ਪੇਟੀ ਨੂੰ ਲੱਗਾ। ਉਸ ਦੀ ਚਿੱਠੀ ਵਿਚ ਲਿਖਿਆ ਸੀ ਕਿ, ਕਸਮ ਉਠੀ ਕੇ ਫਿਰ ਜਾਣਾ ਦੀਨ ਦੁਨੀ ਤੋਂ ਫਿਰ ਜਾਣਾ ਹੈ। ਅੱਜ ਤੁਸਾਂ ਦੀਨ ਤੇ ਦੁਨੀ ਦੋਵੇਂ ਗਵਾ ਲਏ ਹਨ।"

ਦੂਜਾ ਤੀਰ ਵਜ਼ੀਰ ਖਾਨ ਦੇ ਘੋੜੇ ਨੂੰ ਮਾਰਿਆ। ਚਿੱਠੀ ਵਿਚ ਅੰਕਿਤ ਸੀ, ਕਸਮ ਖਾ ਕੇ ਜੋ ਬੇਈਮਾਨ ਹੁੰਦਾ ਹੈ, ਉਹ ਦੋਜ਼ਖ ਦੀ ਅੱਗ ਵਿਚ ਸੜਦਾ ਹੈ। ਜੋ ਯਕੀਨ ਰੱਖਦਾ ਹੈ, ਓਹੋ ਉਚਾ ਹੁੰਦਾ ਹੈ।"

ਤੀਜਾ ਤੀਰ ਲਾਹੌਰ ਦੇ ਸੂਬੇ ਜ਼ਬਰਦਸਤ ਖਾਂ ਦੀ ਪੱਗ ਨੂੰ ਲੱਗਾ ਅਤੇ ਚਿੱਠੀ ਵਿਚ ਦਰਜ ਸੀ, "ਕੁਰਾਨ ਦੀ ਕਸਮ ਨੂੰ ਤੋੜਨ ਵਾਲਾ ਦੋਜ਼ਖ ਵਿਚ ਹੀ ਪਏਗਾ। ਉਹ ਸਮਾਂ ਆ ਰਿਹਾ ਹੈ ਜਦ ਸਾਰੇ ਸੂਬੇ ਵਿਚ ਸਿੰਘ ਹਲਚਲ ਮਚਾਉਣਗੇ।

ਚੌਥਾ ਤੀਰ ਅਜਮੇਰ ਚੰਦ ਦੀ ਲੱਤ ਵਿਚ ਵੱਜਾ। ਉਸ ਵਿਚ ਚੇਤਾਵਨੀ ਸੀ, ਤੈਨੂੰ ਅਰਾਮ ਕਦੇ ਨਹੀਂ ਮਿਲੇਗਾ ਪਰ ਸਾਡਾ ਰਾਖਾ ਅਕਾਲ ਪੁਰਖ ਹੈ।

ਗੜ੍ਹੀ ਵਿਚ ਰਹਿ ਗਏ ਬਾਕੀ ਸਿੰਘਾਂ ਨੂੰ ਸੰਬੋਧਨ ਕਰਦੇ ਗੁਰੂ ਜੀ ਨੇ ਕਿਹਾ, "ਸਾਡੇ ਸਾਮ੍ਹਣੇ ਹੁਣ ਸੂਰਮਿਆਂ ਵਾਂਗ ਜਾਨ ਵਾਰ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਸਾਡੇ ਲਹੂ ਦੀ ਇਕ ਬੂੰਦ ਵੀ ਵਿਅਰਥ ਨਹੀਂ ਜਾਵੇਗੀ। ਜਦ ਤੱਕ ਸਾਡਾ ਨਾਂ ਨਿਸ਼ਾਨ ਬਾਕੀ ਰਹੇਗਾ, ਵੈਰੀਆਂ ਨੂੰ ਇਸ ਖੂਨ ਦਾ ਬਦਲਾ ਖੂਨ ਨਾਲ ਦੇਣਾ ਹੀ ਪਏਗਾ।"

ਆਪਣੇ ਬਹਾਦਰ ਸਿੰਘਾਂ ਨੂੰ ਅਸ਼ੀਰਵਾਦ ਦਿੰਦੇ ਕਿਹਾ –

ਸਿੱਖ ਨੂੰ ਸਦਾ ਚਾਰ ਓਟਾਂ ਹਨ – ਪਹਿਲੀ ਓਟ ਅਕਾਲ ਪੁਰਖ ਦੀ, ਦੂਜੀ ਸਤਿਗੁਰੂ ਦੀ, ਤੀਜੀ ਸਾਧ ਸੰਗਤ ਦੀ ਤੇ ਚੌਥੀ ਆਪਣੀ। ਸੋ ਇਨ੍ਹਾਂ ਚਹੁੰ ਓਟਾਂ ਦੇ ਸਹਾਰੇ ਡਟੇ ਰਹਿਣਾ। ਰਣਭੂਮੀ ਵਿਚ ਪਿੱਠੇ ਨਹੀਂ ਦਿਖਾਣੀ ਤੇ ਸਦਾ ਆਪਣੇ ਧਰਮ ਦੀ ਲਾਜ ਰੱਖਣੀ।"

ਗੜ੍ਹੀ ਵਿਚ ਰਹਿ ਗਏ ਬਾਕੀ ਦਸ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਦਸ਼ਾ ਕੋਈ ਚੰਗੀ ਨਹੀਂ ਹੈ, ਇਸ ਲਈ ਗੜ੍ਹੀ ਛੱਡਣੀ ਹੀ ਠੀਕ ਹੈ। ਪਰ ਗੁਰੂ ਜੀ ਮੰਨ ਨਹੀਂ ਸਨ ਰਹੇ। ਸਿੰਘਾਂ ਨੇ ਮਤਾ ਪਕਾਇਆ ਕਿ ਗੁਰੂ ਜੀ ਦੀ ਅਗਵਾਈ ਦੀ ਪੰਥ ਨੂੰ ਬੜੀ ਜ਼ਰੂਰਤ ਹੈ। ਇਸ ਲਈ ਉਨ੍ਹਾਂ ਨੂੰ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਪੰਜ ਪਿਆਰੇ ਚੁਣੇ ਤੇ ਭਾਈ ਦਇਆ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਜੀ ਦੇ ਸਾਮ੍ਹਣੇ ਇਹ ਮਤਾ ਪੇਸ਼ ਕਰਕੇ ਹੁਕਮ ਦਿਤਾ ਕਿ ਗੁਰੂ ਜੀ ਉਸੇ ਰਾਤ ਹਵੇਲੀ ਛੱਡ ਜਾਣ। "ਆਪੇ ਗੁਰੁ ਚੇਲਾ" ਅਖਵਾਉਣ ਵਾਲੇ ਗੁਰੂ ਨੂੰ ਪੰਜਾਂ ਪਿਆਰਿਆਂ ਦਾ ਹੁਕਮ ਮੰਨਣਾ ਪਿਆ ਪਰ ਉਨ੍ਹਾਂ ਨੇ ਸ਼ਰਤ ਲਗਾਈ ਕਿ ਉਹ ਗੜ੍ਹੀ ਛੱਡਦਿਆਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਦਸ਼ਮੇਸ਼ ਪਿਤਾ ਨੇ ਆਪਣੇ ਨਾਲ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਲੈ ਜਾਣ ਦਾ ਫੈਸਲਾ ਕੀਤਾ। ਆਪਣੇ ਮੁਹਾਂਦਰੇ ਨਾਲ ਮਿਲਦੇ ਭਾਈ ਸੰਗਤ ਸਿੰਘ ਨੂੰ ਕਲਗੀ ਲਗਾ ਕੇ ਆਪਣਾ ਪੁਸ਼ਾਕਾ ਪਹਿਨਾ ਕੇ ਉਚੀ ਮਮਟੀ ਤੇ ਬਿਠਾ ਦਿਤਾ।

ਅੱਧੀ ਰਾਤ ਮਗਰੋਂ ਗੁਰੂ ਜੀ ਨੇ ਬੁਰਜ ਉਪਰ ਖਲੋ ਕੇ ਆਪ ਨਰਸਿੰਘਾ ਵਜਾ ਕੇ ਹਵੇਲੀ ਤੋਂ ਬਾਹਰ ਨਿਕਲੇ ਤੇ ਇਕ ਉਚੀ ਟਿੱਬੀ ਤੇ ਚੜ੍ਹ ਕੇ ਤਿੰਨ ਵਾਰ ਕਿਹਾ –

*"ਪੀਰੇ ਹਿੰਦ ਮੇ ਰਵੱਦ"*

ਹਿੰਦਾ ਦਾ ਪੀਰ ਚਲਾ ਗਿਆ।

ਮੁਗਲ ਫੌਜਾਂ ਵਿਚ ਖਲਬਲੀ ਮਚ ਗਈ। ਉਭੜਵਾਹੇ

ਉਠੇ, ਕੋਈ ਉਚੀ ਟਿੱਬੀ ਵੱਲ ਦੌੜੇ। ਮਿਸ਼ਾਲਚੀ ਰਾਹ ਦਿਖਾ ਰਿਹਾ ਸੀ। ਗੁਰੂ ਜੀ ਨੇ ਮਿਸ਼ਾਲਚੀ ਦਾ ਅਜਿਹਾ ਨਿਸ਼ਾਨਾ ਬਣਾਇਆ ਕਿ ਮਿਸ਼ਾਲ ਹੇਠਾਂ ਡਿੱਗ ਪਈ ਤੇ ਬੁੱਝ ਗਈ। ਦਿਨ ਚੜ੍ਹਦੇ ਤੱਕ ਗੁਰੂ ਜੀ ਬਹੁਤ ਦੂਰ ਨਿਕਲ ਗਏ। ਗੜ੍ਹੀ ਵਿਚ ਰਹਿ ਗਏ ਬਾਕੀ ਸੱਤ ਸਿੰਘਾਂ ਨੇ ਤਾਂ ਆਪਣੀਆਂ ਜਾਨਾਂ ਵਾਰਨ ਦਾ ਪ੍ਰਣ ਕੀਤਾ ਹੋਇਆ ਸੀ। ਪਹੁ ਫੁਟਦਿਆਂ ਜਦ ਮੁਗਲ ਫੌਜਾਂ ਨੇ ਕਿਲ੍ਹੇ ਤੇ ਹਮਲਾ ਕੀਤਾ ਤਾਂ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਕੇ ਸੱਤ ਸਿੰਘ ਤਲਵਾਰਾਂ ਧੂਹ ਕੇ ਜੈਕਾਰੇ ਗਜਾਂਦੇ ਬਾਹਰ ਆਏ। ਇਕ ਇਕ ਸਿੰਘ ਨੇ ਕਈ ਮੁਗਲ ਫੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਤਰ੍ਹਾਂ ਇਸ ਇਤਿਹਾਸਕ ਜੰਗ ਵਿਚ ਜੂਝਦੇ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਦੇ ਸੱਤ ਸਿੰਘਾਂ ਨੇ ਇਸ ਅਣਮੇਚੀ ਲੜਾਈ ਵਿਚ ਮੁਗਲਾਂ ਨਾਲ ਬੜੀ ਜ਼ਬਰਦਸਤ ਟੱਕਰ ਲਈ। ਇਨ੍ਹਾਂ ਨੇ ਭੀ ਗੁਰੂ ਜੀ ਦੇ ਕਹੇ ਵਾਕ ਸੱਚ ਕਰ ਦਿਖਾਏ - "ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।" ਆਪਣੇ ਕਲਗੀਆਂ ਵਾਲੇ ਗੁਰੂ ਜੀ ਦੀ ਅਤੇ ਸਿੱਖ ਪੰਥ ਦੀ ਲੱਜ ਰੱਖੀ ਤੇ ਵਾਰੋ-ਵਾਰੀ ਸ਼ਹੀਦੀ ਪਾ ਕੇ ਰਹਿੰਦੀ ਦੁਨੀਆਂ ਤੱਕ ਆਪਣੀ ਕੁਰਬਾਨੀ ਦੀ ਲਾਸਾਨੀ ਮਿਸਾਲ ਕਾਇਮ ਕਰ ਗਏ।

ਇਨ੍ਹਾਂ ਸੱਤਾਂ ਸਹੀਦਾਂ ਵਿਚ ਇਕ ਕਲਗੀ ਵਾਲੇ ਵਰਗੀ ਸੋਹਣੀ ਪੁਸ਼ਾਕ ਪਹਿਨੇ ਹੋਏ ਸਿੰਘ ਨੂੰ ਦੇਖ ਕੇ ਮੁਗਲਾਂ ਨੇ ਸਮਝਿਆ ਕਿ ਸਿੱਖਾਂ ਦਾ ਗੁਰੂ ਗੋਬਿੰਦ ਸਿੰਘ ਭੀ ਸ਼ਹੀਦ ਹੋ ਗਿਆ ਹੈ। ਉਨ੍ਹਾਂ ਨੇ ਬੜੀ ਖੁਸ਼ੀ ਨਾਲ ਆਪਣੇ ਜਰਨੈਲਾਂ ਨੂੰ ਜਾ ਕੇ ਖਬਰ ਦਿਤੀ, ਪਰ ਇਹ ਤਾਂ ਉਨ੍ਹਾਂ ਦਾ ਭੁਲੇਖਾ ਸੀ। ਗੁਰੂ ਗੋਬਿੰਦ ਸਿੰਘ ਜੀ ਤਾਂ ਉਨ੍ਹਾਂ ਦੀ ਪਹੁੰਚ ਤੋਂ ਬੜੀ ਦੂਰ ਜੰਗਲਾਂ ਜੂਹਾਂ ਵਿਚੋਂ ਲੰਘਦੇ ਰਾਤ ਨੂੰ ਮਾਛੀਵਾੜੇ ਦੇ ਜੰਗਲ ਵਿਚ ਜਾ ਪਹੁੰਚੇ ਸਨ।

ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਤੀਰ ਦੀ ਨੋਕ ਨਾਲ ਉਖੇੜ ਕੇ ਫੁਰਮਾਇਆ,
ਇਹ ਮੁਗਲ ਰਾਜ ਹੁਣ ਜੜ੍ਹੋਂ ਪੁਟਿਆ ਗਿਆ।

ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰਦੇ ਵਾਹਿਗੁਰੂ ਅਕਾਲ ਪੁਰਖ ਨੂੰ ਸੰਬੋਧਨ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਸ਼ਬਦ ਉਚਾਰਿਆ ਸੀ, ਜੋ ਅਸੀਂ ਨਿਤ ਗਾਂਦੇ ਹਾਂ-

*ਮਿਤਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾ ਦੇ ਰਹਣਾ।*
*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ।*
*ਯਾਰੜੇ ਦਾ ਸਾਨੂੰ ਸਥਰੁ ਚੰਗਾ*
*ਭੱਠ ਖੇੜਿਆਂ ਦਾ ਰਹਣਾ। (ਦਸਮ ਗ੍ਰੰਥ, ਪੰਨਾ 711)*

ਤਿੰਨਾਂ ਦਿਨਾਂ ਮਗਰੋਂ ਆਪ ਦੇ ਸਿਦਕੀ ਸਿੱਖ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਗੁਰੂ ਜੀ ਕੋਲ ਪਹੁੰਚ ਗਏ। ਆਪ ਦਾ ਇਕ ਪਹਿਲਾ ਸੇਵਕ ਗੁਲਾਬਾ ਵੀ ਮਿਲ ਗਿਆ। ਨਬੀ ਖਾਨ ਤੇ ਗਨੀ ਖਾਨ ਪਠਾਣ, ਜੋ ਗੁਰੂ ਜੀ ਲਈ ਚੰਗੇ ਘੋੜੇ ਢੂੰਡ ਕੇ ਲਿਆਇਆ ਕਰਦੇ ਸਨ, ਉਹ ਭੀ ਆ ਗਏ।

ਗੁਰੂ ਜੀ ਨੂੰ ਇਹ ਭੀ ਖਬਰ ਮਿਲ ਗਈ ਕਿ ਆਪ ਜੀ ਦੇ ਛੋਟੇ ਦੋ ਸਾਹਿਬਜ਼ਾਦੇ ਜ਼ੋਰਾਵਾਰ ਸਿੰਘ ਜੀ ਤੇ ਫਤਹਿ ਸਿੰਘ ਜੀ ਨੂੰ ਨਵਾਬ ਸਰਹਿੰਦ ਦੇ ਹੁਕਮ ਨਾਲ ਦੀਵਾਰਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ ਹੈ। ਗੁਰੂ ਸਾਹਿਬ ਨੂੰ ਇਹ ਭੀ ਦੱਸਿਆ ਗਿਆ ਕਿ ਬਹਾਦਰ ਸਾਹਿਬਜ਼ਾਦਿਆਂ ਨੂੰ ਬਥੇਰੇ ਲਾਲਚ ਦਿਤੇ ਗਏ ਪਰ ਅਖੀਰ ਤੱਕ ਓਹ ਡਟੇ ਰਹੇ ਤੇ ਧਰਮ ਦੀ ਲਾਜ ਰੱਖੀਸ਼ ਮਾਤਾ ਗੁਜਰੀ ਜੀ ਦੇ ਸਰੀਰ ਤਿਆਗ ਦੇਣ ਬਾਰੇ ਭੀ ਗੁਰੂ ਜੀ ਨੂੰ ਪਤਾ ਲੱਗਾ। ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਤੀਰ ਦੀ ਨੋਕ ਨਾਲ ਉਖੇੜ ਕੇ ਫੁਰਮਾਇਆ –

"ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।"

ਲਾਸਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰ ਨਿਵਾ ਕੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਆਪ ਦੀ ਅਮਾਨਤ ਆਪ ਪਾਸ ਪੁੱਜ ਗਈ ਹੈ।

ਮਾਛੀਵਾੜੇ ਤੋਂ ਚਲ ਕੇ ਗੁਰੂ ਜੀ ਕਨੇਚ, ਜਟਪੁਰਾ, ਧਲਿਆਣੀ, ਚੱਕਰ, ਤਖਤੂਪੁਰਾ ਤੇ ਮਸੇਲ ਪਿੰਡਾਂ ਵਿਚੋਂ ਹੁੰਦੇ ਹੋਏ ਦੀਨਾ ਪਿੰਡ ਜਾ ਪੁੱਜੇ। ਇਥੇ ਆਪ ਜੀ ਨੇ ਭਾਈ ਦੇਸੂ ਤਰਖਾਣ ਦੇ ਚੁਬਾਰੇ ਵਿਚ ਟਿਕਾਣਾ ਕੀਤਾ। ਕੁਝ ਦਿਨਾਂ ਮਗਰੋਂ ਆਪ ਦੀਨਾ ਤੋਂ ਕਾਂਗੜੇ ਚਲੇ ਗਏ। ਉਥੋਂ ਬਾਦਸਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਇਕ ਲੰਮੀ ਚਿੱਠੀ ਲਿਖੀ ਜਿਸਨੂੰ "ਜ਼ਫਰਨਾਮਾ" ਕਿਹਾ ਜਾਂਦਾ ਹੈ।

ਇਸ ਚਿੱਠੀ ਵਿਚ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਕਿਹਾ – ਤੈਨੂੰ ਮਾਨ ਹੈ ਆਪਣੀਆਂ ਫੌਜਾਂ ਅਤੇ ਹਕੂਮਤ ਤੇ, ਮੈਨੂੰ ਮਾਨ ਹੈ ਆਪਣੇ ਪ੍ਰਭੂ ਤੇ।

ਤੂੰ ਦੇਸ਼ ਦਾ ਬਾਦਸ਼ਾਹ ਜ਼ਰੂਰ ਹੈਂ ਪਰ ਧਰਮ ਈਮਾਨ ਤੋਂ ਬਹੁਤ ਦੂਰ ਹੈਂ।

ਨਾਲ ਹੀ ਉਸਨੂੰ ਲਿਖਿਆ – ਚਾਰ ਚਿੰਗਾੜੀਆਂ ਬੁਝਾਉਣ ਨਾਲ ਅੱਗ ਨਹੀਂ ਬੁਝ ਜਾਂਦੀ। ਕਿਸੇ ਦੇ ਖ਼ੂਨ ਦਾ ਪਿਆਸਾ ਹੋਣਾ ਠੀਕ ਨਹੀਂ। ਖ਼ੁਦਾ (ਰਬ) ਤੇਰਾ ਭੀ ਲਹੂ ਤਲਵਾਰ ਨਾਲ ਹੀ ਵਗਾਏਗਾ।

ਗੁਰੂ ਜੀ ਨੇ ਇਹ ਵੀ ਸਪਸ਼ਟ ਕੀਤਾ ਕਿ ਜਦ ਹੋਰ ਸਭ ਹੀਲੇ ਬੇਕਾਰ ਹੋ ਜਾਣ ਤਾਂ ਆਪਣੀ ਰੱਖਿਆ ਲਈ ਤਲਵਾਰ ਚਲਾਣਾ ਨਾ ਸਿਰਫ ਠੀਕ ਹੈ, ਸਗੋਂ ਧਰਮ ਵੀ ਹੈ। ਅੰਤ ਵਿਚ ਲਿਖਿਆ ਤੂੰ ਖਬਰਦਾਰ ਹੋ, ਖਾਲਸਾ ਪੈਦਾ ਹੋਇਆ ਹੈ, ਤੇਰੇ ਵਰਗੇ ਬੁੱਤਾਂ ਨੂੰ ਢਾਹੁੰਣ ਵਾਲਾ ਅਜਿਹਾ ਖਾਲਸਾ ਪੈਦਾ ਹੋਇਆ ਹੈ ਜਿਸ ਦੇ ਸਾਮ੍ਹਣੇ ਆਦਰਸ਼ ਹੈ–

***ਦੇਹਿ ਸ਼ਿਵਾ ਬਰ ਮੋਹਿ ਇਹੈ,***
***ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।***
***ਨ ਡਰੋਂ ਅਰਿ ਸੋ ਜਬ ਜਾਇ ਲਰੋਂ,***
***ਨਿਸਚੈ ਕਰ ਆਪਨੀ ਜੀਤ ਕਰੋਂ।***
***ਅਰ ਸਿਖ ਹੋ ਆਪਨੇ ਹੀ ਮਨ ਕੋ,***
***ਯਹ ਲਾਲਚ ਹਉ ਗੁਨ ਤਉ ਉਚਰੋਂ।***
***ਜਬ ਆਵ ਕੀ ਅਉਧ ਨਿਦਾਨ ਬਨੈ,***
***ਅਤ ਹੀ ਰਨ ਮੈ ਤਬ ਜੂਝ ਮਰੋਂ॥***

ਕਿਆ ਸੋਹਣਾ ਲਿਖਿਆ ਹੈ ਜੋਗੀ ਅਲਾਹਯਾਰ ਖਾਨ ਨੇ ਕਿ –

***ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।***
***ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।***
***ਚਮਕ ਹੈ ਮੇਹਰ ਕੀ ਚਮਕੌਰ ਤੇਰੇ ਜ਼ਰੋਂ ਮੇਂ।***

## ਛੋਟੇ ਸਾਹਿਬਜ਼ਾਦਿਆਂ ਦਾ ਸਾਕਾ

ਅਨੰਦਪੁਰ ਦੇ ਕਿਲ੍ਹੇ ਦੇ ਬਾਹਰ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਿੰਘਾਂ ਤੇ ਮੁਗਲ ਫੌਜਾਂ ਵਿਚਕਾਰ ਕਈ ਮਹੀਨੇ ਘਮਸਾਨ ਦੀ ਲੜਾਈ ਹੁੰਦੀ ਰਹੀ। ਬਾਦਸ਼ਾਹ ਔਰੰਗਜ਼ੇਬ ਨੇ ਕੁਰਾਨ ਦੀ ਕਸਮ ਖਾ ਕੇ ਗੁਰੂ ਜੀ ਨੂੰ ਸੁਨੇਹਾ ਘੱਲਿਆ ਕਿ ਜੇ ਉਹ ਅਨੰਦਪੁਰ ਦਾ ਕਿਲ੍ਹਾ ਖਾਲੀ ਕਰ ਦੇਣ ਤਾਂ ਉਨ੍ਹਾਂ ਨੂੰ ਬਿਨਾਂ ਕਿਸੇ ਰੋਕ ਤੋਂ ਜਾਣ ਦਿਤਾ ਜਾਏਗਾ।

ਗੁਰੂ ਜੀ ਨੂੰ ਭਾਵੇਂ ਔਰੰਗਜ਼ੇਬ ਦੀ ਕਸਮ ਤੇ ਇਤਬਾਰ ਨਹੀਂ ਸੀ ਪਰ ਪਰਖਣ ਲਈ ਆਪ ਨੇ ਕਿਲ੍ਹਾ ਛੱਡਣਾ ਪ੍ਰਵਾਨ ਕਰ ਲਿਆ।

ਕਿਲ੍ਹੇ ਤੋਂ ਨਿਕਲਣ ਦੀ ਦੇਰ ਸੀ ਕਿ ਮੁਗਲ ਫੌਜਾਂ ਨੇ ਹਮਲਾ ਕਰ ਦਿਤਾ। ਸਰਸਾ ਨਦੀ ਦੇ ਕੰਢੇ ਤੇ ਘਮਸਾਨ ਦੀ ਲੜਾਈ ਛਿੜ ਪਈ। ਗੁਰੂ ਜੀ ਦੀ ਫੌਜ ਨੇ ਡਟ ਕੇ ਮੁਕਾਬਲਾ ਕੀਤਾ। ਇਕ ਇਕ ਸਿੰਘ ਨੇ ਕਈ ਮੁਗਲ ਸਿਪਾਹੀਆਂ ਨੂੰ ਮਾਰ ਮੁਕਾਇਆ।

ਇਸ ਭਖਦੀ ਜੰਗ ਵਿਚ ਗੁਰੂ ਜੀ ਦਾ ਸਾਰਾ ਪਰਵਾਰ ਇਕ ਦੂਜੇ ਨਾਲੋਂ ਵਿਛੜ ਗਿਆ। ਛੋਟੇ ਸਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਚਲੇ ਗਏ। ਬਿਖੜੇ ਰਸਤਿਆਂ ਤੋਂ ਲੰਘਦੇ, ਘਣੇ ਜੰਗਲਾਂ ਥਾਣੀ ਹੁੰਦੇ ਅੱਗੇ ਹੀ ਅੱਗੇ ਟੁਰਦੇ ਗਏ।

ਰਸਤੇ ਵਿਚ ਕਈ ਜੰਗਲੀ ਜਾਨਵਰ ਉਨ੍ਹਾਂ ਦੇ ਕੋਲੋਂ ਲੰਘੇ, ਸ਼ੇਰ ਭੀ ਦਿਖਾਈ ਦਿਤੇ, ਸੱਪ ਭੀ ਦਿੱਸੇ ਪਰ ਦਲੇਰ ਸਾਹਿਬਜ਼ਾਦੇ ਆਪਣੇ ਪਿਆਰੇ ਦਾਦੀ ਜੀ ਦੇ ਨਾਲ ਬਾਣੀ ਦਾ ਪਾਠ ਕਰਦੇ ਕਰਦੇ, ਬਿਨਾਂ ਕਿਸੇ ਡਰ ਭਉ ਦੇ ਅਗਾਂਹ ਹੀ ਅਗਾਂਹ ਤੁਰਦੇ ਗਏ। ਆਪਣੇ ਦਾਦੀ ਜੀ ਤੋਂ ਸਾਖੀਆਂ

ਭੀ ਸੁਣਦੇ ਰਹੇ। ਇਸ ਤਰ੍ਹਾਂ ਉਨ੍ਹਾਂ ਦਾ ਪੈਂਡਾ ਭੀ ਸੌਖਾ ਕੱਟਿਆ ਗਿਆ।

ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਰਸਾ ਨਦੀ ਪਾਰ ਕਰਕੇ ਰਾਤ ਰੋਪੜ ਟਿਕੇ ਤੇ ਸਵੇਰ ਸਾਰ ਹੀ ਚਮਕੌਰ ਸਾਹਿਬ ਦੀ ਗੜ੍ਹੀ ਜਾ ਪਹੁੰਚੇ।

ਬੜੇ ਲੰਮੇ ਪੈਂਡੇ ਮਗਰੋਂ ਮਾਤਾ ਗੁਜਰੀ ਜੀ ਸਮੇਤ ਦੋਹਾਂ ਸਾਹਿਬਜ਼ਾਦਿਆਂ ਦੇ ਕੰਮੋ ਮਾਸ਼ਕੀ ਦੀ ਝੁੱਗੀ ਕੋਲ ਜਾ ਪਹੁੰਚੇ। ਮਾਤਾ ਜੀ ਨੂੰ ਦੇਖਦਿਆਂ ਹੀ ਉਹ ਬਾਹਰ ਆ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਮੇਰੇ ਧੰਨ ਭਾਗ! ਜੇ ਆਪ ਜੀ ਮੇਰੀ ਨਿਮਾਣੀ ਜਿਹੀ ਕੁਟੀਆ ਵਿਚ ਬਿਸਰਾਮ ਕਰੋ।"

ਗੰਗੂ ਬ੍ਰਾਹਮਣ ਮਾਤਾ ਜੀ ਨੂੰ ਅਤੇ ਦੋਵੇਂ ਸਾਹਿਬਜਾਦਿਆਂ ਨੂੰ ਪਿੰਡ ਖੇੜੀ ਲਜਾਂਦਾ ਹੋਇਆ

ਮਾਤਾ ਜੀ ਤੇ ਸਾਹਿਬਜ਼ਾਦੇ ਕੰਮੋ ਦੀ ਸ਼ਰਧਾ ਦੇਖ ਖੁਸ਼ ਹੋਏ। ਉਤੋਂ ਹਨ੍ਹੇਰਾ ਹੋ ਰਿਹਾ ਸੀ, ਇਸ ਲਈ ਮਾਤਾ ਜੀ ਨੇ ਉਸ ਰਾਤ ਕੰਮੋ ਦੀ ਝੁੱਗੀ ਟਿਕਣਾ ਹੀ ਠੀਕ ਸਮਝਿਆ। ਲੱਛਮੀ ਨਾਂ ਦੀ ਔਰਤ ਪਾਸੋਂ ਜੋ ਸਰ ਸਕਿਆ ਉਸ ਮਾਤਾ ਜੀ ਤੇ ਸਾਹਿਬਜ਼ਾਦਿਆਂ ਅੱਗੇ ਲਿਆ ਰੱਖਿਆ। ਸਭ ਨੇ ਗੁਰਪ੍ਰਸਾਦਿ ਕਹਿ ਮੂੰਹ ਵਿਚ ਪਾਇਆ।

ਦੂਜੇ ਦਿਨ ਗੁਰੂ ਜੀ ਦੇ ਲੰਗਰ ਦਾ ਇਕ ਸੇਵਾਦਾਰ ਗੰਗੂ ਬ੍ਰਾਹਮਣ ਸੋਅ ਸੁਣ ਕੇ ਉਨ੍ਹਾਂ ਦੇ ਕੋਲ ਆਣ ਪਹੁੰਚਾ। ਮਾਤਾ ਗੁਜਰੀ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਨ ਲੱਗਾ, "ਮਾਤਾ ਜੀ, ਆਪ ਮੇਰੇ ਨਾਲ ਸਾਡੇ ਪਿੰਡ ਖੇੜੀ ਚਲੋ, ਉਥੇ ਆਪ ਜੀ ਨੂੰ ਕਿਸੇ ਕਿਸਮ ਦੀ ਖੇਚਲ ਨਹੀਂ ਹੋਵੇਗੀ। ਕਿਸੇ ਨੂੰ ਆਪ ਬਾਰੇ ਸੂਹ ਤਕ ਨਹੀਂ ਲੱਗੇਗੀ।"

ਮਾਤਾ ਗੁਜਰੀ ਜੀ ਨੂੰ ਚੁੱਪ ਦੇਖ ਕੇ ਗੰਗੂ ਕਹਿਣ ਲੱਗਾ, "ਆਪ ਪੂਰੀ ਤਸੱਲੀ ਰੱਖੋ।" ਜੋ ਥੋੜ੍ਹਾ ਜਿਹਾ ਸਮਾਨ ਸੀ ਇਕ ਖੱਚਰ ਤੇ ਲਦਵਾ ਕੇ ਗੰਗੂ ਦੇ ਨਾਲ ਮਾਤਾ ਜੀ ਉਸ ਦੇ ਪਿੰਡ ਵੱਲ ਚੱਲ ਪਏ। ਦੋਵੇਂ ਸਾਹਿਬਜ਼ਾਦੇ ਨਾਲ ਨਾਲ ਪੈਦਲ ਚਲਦੇ ਗਏ। ਕਦੇ ਕਦੇ ਮਾਤਾ ਜੀ ਕੋਲੋਂ ਦੋਵੇਂ ਸਾਹਿਬਜ਼ਾਦੇ ਗੁਰੂ ਪਿਤਾ ਅਤੇ ਭਰਾਵਾਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਬਾਰੇ ਵੀ ਪੁੱਛ ਲੈਂਦੇ।

ਸਫਰ ਕਰਦੇ ਕਰਦੇ ਸ਼ਾਮ ਪੈ ਗਈ। ਖੇੜੀ ਪਿੰਡ ਪੁੱਜ ਕੇ ਗੰਗੂ ਦੇ ਘਰ ਟਿਕਾਣਾ ਕੀਤਾ। ਆਪਣੇ ਨਾਲ ਲਿਆਂਦਾ ਸਮਾਨ ਮਾਤਾ ਜੀ ਨੇ ਇਕ ਵੱਖਰੇ ਕਮਰੇ ਵਿਚ ਟਿਕਾ ਦਿਤਾ।

ਦੋਨੋਂ ਸਾਹਿਬਜ਼ਾਦਿਆਂ ਦੇ ਕਪੜੇ ਬਦਲਵਾਏ ਤੇ ਬਿਸਤਰਾ ਠੀਕ ਕੀਤਾ। ਤਿੰਨਾਂ ਨੇ ਰਲ ਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ। ਫਿਰ ਦੋਹਾਂ ਸਾਹਿਬਜ਼ਾਦਿਆਂ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ, ਅਸੀਸ ਦਿਤੀ ਤੇ ਆਪਣੀ ਛਾਤੀ ਨਾਲ ਲਗਾ ਕੇ ਅਰਾਮ ਕਰਨ ਲਈ ਲੇਟ ਗਏ। ਰਾਤ ਨੂੰ ਪੋਲੇ ਪੋਲੇ ਕਦਮ ਰਖਦਾ ਗੰਗੂ ਉਨ੍ਹਾਂ ਦੇ ਕਮਰੇ ਵਿਚ ਆਇਆ। ਮਾਤਾ ਜੀ ਨੂੰ ਸੁੱਤਾ ਦੇਖ ਕੇ ਮੰਜੀ ਤੱਲੇ ਪਈ ਖੁਰਜੀ ਨੂੰ ਹੌਲੀ ਹੌਲੀ ਫਰੋਲ-ਫਰਾਲ ਕੇ ਉਸ ਵਿਚੋਂ ਮੋਹਰਾਂ ਦੀ ਥੈਲੀ ਕੱਢ ਕੇ ਚੁੱਪ-ਚਾਪ ਬਾਹਰ ਚਲਾ ਗਿਆ।

ਮਾਤਾ ਜੀ ਨੂੰ ਖੜਾਕ ਸੁਣਾਈ ਦਿਤਾ, ਗੰਗੂ ਦੇ ਅੰਦਰ ਆਉਣ ਦਾ ਝੌਲਾ ਪਿਆ, ਦੱਬੇ ਪੈਰੀਂ ਬਾਹਰ ਜਾਣ ਦਾ ਭੀ ਪਤਾ ਲਗ ਗਿਆ ਪਰ ਮਾਤਾ ਜੀ ਨੇ ਉਸ ਵੇਲੇ ਕੁਝ ਨਾ ਕਿਹਾ।

ਸਵੇਰੇ ਮਾਤਾ ਗੁਜਰੀ ਜੀ ਜਾਗੇ ਤਾਂ ਉਨ੍ਹਾਂ ਨੇ ਗੰਗੂ ਨੂੰ ਪੁਛਿਆ, "ਗੰਗੂ! ਸਾਰਾ ਸਮਾਨ ਖਿਲਰਿਆ ਪਿਆ ਹੈ, ਬਾਹਰਲਾ ਦਰਵਾਜ਼ਾ ਤਾਂ ਬੰਦ ਸੀ? ਮੋਹਰਾਂ ਕਿੱਥੇ ਗਈਆਂ?" ਗੰਗੂ ਹੈਰਾਨ ਹੋ ਕੇ ਇਧਰ-ਉਧਰ ਝਾਕਣ ਲੱਗਾ।

ਬਿਨਾਂ ਕੁਝ ਕਹੇ ਝਟ-ਪਟ ਬਾਹਰ ਚਲਾ ਗਿਆ ਤੇ

ਜਾ ਕੇ ਰੌਲਾ ਪਾ ਦਿਤਾ, “ਚੋਰੀ ਹੋ ਗਈ, ਲੋਕੋ! ਮਾਤਾ ਜੀ ਦੀ ਚੋਰੀ ਹੋ ਗਈ!”

ਜਤਨ ਕੀਤਾ ਪਰ ਬੋਲਦਾ-ਬੋਲਦਾ ਉਹ ਘਰੋਂ ਬਾਹਰ ਨਿਕਲ ਗਿਆ।

ਗੰਗੂ ਸਿੱਧਾ ਮੁਰਿੰਡੇ ਕੋਤਵਾਲ ਪਾਸ ਜਾ ਪਹੁੰਚਾ। ਅੰਦਰ ਜਾ ਕੇ ਕੋਤਵਾਲ ਨੂੰ ਸਲਾਮ ਕੀਤੀ ਤੇ ਹੌਲੀ ਹੌਲੀ ਕਹਿਣ ਲੱਗਾ, “ਹਜ਼ੂਰ, ਆਪ ਜੀ ਨੂੰ ਇਕ ਖੁਫੀਆ ਇਤਲਾਹ ਦੇਣ ਆਇਆ ਹਾਂ.”

ਕੋਤਵਾਲ ਪੁੱਛਣ ਲੱਗਾ, “ਹਾਂ, ਦੱਸ ਪੰਡਤਾ, ਕੀ ਖਬਰ ਲਿਆਇਆ ਹੈਂ?”

“ਹਜ਼ੂਰ, ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਤੇ ਉਨ੍ਹਾਂ ਦੇ ਦੋ ਛੋਟੇ ਲੜਕੇ ਮੇਰੇ ਘਰ ਆ ਚੁੱਕੇ ਹਨ।”

ਕੋਤਵਾਲ ਇਹ ਸੁਣ ਕੇ ਬੜਾ ਖੁਸ਼ ਹੋਇਆ ਤੇ ਆਪਣੇ ਸਿਪਾਹੀਆਂ ਨੂੰ ਬੁਲਾ ਕੇ ਉਨ੍ਹਾਂ ਨੂੰ ਗੰਗੂ ਦੇ ਨਾਲ ਘੱਲਿਆ ਤੇ ਹੁਕਮ ਦਿਤਾ ਕਿ ਸਭ ਨੂੰ ਗ੍ਰਿਫਤਾਰ ਕਰਕੇ ਲਿਆਂਦਾ ਜਾਏ।

ਜਦ ਕੋਤਵਾਲ ਦੇ ਭੇਜੇ ਸਿਪਾਹੀ ਗੰਗੂ ਦੇ ਵਿਹੜੇ ਪੁੱਜੇ ਤਾਂ ਕੁਝ ਆਂਢ-ਗੁਆਂਢ ਦੇ ਲੋਕ ਭੀ ਝਾਕਣ ਲੱਗੇ। ਸਿਪਾਹੀ ਦੌੜ ਕੇ ਪਿਛਲੇ ਪਾਸੇ ਚਲੇ ਗਏ ਤੇ ਮਾਤਾ ਜੀ ਨੂੰ ਮੰਜੇ ਤੇ ਬੈਠੇ ਤੇ ਬੱਚਿਆਂ ਨੂੰ ਨਿਸਚਿੰਤ ਦੇਖ ਕੇ ਪਹਿਲਾਂ ਹੈਰਾਨ ਹੋਏ ਤੇ ਫੇਰ ਨਾਲ ਟੁਰਨ ਲਈ ਕੋਤਵਾਲ ਦਾ ਹੁਕਮ ਸੁਣਾਇਆ।

ਮਾਤਾ ਜੀ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਗਲੇ ਲਗਾਇਆ ਤੇ ਕਹਿਣ ਲੱਗੇ, “ਚਲੋ, ਮੇਰੇ ਬੱਚਿਓ, ਚੱਲੀਏ।”

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਤਿਆਰ ਬਰ ਤਿਆਰ ਖੜ੍ਹੇ ਸਨ। ਦੋਵੇਂ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸਿਪਾਹੀਆਂ ਦੇ ਨਾਲ ਟੁਰ ਪਏ।

ਇਤਨੇ ਨੂੰ ਬਾਹਰ ਭੀੜ ਇਕੱਠੀ ਹੋ ਗਈ ਸੀ। ਗੰਗੂ ਇਕ ਪਾਸੇ ਖੜ੍ਹਾ ਸੀ, ਲੋਕ ਉਸ ਵਲ ਉਂਗਲੀਆਂ ਕਰ ਰਹੇ ਸਨ। ਉਹ ਅੱਖਾਂ ਨੀਵੀਆਂ ਪਾ ਇਕ ਪਾਸੇ ਖਲੋਤਾ ਸੀ। ਇਕ ਜ਼ਨਾਨੀ ਬੋਲੀ, “ਵੇਖੀ ਜੇ ਇਸ ਨਿਮਕ ਹਰਾਮ ਦੀ ਕਰਤੂਤ, ਇਨ੍ਹਾਂ ਨੂੰ ਆਪਣੇ ਘਰ ਲਿਆ ਕੇ ਸਰਕਾਰ ਨੂੰ ਜਾ ਖਬਰ ਦਿਤੀ ਸੂ।” ਦੂਜਾ ਬੋਲਿਆ, “ਇਨ੍ਹਾਂ ਮਾਸੂਮਾਂ ਨੇ ਸਰਕਾਰ ਦਾ ਕੀ ਵਿਗਾੜਿਆ ਹੈ? ਸਾਰੇ ਕਹਿ ਰਹੇ ਸਨ, “ਇਨ੍ਹਾਂ ਦੀ ਦਾਦੀ ਦੇ ਚਿਹਰੇ ਤੇ ਕਿੰਨਾਂ ਨੂਰ ਹੈ।”

ਲੋਕਾਂ ਦੇ ਦੇਖਦਿਆਂ ਦੇਖਦਿਆਂ ਹੀ ਮਾਤਾ ਜੀ ਨੂੰ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਸਿਪਾਹੀ ਆਪਣੇ ਨਾਲ ਲੈ ਗਏ। ਲੋਕ ਬੁੱਲ ਟੁਕਦੇ ਹੀ ਰਹਿ ਗਏ।

ਮਾਤਾ ਜੀ, ਦੋਵੇਂ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਵਿਚ

ਰਾਤ ਨੂੰ ਮਾਤਾ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਮੁਰਿੰਡੇ ਦੀ ਹਵਾਲਾਤ ਵਿਚ ਰੱਖਿਆ ਗਿਆ।

ਸ਼ਾਂਤੀ ਦੇ ਪੁੰਜ ਮਾਤਾ ਗੁਜਰੀ ਜੀ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਪਿਆਰ ਤੇ ਦਿਲਾਸਾ ਦੇ ਕੇ ਆਪਣੇ ਕੋਲ ਬਿਠਾਇਆ। ਉਨ੍ਹਾਂ ਨੂੰ ਗੁਰੂ ਨਾਨਕ ਦੇ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਸੁਣਾਂਦੇ ਰਹੇ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀਆਂ ਅਦੁੱਤੀ ਸ਼ਹੀਦੀ ਦੀਆਂ ਸਾਖੀਆਂ ਉਨ੍ਹਾਂ ਨੂੰ ਸੁਣਾਈਆਂ।

ਫੇਰ ਤਿੰਨਾਂ ਨੇ ਮਿਲ ਕੇ ਰਹਿਰਾਸ ਸਾਹਿਬ ਤੇ ਸੋਹਿਲੇ ਦਾ ਪਾਠ ਕੀਤਾ ਤੇ ਰਾਤ ਨੂੰ ਚਟਾਈ ਤੇ ਹੀ ਬਿਸਰਾਮ ਕੀਤਾ।

ਦੂਜੇ ਦਿਨ ਸਵੇਰੇ ਹੀ ਮਾਤਾ ਗੁਜਰੀ ਜੀ ਤੇ

ਸਾਹਿਬਜ਼ਾਦਿਆਂ ਨੂੰ ਇਕ ਬੈਲ ਗੱਡੇ ਤੇ ਬਿਠਾ ਕੇ ਬੱਸੀ ਦੇ ਥਾਣੇ ਲੈ ਗਏ। ਲੋਕਾਂ ਦੀ ਭੀੜ ਨਾਲ ਹੀ ਚਲਦੀ ਜਾ ਰਹੀ ਸੀ। ਲੋਕ ਹੈਰਾਨ ਹੋ ਇਕ ਦੂਜੇ ਤੋਂ ਪੁੱਛ ਰਹੇ ਸਨ ਕਿ ਬਿਰਧ ਮਾਤਾ ਤੇ ਮਾਸੂਮ ਬੱਚਿਆਂ ਨੂੰ ਕਿਉਂ ਕੈਦ ਕੀਤਾ ਗਿਆ ਹੈ। ਜਿਥੋਂ ਭੀ ਲੰਘਦੇ ਲੋਕ ਘਰਾਂ ਤੋਂ ਬਾਹਰ ਆ ਜਾਂਦੇ। ਦਲੇਰ ਤੇ ਨਿਡਰ ਸਾਹਿਬਜ਼ਾਦਿਆਂ ਨੂੰ ਦੇਖ ਕੇ ਲੋਕ ਕਹਿ ਰਹੇ ਸਨ, "ਆਪਣੇ ਬਹਾਦਰ ਪਿਤਾ ਦੇ ਬਹਾਦਰ ਸਪੂਤ ਹਨ।"

ਆਸ ਪਾਸ ਖੜ੍ਹੇ ਮਰਦਾਂ ਤੇ ਜ਼ਨਾਨੀਆਂ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਸਿਪਾਹੀ ਘਬਰਾ ਕੇ ਜਲਦੀ-ਜਲਦੀ ਅੱਗੇ ਟੁਰਦੇ ਜਾਂਦੇ। ਗੱਡੇ ਵਾਲਾ ਬਲਦਾਂ ਨੂੰ ਤੇਜ਼ ਹਿਕਦਾ ਜਾਂਦਾ ਤਾਂ ਜੁ ਉਹ ਛੇਤੀ ਤੋਂ ਛੇਤੀ ਸਰਹਿੰਦ ਪਹੁੰਚ ਜਾਣ।

ਸਰਹਿੰਦ ਪਹੁੰਚ ਕੇ ਰਾਤ ਵੇਲੇ ਮਾਤਾ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਰੱਖਿਆ ਗਿਆ। ਭਾਈ ਮੋਤੀ ਨਾਉਂ ਦੇ ਮਹਿਰੇ ਨੇ, ਮਾਤਾ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ, ਜਾਨ ਹੀਲ ਕੇ, ਠੰਡੇ ਬੁਰਜ ਦੁੱਧ ਪੁਚਾਇਆ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਆਪਣੀ ਦਾਦੀ ਜੀ ਕੋਲ ਬੈਠ ਕੇ ਉਨ੍ਹਾਂ ਕੋਲੋ ਸਾਖੀਆਂ ਸੁਣਦੇ ਰਹੇ।

ਗੁਰੂ ਸਾਹਿਬਾਂ ਦੇ ਆਦਰਸ਼ਾਂ ਬਾਰੇ ਸੁਣ ਕੇ ਸਾਹਿਬਜ਼ਾਦੇ ਕਹਿਣ ਲੱਗੇ, "ਮਾਤਾ ਜੀ, ਅਸੀਂ ਦਸ਼ਮੇਸ਼ ਪਿਤਾ ਦੇ ਪੁੱਤਰ ਹਾਂ, ਆਪਣੇ ਧਰਮ ਦੀ ਲਾਜ ਰੱਖਾਂਗੇ।"

*ਧੰਨ ਭਾਗ ਹਮਰੇ ਹੈ ਮਾਈ॥*
*ਧਰਮ ਹੇਤ ਤਨ ਜੇ ਕਰ ਜਾਈ॥*

ਮਾਤਾ ਜੀ ਇਹ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਅਸ਼ੀਰਵਾਦ ਦਿਤੀ।

ਦੂਜੇ ਦਿਨ ਸਵੇਰੇ ਹੀ ਨਵਾਬ ਦੇ ਸਿਪਾਹੀ ਪਹੁੰਚ ਗਏ। ਉਨ੍ਹਾਂ ਨੇ ਮਾਤਾ ਗੁਜਰੀ ਜੀ ਨੂੰ ਪ੍ਰਣਾਮ ਕੀਤਾ ਤੇ ਕਹਿਣ ਲੱਗੇ, "ਇਨ੍ਹਾਂ ਬੱਚਿਆਂ ਨੂੰ ਨਵਾਬ ਸਾਹਿਬ ਦੀ ਕਚਹਿਰੀ ਵਿਚ ਲਿਜਾਣ ਦਾ ਹੁਕਮ ਮਿਲਿਆ ਹੈ।" ਮਾਤਾ ਜੀ ਪੁੱਛਣ ਲੱਗੇ, "ਕਿਸ ਦੋਸ਼ ਵਿਚ ਲੈ ਜਾਣਾ ਹੈ?"

ਸਿਪਾਹੀਆਂ ਨੇ ਜਵਾਬ ਦਿਤਾ, "ਅਸੀਂ ਕੀ ਜਾਣੀਏ, ਅਸਾਂ ਤਾਂ ਹੁਕਮ ਦੀ ਪਾਲਨਾ ਕਰਨੀ ਹੈ।"

ਮਾਤਾ ਜੀ ਨੇ ਬੱਚਿਆਂ ਨੂੰ ਪਿਆਰ ਕੀਤਾ ਤੇ ਅਸੀਸ ਦਿਤੀ। ਦੋਵੇਂ ਸਾਹਿਬਜ਼ਾਦੇ ਆਪਣੇ ਦਾਦੀ ਜੀ ਅੱਗੇ ਸਿਰ ਝੁਕਾ ਕੇ ਸਿਪਾਹੀਆਂ ਨਾਲ ਚੱਲਣ ਲਈ ਤਿਆਰ ਹੋ ਪਏ।

ਦੋਹਾਂ ਸਾਹਿਬਜ਼ਾਦਿਆਂ ਨੂੰ ਸਿਪਾਹੀ ਪੈਦਲ ਹੀ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਲ ਲੈ ਗਏ। ਜਦ ਸਾਹਿਬਜ਼ਾਦੇ ਕਚਹਿਰੀ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਕਰ ਦਿਤਾ ਗਿਆ ਹੈ ਤੇ ਨਿੱਕੀ ਜਿਹੀ ਬਾਰੀ ਖੁਲ੍ਹੀ ਹੈ ਜਿਸ ਦੇ ਅੰਦਰ ਜਾਣ ਲਈ ਝੁਕਣਾ ਪੈਂਦਾ ਹੈ।

ਸਾਹਿਬਜ਼ਾਦੇ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿਚ ਫਤਹਿ ਗਜਾਉਂਦੇ ਹੋਏ

ਸੂਝਵਾਨ ਸਾਹਿਬਜ਼ਾਦੇ ਹਾਕਮਾਂ ਦੀ ਚਾਲ ਸਮਝ ਗਏ। ਬੜੀ ਚੁਸਤੀ ਨਾਲ ਉਨ੍ਹਾਂ ਨੇ ਪਹਿਲੋਂ ਆਪਣੇ ਚਰਨ ਅੰਦਰ ਕੀਤੇ ਤੇ ਬਿਨਾਂ ਸੀਸ ਝੁਕਾਏ ਦਾਖਲ ਹੋ ਗਏ।

ਨਵਾਬ ਵਜ਼ੀਰ ਖਾਨ ਦੀ ਕਚਹਿਰੀ ਲੱਗੀ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪਹੁੰਚਦਿਆਂ ਹੀ ਗੱਜ ਕੇ ਫਤਹਿ ਬੁਲਾਈ -

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਉਨ੍ਹਾਂ ਦੇ ਉਚੇ ਜੈਕਾਰੇ ਨਾਲ ਕਚਹਿਰੀ ਗੂੰਜ ਉਠੀ ਤੇ ਸਭ ਦੀਆਂ ਨਜ਼ਰਾਂ ਬਹਾਦਰ ਤੇ ਨਿਡਰ ਸਾਹਿਬਜ਼ਾਦਿਆਂ ਤੇ ਟਿਕ ਗਈਆਂ।

ਗੋਰੇ ਤੇ ਚਿੱਟੇ, ਕੇਸਰੀ ਬਾਣੇ ਤੇ ਗਲੇ ਵਿਚ ਪਈਆਂ ਕ੍ਰਿਪਾਨਾਂ ਨਾਲ ਉਹ ਬੜੇ ਹੀ ਪਿਆਰੇ ਲਗ ਰਹੇ ਸਨ। ਸਭ ਦਰਬਾਰੀ ਬਿਟ-ਬਿਟ ਤਕ ਰਹੇ ਸਨ।

ਨਵਾਬ ਵਜ਼ੀਰ ਖਾਨ ਉਨ੍ਹਾਂ ਨੂੰ ਪੁਚਕਾਰ ਕੇ ਕਹਿਣ ਲੱਗਾ, "ਬੱਚਿਓ, ਤੁਸੀਂ ਬੜੇ ਹੀ ਚੰਗੇ ਲਗ ਰਹੇ ਹੋ, ਇਸਲਾਮ ਕੌਮ ਨੂੰ ਬੜਾ ਹੀ ਫ਼ਖਰ ਹੋਵੇਗਾ ਜੇ ਤੁਸੀਂ ਕਲਮਾ ਪੜ੍ਹ ਕੇ ਮੋਮਨ ਬਣ ਜਾਓ। ਤੁਹਾਨੂੰ ਮੂੰਹ ਮੰਗੀ ਮੁਰਾਦ ਮਿਲੇਗੀ।"

ਦੋਵੇਂ ਸਾਹਿਬਜ਼ਾਦੇ ਗੱਜ ਕੇ ਬੋਲੇ, "ਸਾਡਾ ਧਰਮ ਸਾਨੂੰ ਪਿਆਰਾ ਹੈ। ਸੰਸਾਰੀ ਵਸਤੂਆਂ ਨੂੰ ਅਸੀਂ ਤੁਛ ਸਮਝਦੇ ਹਾਂ."

ਉਨ੍ਹਾਂ ਦਾ ਇਹ ਜਵਾਬ ਸੁਣ ਕੇ ਨਵਾਬ ਨੂੰ ਗੁੱਸਾ ਆਇਆ ਪਰ ਪੀ ਗਿਆ।

ਦੀਵਾਨ ਸੁੱਚਾ ਨੰਦ ਸਾਹਿਬਜ਼ਾਦਿਆਂ ਨੂੰ ਨਵਾਬ ਦਾ ਕਹਿਣਾ ਮੰਨਣ ਲਈ ਕਹਿੰਦਾ ਹੋਇਆ

ਨਵਾਬ ਕਾਜ਼ੀ ਨੂੰ ਕਹਿਣ ਲੱਗਾ, "ਸੁਣ ਲਿਆ ਜੇ ਇਨ੍ਹਾਂ ਬਾਗੀਆਂ ਦਾ ਗੁਸਤਾਖੀ ਭਰਿਆ ਜਵਾਬ। ਇਨ੍ਹਾਂ ਨੂੰ ਮਾਸੂਮ ਨਾ ਸਮਝੋ। ਇਨ੍ਹਾਂ ਨੂੰ ਸਜ਼ਾ ਦੇਣੀ ਹੀ ਪਵੇਗੀ। ਇਹ ਬਾਗੀ ਗੁਰੂ ਦੇ ਬੇਟੇ ਹਨ।"

ਕਾਜ਼ੀ ਨੇ ਜਵਾਬ ਦਿਤਾ, "ਇਹ ਮਾਸੂਮ ਬੇਗੁਨਾਹ ਹਨ। ਸ਼ਰ੍ਹਾ ਮੁਤਾਬਿਕ ਬਾਪ ਦੇ ਜੁਰਮ ਦੀ ਸਜ਼ਾ ਬੱਚਿਆਂ ਨੂੰ ਨਹੀਂ ਦਿਤੀ ਜਾ ਸਕਦੀ।"

ਨਵਾਬ ਨੇ ਫੇਰ ਕਿਹਾ, "ਪਰ ਇਹ ਆਪ ਵੀ ਤਾਂ ਬਾਗੀ ਹਨ। ਦੇਖੋ ਕਿਵੇਂ ਸਿਰ ਉਚਾ ਕਰਕੇ ਖਲੋਤੇ ਹਨ।"

ਕਾਜ਼ੀ ਨੇ ਕਿਹਾ, "ਪਰ ਇਨ੍ਹਾਂ ਨੇ ਜੁਰਮ ਤਾਂ ਕੋਈ ਨਹੀਂ ਕੀਤਾ।"

ਕਾਜ਼ੀ ਦਾ ਇਹ ਜਵਾਬ ਸੁਣ ਕੇ ਨਵਾਬ ਵਜ਼ੀਰ ਖਾਨ ਬੜਾ ਹੈਰਾਨ ਹੋਇਆ।

ਫੇਰ ਨਵਾਬ ਵਜ਼ੀਰ ਖਾਨ ਸਾਹਿਬਜ਼ਾਦਿਆਂ ਨੂੰ ਸਮਝਾਣ ਲੱਗਾ, "ਤੁਸੀਂ ਅਜੇ ਮਾਸੂਮ ਹੋ, ਤੁਹਾਡੀ ਉਮਰ ਖਾਣ ਪੀਣ ਦੀ ਹੈ, ਸਾਡਾ ਕਹਿਣਾ ਮੰਨੋ, ਜਾਗੀਰਾਂ ਤੁਹਾਨੂੰ ਦੇਵਾਂਗਾ, ਇਥੇ ਭੀ ਮੌਜਾਂ ਤੇ ਅਗਲੇ ਜਹਾਨ ਵਿਚ ਭੀ ਤੁਹਾਨੂੰ ਜਨਤ ਨਸੀਬ ਹੋਵੇਗੀ।

ਬੇ-ਖੌਫ ਹੋ ਕੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਬੋਲੇ, "ਸਾਡੀ ਜੰਗ ਜਬਰ ਤੇ ਬੇਇਨਸਾਫਈ ਦੇ ਵਿਰੁੱਧ ਹੈ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹਾਂ, ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ, ਗੁਰੂ ਅਰਜਨ ਦੇਵ ਜੀ ਦੀ ਔਲਾਦ ਵਿਚੋਂ ਹਾਂ। ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਾਂਗੇ। ਆਪਣੇ ਧਰਮ ਦੀ ਰੱਖਿਆ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹਾਂ।"

ਨਵਾਬ ਨੇ ਹੌਲਾ ਜਿਹੇ ਕਿਹਾ, "ਹੈਂ, ਇਤਨਾ ਫਖਰ ਆਪਣੇ ਧਰਮ ਤੇ!"

ਦੀਵਾਨ ਸੁੱਚਾ ਨੰਦ, ਜੋ ਉਥੇ ਬੈਠਾ ਸੀ, ਉਠ ਕੇ ਸਾਹਿਬਜ਼ਾਦਿਆਂ ਦੇ ਕੋਲ ਗਿਆ ਤੇ ਉਨ੍ਹਾਂ ਨੂੰ ਪੁੱਛਣ ਲੱਗਾ, "ਜੇ ਤੁਹਾਨੂੰ ਛੱਡ ਦਿਤਾ ਜਾਏ ਤਾਂ ਤੁਸੀਂ ਕਿੱਥੇ ਜਾਓਗੇ?" ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਬੋਲੇ, "ਜਾ ਕੇ ਸਿੱਖ ਇਕੱਠੇ ਕਰਾਂਗੇ, ਘੋੜੇ ਲਿਆਵਾਂਗੇ ਤੇ ਤੁਹਾਡੇ ਨਾਲ ਮੁਕਾਬਲੇ ਤੇ ਆ ਕੇ ਲੜਾਂਗੇ।"

(ਬਾਕੀ ਪੰਨਾ 41 ਤੇ)

# ਰਤਵਾੜਾ ਸਾਹਿਬ ਵਿਖੇ ਮਹਾਨ ਬਰਸੀ ਸਮਾਗਮ, ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2004

## ਮਿਤੀ 30 ਅਕਤੂਬਰ ਸਮਾਗਮ ਦਾ ਪਹਿਲਾ ਦਿਨ

ਸੰਤ ਮਹਾਰਾਜ ਸੰਤ ਵਰਿਆਮ ਸਿੰਘ ਜੀ ਦੀ ਪਿਆਰੀ ਯਾਦ ਵਿਚ ਚਾਰ ਦਿਨ ਦਾ ਗੁਰਮਤਿ ਸਮਾਗਮ ਅੱਜ ਮਿਤੀ 30 ਅਕਤੂਬਰ ਨੂੰ ਸਵੇਰੇ 101 ਅਖੰਡਪਾਠਾਂ ਦੀ ਲੜੀ ਨਾਲ ਪਰਾਰੰਭ ਹੋਇਆ। 50 ਅਖੰਡਪਾਠ ਸਾਹਿਬ 30 ਅਕਤੂਬਰ ਨੂੰ ਰੱਖੇ ਗਏ ਜਿਨ੍ਹਾਂ ਦੀ ਸਪੰਨਤਾ 1 ਨਵੰਬਰ 2004 ਨੂੰ ਹੋਈ ਅਤੇ 51 ਅਖੰਡਪਾਠ 1 ਨਵੰਬਰ ਨੂੰ ਰੱਖੇ ਗਏ ਜਿਨ੍ਹਾਂ ਦੀ ਸਮਾਪਤੀ 3 ਨਵੰਬਰ 2004 ਨੂੰ ਹੋਈ। ਅੰਮ੍ਰਿਤ ਬਾਣੀ ਦੇ ਇਹ ਪਰਵਾਹ ਸਜੇ ਹੋਏ ਦੀਵਾਨ ਅਸਥਾਨ ਦੇ ਪੰਡਾਲਾਂ ਵਿਚ ਚੱਲੇ। ਸੋਹਣੇ ਚਿੱਟੇ ਵਸਤਰਾਂ ਵਿਚ ਪਿਆਰ ਵਿਚ ਹੋ ਰਹੇ ਰੱਬੀ ਬਾਣੀ ਦੇ ਪਾਠ ਅਗੰਮੀ ਨਜ਼ਾਰਾ ਪੇਸ਼ ਕਰਦੇ ਸਨ।

ਸਮਾਗਮ ਦੀ ਪਰਾਰੰਭਤਾ ਕਰਦਿਆਂ ਮੁੱਖ ਸੇਵਾਦਾਰ ਬਾਬਾ ਹਰਪਾਲ ਸਿੰਘ ਟਰੱਸਟੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਮਹਾਂਪੁਰਸ਼ ਰੂਹਾਨੀਅਤ ਦੀ ਮੂਰਤ ਸਨ ਅਤੇ ਪਰਉਪਕਾਰੀ ਜੀਵਨ ਦਾ ਮੁਜੱਸਮਾ ਸਨ। ਉਨ੍ਹਾਂ ਦੇ ਜੀਵਨ ਤੇ ਚਾਨਣ ਪਾਂਦਿਆਂ ਆਪ ਜੀ ਨੇ ਦੱਸਿਆ ਕਿ ਕਿਵੇਂ ਆਪ ਜੀ ਨੇ ਇਲਾਕੇ ਦੇ ਜੀਵਨ ਨੂੰ ਸੇਧ ਬਖਸ਼ੀ, ਨਸ਼ਿਆਂ ਤੋਂ ਮੁਕਤ ਕੀਤਾ, ਗੁਰਬਾਣੀ ਦੇ ਲੜ ਲਾਇਆ ਅਤੇ ਸੋਹਣਾ ਸੁਚੱਜਾ ਜੀਵਨ ਪ੍ਰਦਾਨ ਕੀਤਾ। ਹੌਲੀ ਹੌਲੀ ਉਨ੍ਹਾਂ ਦਾ ਮਿਸ਼ਨ ਇਕ ਲਹਿਰ ਬਣ ਗਿਆ ਤੇ ਦੇਸਾਂ ਪ੍ਰਦੇਸਾਂ ਵਿਚ ਆਪ ਜੀ ਇਸ ਦਾ ਪ੍ਰਚਾਰ ਕਰਦੇ ਰਹੇ। ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਉਨ੍ਹਾਂ ਦੀ ਇਕ ਮਹਾਨ ਦੇਣ ਹੈ ਜਿਥੇ ਆਈ.ਟੀ. ਕਾਲਜ ਅਤੇ ਦੋ ਸਕੂਲ ਚੜ੍ਹਦੀ ਕਲਾ ਵਿਚ ਚਲ ਰਹੇ ਹਨ। ਸੰਤ ਵਰਿਆਮ ਸਿੰਘ ਮੈਮੋਰੀਅਲ ਹਸਪਤਾਲ ਉਸਾਰੀ ਅਧੀਨ ਹੈ। ਉਨ੍ਹਾਂ ਦਾ ਸੰਚਾਲਨ ਕੀਤਾ ਆਤਮ ਮਾਰਗ ਅਤੇ ਉਨ੍ਹਾਂ ਦੀਆਂ ਪੁਸਤਕਾਂ ਅੱਜ ਘਰ-ਘਰ ਪੜ੍ਹੀਆਂ ਜਾ ਰਹੀਆਂ ਹਨ। ਅੱਜ ਦੇ ਸਮਾਗਮ ਵਿਚ ਦੂਰ ਨੇੜਿਓਂ ਆਏ ਅਨੇਕਾਂ ਮਹਾਂਪੁਰਸ਼ਾਂ ਨੇ ਪ੍ਰਵਚਨਾਂ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਵਿਚੋਂ ਪ੍ਰਮੁੱਖ ਸਨ -

ਭਾਈ ਤਰਸੇਮ ਸਿੰਘ ਧੂਲਕੋਟ ਵਾਲੇ, ਭਾਈ ਬਲਜੀਤ ਸਿੰਘ ਰਤਵਾੜਾ ਸਾਹਿਬ, ਭਾਈ ਸਾਹਿਬ ਗੁਰਦੇਵ ਸਿੰਘ ਜੀ ਬਨੂੜ ਵਾਲੇ, ਭਾਈ ਰਾਜਿੰਦਰ ਸਿੰਘ ਧਬਲਾਨ ਵਾਲੇ, ਬਾਬਾ ਹਰਨੇਕ ਸਿੰਘ ਰਾੜਾ ਸਾਹਿਬ ਵਾਲੇ, ਭਾਈ ਪਰਮਿੰਦਰ ਸਿੰਘ ਸੰਧੂਆਂ ਵਾਲੇ, ਭਾਈ ਜਸਵਿੰਦਰ ਸਿੰਘ ਘੋਲਾ ਅਤੇ ਭਾਈ ਗੁਰਪਾਲ ਸਿੰਘ ਜੀ ਯੂ.ਪੀ. ਵਾਲੇ। ਅੰਮ੍ਰਿਤਸਰ ਤੋਂ ਪ੍ਰਸਿੱਧ ਸੰਨਿਆਸਨ ਬੀਬੀ ਪ੍ਰੀਤਮ ਜਯੋਤੀ ਹਰੀ ਜੀ ਨੇ 'ਫਰੀਦਾ ਜੇ ਤੂ ਅਕਲ ਲਤੀਫ ਕਾਲੇ ਲਿਖ ਨ ਲੇਖੁ' ਵਿਸ਼ੇ ਤੇ ਵਿਚਾਰ ਪ੍ਰਗਟ ਕਰਦਿਆਂ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕੀਤੀ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੇ ਰਸ-ਭਿੰਨੀ ਆਵਾਜ਼ ਵਿਚ ਸ਼ਬਦ ਗਾਇਨ ਕੀਤੇ ਅਤੇ ਕਵਿਤਾਵਾਂ ਪੜ੍ਹੀਆਂ। ਬੀਬੀ ਰਣਜੀਤ ਕੌਰ ਜੀ ਚੰਡੀਗੜ੍ਹ ਵਾਲਿਆਂ 'ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ" ਸ਼ਬਦ ਮਿੱਠੀ ਸੁਰ ਵਿਚ ਸਰਵਣ ਕਰਵਾਇਆ।

ਅੱਜ ਦਾ ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਪੰਡਾਲ 250x1100 ਫੁੱਟ ਵਿਚ ਆਯੋਜਿਤ ਕੀਤਾ ਗਿਆ। ਪੰਡਾਲ ਦੇ ਇਕ ਪਾਸੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਇਕ ਵੱਡੀ ਪ੍ਰਦਰਸ਼ਨੀ ਲਗਾਈ ਗਈ ਜਿਸ ਦਾ ਉਦਘਾਟਨ ਸਤਿਕਾਰਯੋਗ ਬੀਜੀ ਬੀਬੀ ਰਣਜੀਤ ਕੌਰ ਜੀ ਨੇ ਕੀਤਾ। ਪ੍ਰਦਰਸ਼ਨੀ ਵਿਚ 475 ਮਾਡਲਾਂ ਰਾਹੀਂ ਸਿੱਖ ਇਤਿਹਾਸ, ਧਰਮ, ਫਿਲਾਸਫੀ, ਮਹਾਰਾਜ ਜੀ ਦੇ ਪਰਉਪਕਾਰ, ਪੰਜਾਬੀ ਸਭਿਆਚਾਰ ਬੜੀ ਸੂਝ ਬੂਝ ਨਾਲ ਦਿਖਾਏ ਗਏ। ਇਹ ਪ੍ਰਦਰਸ਼ਨੀ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਬਣੀ ਰਹੀ।

ਲੰਗਰ, ਜੋੜਿਆਂ ਅਤੇ ਪਾਰਕਿੰਗ ਦਾ ਬਹੁਤ ਵਧੀਆ ਪ੍ਰਬੰਧ ਸੀ। ਰਾਤ ਦੇ ਦੀਵਾਨ ਵਿਚ ਸੰਤ ਮਹਾਰਾਜ ਦੇ ਪਰਉਪਕਾਰ ਪ੍ਰੋਜੈਕਟਰ ਰਾਹੀਂ ਦਿਖਾਏ ਗਏ। ਇਸ ਸਮਾਗਮ ਵਿਚ ਦੂਰ ਨੇੜਿਓਂ ਹਜ਼ਾਰਾਂ ਸੰਗਤਾਂ ਸ਼ਾਮਲ ਹੋਏ। ਵਿਦੇਸ਼ਾਂ ਵਿਚੋਂ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਤੋਂ ਆਏ ਪ੍ਰੇਮੀ ਦਿਨ ਰਾਤ ਸੇਵਾ ਵਿਚ ਲੱਗੇ ਰਹੇ।

ਮਹਾਂਪੁਰਸ਼ਾਂ ਦੀ ਯਾਦ ਵਿਚ ਮਿਤੀ 25 ਅਕਤੂਬਰ ਨੂੰ ਰਤਵਾੜਾ ਸਾਹਿਬ ਵਿਖੇ ਅੱਖਾਂ ਦਾ ਕੈਂਪ ਲਗਾਇਆ ਗਿਆ। ਡਾਕਟਰੀ ਸੇਵਾ ਸ੍ਰੀ ਗੁਰੂ ਹਰਿਕ੍ਰਿਸ਼ਨ ਚੈਰੀਟੇਬਲ ਟਰੱਸਟ ਆਈ ਹਸਪਤਾਲ ਸੁਹਾਣਾ ਦੀ ਟੀਮ ਨੇ ਨਿਭਾਈ। 125 ਮਰੀਜ਼ਾਂ ਦੀਆਂ ਅੱਖਾਂ ਦਾ ਨਿਰੀਖਣ ਕੀਤਾ ਗਿਆ ਅਤੇ ਮੁਫਤ ਦਵਾਈਆਂ ਦਿਤੀਆਂ ਗਈਆਂ। ਤੱਖਰ ਪਰਿਵਾਰ ਨੇ 75000/- ਸੇਵਾ ਵਜੋਂ ਦਿਤਾ ਤਾਕਿ ਲੋੜਵੰਦ ਪ੍ਰਾਣੀਆਂ ਦੀਆਂ ਅੱਖਾਂ ਦੇ ਮੁਫਤ ਓਪਰੇਸ਼ਨ ਹੋ ਸਕਣ।

ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਦਿਵਸ, ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਦਿਵਸ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ 300 ਸਾਲਾ ਸਤਾਬਦੀ ਨੂੰ ਸਮਰਪਿਤ ਮਿਤੀ 28 ਅਕਤੂਬਰ ਨੂੰ ਵਿਸ਼ਾਲ ਨਗਰ ਕੀਰਤਨ ਰਾਹੀਂ ਸ਼ਬਦ-ਕੀਰਤਨ ਹੋਇਆ ਜਿਸ ਵਿਚ ਸੰਗਤਾਂ ਸਕੂਟਰਾਂ, ਜੀਪਾਂ, ਕਾਰਾਂ, ਟਰਾਲੀਆਂ, ਬੱਸਾਂ, ਟਰੱਕਾਂ ਰਾਹੀਂ ਸ਼ਾਮਲ ਹੋਈਆਂ। ਇਹ ਨਗਰ ਕੀਰਤਨ ਗੁਰਦਵਾਰਾ ਈਸ਼ਰ ਪ੍ਰਕਾਸ਼ ਬਨੂੜ ਤੋਂ ਮੋਟੇਮਾਜਰਾ-ਸਨੇਟਾ-ਭਾਗੋਮਾਜਰਾ-ਲਾਂਡਰਾਂ, ਸੁਹਾਣਾ, ਫੇਜ਼ 7, ਫੇਜ਼ 3 ਤੋਂ ਹੁੰਦਾ ਹੋਇਆ, ਬਲੌਂਗੀ, ਖਰੜ, ਕੁਰਾਲੀ, ਪੜੌਲ, ਮੁਲਾਂਪੁਰ ਹੋ ਕੇ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸਪੰਨ ਹੋਇਆ।

ਮਿਤੀ 31-10-2004 ਗੁਰਮਤਿ ਸਮਾਗਮ ਦੇ ਦੂਜੇ ਦਿਨ ਠੀਕ 1.10 ਵਜੇ ਜਦੋਂ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਅੱਜ ਤੋਂ ਤਿੰਨ ਸਾਲ ਪਹਿਲਾਂ ਮਹਾਂ-ਸਮਾਧੀ ਲੀਨ ਹੋਏ ਸੀ ਉਸ ਸਮੇਂ ਦੀ ਸੰਭਾਲ ਕਰਦੇ ਹੋਏ ਬਾਬਾ ਹਰਪਾਲ ਸਿੰਘ ਜੀ ਮੁੱਖ-ਸੇਵਕ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੇ ਸੰਗਤਾਂ ਦੇ ਸਨਮੁਖ ਹੁੰਦਿਆਂ ਸਮੂਹ ਪ੍ਰੇਮੀਆਂ ਨੂੰ ਸਿਮਰਨ ਵਿਚ ਜੋੜਿਆ। ਵਾਹਿਗੁਰੂ ਦੀ ਮਿੱਠੀ ਧੁਨ ਵਿਚ ਜੁੜ ਕੇ ਅਤੇ ਅੰਦਰ ਸੁਆਸਾਂ ਰਾਹੀਂ ਸਿਮਰਨ ਕਰਕੇ ਸੰਗਤਾਂ ਨੇ ਮਹਾਂਪੁਰਸ਼ਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ। ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਵਲੋਂ ਦਰਸਾਈਆਂ ਨਾਮ ਅਭਿਆਸ ਦੀਆਂ ਵਿਧੀਆਂ ਦੱਸ ਕੇ ਅਭਿਆਸ ਵੀ ਕਰਵਾਇਆ।

ਅੰਮ੍ਰਿਤ ਵੇਲੇ 4.00 ਵਜੇ ਆਸਾ ਜੀ ਦੀ ਵਾਰ ਨਾਲ ਦੂਜੇ ਦਿਨ ਦਾ ਸਮਾਗਮ ਪਰਾਰੰਭ ਹੋਇਆ। ਭਾਈ ਰਣਬੀਰ ਸਿੰਘ ਜੀ ਨੇ ਗੁਰ-ਸ਼ਬਦ ਦੀ ਵਿਆਖਿਆ ਕੀਤੀ। ਸ੍ਰੀ ਅਨੰਦ ਸਵਾਮੀ ਜੀ ਨੇ ਸੋਹਣੇ ਸਵਸਥ ਜੀਵਨ ਦੀ ਜੁਗਤਿ ਦਸਦਿਆਂ ਨਾਮ-ਅਭਿਆਸ ਨੂੰ ਸਰਵੋਤਮ ਦੱਸਿਆ। ਸੰਤ ਕੁਲਜੀਤ ਸਿੰਘ ਸ਼ੀਸ਼ ਮਹੱਲ ਵਾਲੇ, ਸੰਤ ਭਾਗ ਸਿੰਘ ਨਾਨਕਸਰ ਜਗਰਾਉਂ ਵਾਲੇ, ਬਾਬਾ ਨਛੱਤਰ ਸਿੰਘ ਝਾਂਮਪੁਰ ਵਾਲਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਤ ਮਹਾਰਾਜ ਜੀ ਦੇ ਪਰਉਪਕਾਰ ਦੱਸ ਕੇ ਸ਼ਰਧਾਂਜਲੀ ਭੇਟ ਕੀਤੀ।

ਬੀਬੀ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਗੁਰਬਾਣੀ ਦੇ ਪ੍ਰਸੰਗ ਵਿਚ ਆਤਮਾ ਦੀ ਅਮਰਤਾ, ਸਦੀਵਤਾ ਦ੍ਰਿੜ੍ਹ ਕਰਵਾਈ। ਉਨ੍ਹਾਂ ਦੱਸਿਆ ਕਿ ਸਿਮਰਨ ਰਾਹੀਂ ਸਾਰੇ ਫੁਰਨੇ ਸ਼ਾਂਤ ਹੋ ਜਾਂਦੇ ਹਨ, ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ, ਬੇਗਮਪੁਰਾ ਵਿਚ ਵਾਸਾ ਹੋ ਜਾਂਦਾ ਹੈ। ਮਨੁੱਖ ਦੀ ਜੀਵਨ ਯਾਤਰਾ ਸਫਲ ਹੋ ਜਾਂਦੀ ਹੈ।

ਸੰਤ ਗੁਰਦੇਵ ਸਿੰਘ ਬਨੂੜ ਵਾਲੇ, ਸੰਤ ਬਾਬਾ ਸਵਰਨ ਸਿੰਘ ਸੈਦ ਖੇੜੀ, ਸੰਤ ਗੁਰਦੀਪ ਸਿੰਘ ਖੁਫੀਆ ਨੰਗਲ ਯੂ.ਪੀ., ਸੰਤ ਗੁਰਪਾਲ ਸਿੰਘ ਫਗਵਾੜਾ ਵਾਲੇ ਅਤੇ ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਅਧਿਆਤਮਕ ਪ੍ਰਵਚਨਾਂ ਅਤੇ ਮਨੋਹਰ ਕੀਰਤਨ ਧੁਨੀਆਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਜਸਵਿੰਦਰ ਸਿੰਘ 'ਘੋਲਾ' ਨੇ ਮਹਾਂਪੁਰਸ਼ਾਂ ਦੇ ਪਿਆਰ ਅਤੇ ਵੈਰਾਗ ਵਿਚ ਰਸ-ਭਿੰਨੜਾ ਕੀਰਤਨ ਕੀਤਾ।

ਦੂਜੇ ਦਿਨ ਦੇ ਸਮਾਗਮ ਵਿਚ ਸੰਗਤਾਂ ਦੂਰ-ਦਰਾਜ਼ ਤੋਂ ਬੱਸਾਂ, ਟਰੱਕਾਂ, ਕਾਰਾਂ, ਸਕੂਟਰਾਂ, ਸਾਈਕਲਾਂ ਰਾਹੀਂ ਪੁੱਜੀਆਂ। ਗੁਰੂ ਕੇ ਲੰਗਰ ਅਤੁੱਟ ਵਰਤੇ। ਜੋੜਿਆਂ ਅਤੇ ਗੱਠੜੀਆਂ ਰੱਖਣ ਦਾ ਅਤੇ ਪਾਰਕਿੰਗ ਦਾ ਚੰਗਾ ਪ੍ਰਬੰਧ ਕੀਤਾ ਗਿਆ। ਮਹਾਂਪੁਰਸ਼ਾਂ ਦੀਆਂ ਪੁਸਤਕਾਂ ਦੇ ਸਟਾਲ ਤੇ ਕਾਫੀ ਸੰਗਤਾਂ ਜੁੜੀਆਂ ਵੇਖੀਆਂ ਗਈਆਂ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੇ ਸੁਰੀਲੀ ਸੁਰ ਵਿਚ ਸ਼ਬਦ ਗਾਇਨ ਕੀਤੇ, ਭਾਸ਼ਨ ਦਿਤੇ ਅਤੇ ਕਵਿਤਾਵਾਂ ਰਾਹੀਂ ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦਾ ਬਖਾਨ ਕੀਤਾ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਆਯੋਜਿਤ ਪ੍ਰਦਰਸ਼ਨੀ ਆਕਰਸ਼ਣ ਦਾ ਕਾਰਨ ਸੀ। ਮਿਤੀ 30 ਅਕਤੂਬਰ ਨੂੰ ਰੱਖੇ ਗਏ 101 ਅਖੰਡਪਾਠਾਂ ਦਾ ਅੱਜ ਮੱਧ ਉਪਰੰਤ ਪਾਠ ਜਾਰੀ ਰਿਹਾ।

## ਸਮਾਗਮ ਦਾ ਤੀਜਾ ਦਿਨ

## ਨਾਮ ਜਪੀਏ ਤਾ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦੇ।

ਰਤਵਾੜਾ ਸਾਹਿਬ ਮਿਤੀ 1 ਨਵੰਬਰ 2004 ਮਹਾਂਪੁਰਸ਼ ਸੰਤ ਵਰਿਆਮ ਸਿੰਘ ਦੀ ਯਾਦ ਨੂੰ ਤਾਜ਼ਾ ਕਰਦਿਆਂ ਅੱਜ ਗੁਰਮਤਿ ਸਮਾਗਮ ਦੇ ਤੀਜੇ ਦਿਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁੱਖ ਸੇਵਾਦਾਰ ਬਾਬਾ ਹਰਪਾਲ ਸਿੰਘ ਜੀ ਨੇ ਸੰਗਤਾਂ ਦੇ ਸਨਮੁੱਖ ਹੁੰਦਿਆਂ ਮਹਾਂਪੁਰਸ਼ਾਂ ਦੀ ਇਸ ਧਾਰਨਾ ਨੂੰ ਜੀਵਨ ਵਿਚ ਧਾਰਨ ਕਰਨ ਦਾ ਪਵਿੱਤਰ ਸੁਨੇਹਾ ਦਿਤਾ ਤੇ ਸਿਮਰਨ ਦੀ ਮਹਿਮਾ ਦੱਸੀ ਜਿਸ ਨਾਲ ਸਾਰੇ ਦੁਖ ਕਲੇਸ਼, ਵੈਰ, ਵਿਰੋਧ ਦੂਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਮਹਾਂਪੁਰਸ਼ ਸਿਮਰਨ ਅਤੇ ਸੇਵਾ ਦੀ ਮੂਰਤ ਸਨ। ਰਤਵਾੜਾ ਸਾਹਿਬ ਦੇ ਸਕੂਲ, ਕਾਲਜ, ਹਸਪਤਾਲ ਅਤੇ ਦੇਸਾਂ ਵਿਦੇਸਾਂ ਵਿਚ ਅਨੇਕ ਸੰਸਥਾਵਾਂ ਉਨ੍ਹਾਂ ਦੀ ਦੇਣ ਹਨ। ਪੰਜਾਬ ਵਿਚ ਹੜ੍ਹਾਂ ਸਮੇਂ ਅਤੇ ਗੁਜਰਾਤ ਵਿਚ ਭੁਚਾਲ ਸਮੇਂ ਆਪ ਜੀ ਨੇ ਮਹਾਨ ਸੇਵਾਵਾਂ ਕੀਤੀਆਂ।

ਅੱਜ ਸਮਾਗਮ ਦਾ ਤੀਜਾ ਦਿਨ ਆਸਾ ਦੀ ਵਾਰ

ਦੇ ਮਨੋਹਰ ਕੀਰਤਨ ਨਾਲ ਪਰਾਰੰਭ ਹੋਇਆ ਜਿਸ ਦੀ ਸੇਵਾ ਬੰਬਈ ਤੋਂ ਆਏ ਬੀਬੀਆਂ ਦੇ ਜੱਥੇ ਨੇ ਭਾਈ ਗੁਰਪਾਲ ਸਿੰਘ ਜੀ ਨੇ ਨਿਭਾਈ। ਗਿਆਨੀ ਰਣਬੀਰ ਸਿੰਘ ਜੀ ਗੁਰਮਤਿ ਧਿਆਨਯੋਗ ਤੇ ਆਪਣੇ ਪ੍ਰਵਚਨ ਸਰਵਣ ਕਰਵਾਏ। ਸਵਾਮੀ ਬਾਪੂ ਆਸਾ ਰਾਮ ਜੀ ਦੇ ਪਰਮ ਸ਼ਿਸ਼ ਸਵਾਮੀ ਸ੍ਰੇਸ਼ਟਾਨੰਦ ਜੀ ਨੇ 'ਗੁਰਮੁਖ ਨਾਮ ਜਪਹੁ ਮਨ ਮੇਰੇ ਨਾਨਕ ਪਾਹੁ ਸੂਖ ਘਨੇਰੇ' ਵਿਸ਼ੇ ਨੂੰ ਸਪਸ਼ਟ ਕਰਦਿਆਂ ਅਨੇਕ ਉਦਾਹਰਣਾਂ ਰਾਹੀਂ ਸਪਸ਼ਟ ਕੀਤਾ, ਔਗੁਣਾਂ ਤੋਂ ਮੁਕਤ ਹੋ ਕੇ ਨਾਮ ਸਿਮਰਨ ਵਿਚ ਜੁੜ ਕੇ ਸੁਖੀ ਜੀਵਨ ਜੀਵਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਜੀ ਨੇ 'ਸਿਮਰਉ ਸਿਮਰਿ ਸਿਮਰਿ ਸੁਖ ਪਾਵਹੁ' ਪੰਗਤੀ ਵਿਚ ਸਿਮਰਨ ਕਰਨ ਦੀ ਤਿੰਨ ਵਾਰੀ ਤਾਕੀਦ ਕੀਤੀ ਹੈ। ਸਿਮਰਨ ਰਾਹੀਂ ਜ਼ਿੰਦਗੀ ਦਾ ਪੌਦਾ ਹਰਿਆ ਭਰਿਆ ਰੱਖਿਆ ਜਾ ਸਕਦਾ ਹੈ। ਉਪਰੰਤ ਪਟਿਆਲੇ ਤੋਂ ਬੀਬੀ ਡਾ. ਗੁਰਪ੍ਰੀਤ ਕੌਰ ਨੇ ਸੰਗਤਾਂ ਨੂੰ ਸਿਮਰਨ ਨਾਲ ਜੋੜਿਆ।

ਬੀਬੀ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਬਾਬਾ ਫਰੀਦ ਜੀ ਦੀ ਤੁਕ 'ਜੇ ਤੂ ਅਕਲ ਲਤੀਫ ਕਾਲੇ ਲਿਖਿ ਨ ਲੇਖਿ, ਆਪਨੜੇ ਗਿਰੀਵਾਨ ਮਹਿ ਸਿਰਿ ਨੀਵਾ ਕਰ ਦੇਖਿ' ਨੂੰ ਆਧਾਰ ਬਣਾ ਕੇ ਦੱਸਿਆ ਕਿ ਅਸੀਂ ਆਪਣੇ ਮਨ ਦੀ ਮੈਲ, ਵੈਰ, ਵਿਰੋਧ ਅਕਲ ਰਾਹੀਂ ਨਹੀਂ ਦੂਰ ਕਰ ਸਕਦੇ, ਇਸ ਲਈ ਵਿਸ਼ਵਾਸ਼ ਅਤੇ ਸਮਰਪਨ ਦੀ ਲੋੜ ਹੈ। ਵੱਡਾ ਬਾਧਕ ਹਉਮੈ ਹੈ। ਇਸ ਨੂੰ ਸਿਮਰਨ ਰਾਹੀਂ ਹਟਾ ਸਕਦੇ ਹਾਂ।

ਡਾ. ਬੀਬੀ ਕੁਲਵੰਤ ਕੌਰ ਪਟਿਆਲੇ ਵਾਲਿਆਂ ਨੇ ਸੰਤ ਮਹਾਰਾਜ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਰਤਵਾੜਾ ਸਾਹਿਬ ਦੀ ਰਚਨਾ ਵਿਚ ਮੰਗਲ ਦੀ ਰਚਨਾ ਹੈ ਜਿਥੇ ਰੂਹਾਨੀਅਤ ਦਾ ਪ੍ਰਕਾਸ਼ ਦੇਸਾਂ ਵਿਦੇਸਾਂ ਵਿਚ ਫੈਲਿਆ ਹੈ। ਉਹ ਪੂਰਨ ਬ੍ਰਹਮਗਿਆਨੀ ਧਨ ਅਤੇ ਮਨ, ਬਚ, ਕਰਮ ਦੇ ਸੂਰੇ ਸਨ।

ਡਾ. ਸ਼ਮਸ਼ੇਰ ਸਿੰਘ ਪਟਿਆਲੇ ਵਾਲਿਆਂ ਨੇ ਮਹਾਂਪੁਰਸ਼ਾਂ ਦੀ ਭਗਤੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਰੱਬੀ ਰੰਗ ਵਿਚ ਰੰਗੇ ਅਸਲ ਸੂਰਮੇ ਸਨ ਜਿਨ੍ਹਾਂ ਨੇ ਮਨੁੱਖ ਨੂੰ ਕਾਮ ਕ੍ਰੋਧ ਆਦਿ ਵੈਰੀਆਂ ਨਾਲ ਜੂਝਣਾ ਸਿਖਾਇਆ। ਉਪਰੰਤ ਸੰਤ ਗੁਰਪਾਲ ਸਿੰਘ, ਸੰਤ ਗੁਰਦੀਪ ਸਿੰਘ ਯੂ.ਪੀ. ਖੁਬੀਆ ਨੰਗਲ, ਸੰਤ ਸੁਖਬੀਰ ਸਿੰਘ ਘੰਦੋਲਿਆ, ਸੰਤ ਸਰਬਜੀਤ ਸਿੰਘ ਸੰਧੂਆਂ ਵਾਲੇ, ਸੰਤ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਨੇ ਵੀ ਆਪਣੇ ਮਨੋਹਰ ਬਚਨਾਂ ਰਾਹੀਂ ਨਿਹਾਲ ਕੀਤਾ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਲੈਕਚਰ ਅਤੇ ਕੀਰਤਨ ਰਾਹੀਂ ਸੇਵਾ ਕੀਤੀ। ਸਕੂਲ ਵਲੋਂ ਲਾਈ ਗਈ ਪ੍ਰਦਰਸ਼ਨੀ ਤੋਂ ਹਜ਼ਾਰਾਂ ਸੰਗਤਾਂ ਨੇ ਲਾਭ ਉਠਾਇਆ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਪ੍ਰਦੇਸਾਂ ਤੋਂ ਆਈ ਸੰਗਤ ਨੇ ਤਨ, ਮਨ, ਧਨ ਨਾਲ ਸੇਵਾ ਕੀਤੀ।

**ਸਮਾਗਮ ਦਾ ਚੌਥਾ ਦਿਨ - ਮਿਤੀ 2 ਨਵੰਬਰ 2004**

ਸੰਤ ਬਾਬਾ ਵਰਿਆਮ ਸਿੰਘ ਜੀ ਦੀ ਬਰਸੀ ਸਬੰਧ ਵਿਚ ਰਤਵਾੜਾ ਸਾਹਿਬ ਵਿਚ ਹੋ ਰਹੇ ਚਾਰ ਦਿਨਾਂ ਦੇ ਗੁਰਮਤਿ ਸਮਾਗਮ ਦੇ ਅੱਜ ਆਖਰੀ ਦਿਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁੱਖ ਸੇਵਾਦਾਰ ਬਾਬਾ ਹਰਪਾਲ ਸਿੰਘ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਸੰਤ ਮਹਾਰਾਜ ਆਪਣੇ ਪ੍ਰਵਚਨਾਂ ਰਾਹੀਂ ਨਾਮ-ਬਾਣੀ ਨਾਲ ਜੋੜਦੇ ਸੀ। ਸੁਰਤਿ-ਸ਼ਬਦ ਅਭਿਆਸ ਵਿਚ ਉਹ ਹਉਮੈ ਦੀ ਨਵਿਰਤੀ ਨੂੰ ਆਵਸ਼ਕ ਕਹਿੰਦੇ ਸੀ ਤੇ ਬਹੁਤ ਵਾਰੀ ਗੁਰਬਾਣੀ ਦੀ ਇਹ ਧਾਰਨਾ ਲਾਉਂਦੇ 'ਭੋਲਿਆ ਹਉਮੈ ਸੁਰਤਿ ਵਿਸਾਰ।' ਬਾਬਾ ਹਰਪਾਲ ਸਿੰਘ ਨੇ ਦੱਸਿਆ ਕਿ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਤੋਂ ਆਏ ਮਹਾਂਪੁਰਸ਼ਾਂ ਦੇ ਪ੍ਰੇਮੀ ਦਿਨ ਰਾਤ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਮਹਾਂਪੁਰਸ਼ਾਂ ਦੀਆਂ ਪੁਸਤਕਾਂ ਅਤੇ ਆਤਮ ਮਾਰਗ ਮੈਗਜ਼ੀਨ ਅੱਧੀ ਕੀਮਤ ਤੇ ਦੇਣ ਦਾ ਫੈਸਲਾ ਕੀਤਾ ਹੈ। ਅੱਧੀ ਕੀਮ ਉਹ ਆਪ ਸੇਵਾ ਵਜੋਂ ਦੇਣਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਗੁਰਪਾਲ ਸਿੰਘ ਗੋਰਾ ਨੇ ਮਹਾਂਪੁਰਸ਼ਾਂ ਦੇ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਕੀਤੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਤੇ ਭਰੋਸਾ ਦਿਵਾਇਆ ਕਿ ਇਨ੍ਹਾਂ ਮਹਾਨ ਕਾਰਜਾਂ ਵਿਚ ਸ਼੍ਰੋਮਣੀ ਕਮੇਟੀ ਸਦਾ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਨੇ ਅਪੀਲ ਕੀਤੀ ਕਿ ਅੱਜ ਪੰਜਾਬ ਵਿਚੋਂ ਨਸ਼ਿਆਂ ਅਤੇ ਭਰੂਣ ਹੱਤਿਆ ਨੂੰ ਮੂਲੋਂ ਖਤਮ ਕਰਨ ਦੀ ਲੋੜ ਹੈ ਜਿਸ ਲਈ ਮਿਲ ਕੇ ਲਹਿਰ ਚਲਾਣੀ ਚਾਹੀਦੀ ਹੈ। ਉਨ੍ਹਾਂ ਨੇ ਰੋਮਾਂ ਦੀ ਬੇਅਦਬੀ ਤੋਂ ਪ੍ਰਹੇਜ਼ ਕਰਨ ਦੀ ਅਪੀਲ ਕੀਤੀ।

ਸ. ਗੁਰਪਾਲ ਸਿੰਘ ਗੋਰਾ ਜੋ ਮਿਸ਼ੀਗਨ (ਅਮਰੀਕਾ) ਦੀ ਸਿੱਖ ਕੌਂਸਲ ਦੇ ਚੇਅਰਮੈਨ ਹਨ, ਉਨ੍ਹਾਂ ਨੇ ਦੱਸਿਆ ਕਿ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੇ ਅਮਰੀਕਾ ਦੌਰੇ ਸਮੇਂ ਉਨ੍ਹਾਂ ਨੇ ਸੰਤਾਂ ਜੀ ਦੀ ਨਿਕਟਤਾ ਮਾਣੀ। ਮਹਾਂਪੁਰਸ਼ਾਂ ਦੇ ਬੋਲਾਂ ਵਿਚ ਸ਼ਕਤੀ ਸੀ ਜੋ ਮਨੁੱਖ ਦੀ ਜ਼ਿੰਦਗੀ ਬਦਲ ਦੇਣ ਦੇ ਸਮਰੱਥ ਸੀ।

ਬਾਪੂ ਸਵਾਮੀ ਆਸਾ ਰਾਮ ਦੇ ਪਰਮ ਸੇਵਕ ਸਵਾਮੀ

ਸ਼ੁਰੇਸ਼ਾਨੰਦ ਜੀ ਨੇ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਅਧਿਆਤਮਕ ਸ਼ਖਸੀਅਤ ਦਾ ਬਖਾਨ ਕਰਦਿਆਂ ਦੱਸਿਆ ਕਿ ਉਹ ਪ੍ਰੇਮੀ ਦੀ ਮੂਰਤ ਸਨ ਅਤੇ ਪ੍ਰੇਰਨਾ ਦਾ ਸਰੋਤ ਸਨ। ਉਨ੍ਹਾਂ ਨੇ ਲੱਖਾਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਨਾਮ ਵਿਚ ਅਥਾਹ ਸ਼ਕਤੀ ਹੈ ਜਿਸ ਨਾਲ ਮਨੁੱਖ ਸਭ ਔਗੁਣਾਂ, ਦੁਖਾਂ, ਕਲੇਸ਼ਾਂ ਤੋਂ ਮੁਕਤ ਹੋ ਜਾਂਦਾ ਹੈ। ਅਹਿਮਦਾਬਾਦ (ਗੁਜਰਾਤ) ਤੋਂ ਬਾਪੂ ਆਸਾ ਰਾਮ ਦੇ ਪ੍ਰਵਚਨ ਟੈਲੀਕਾਸਟ ਕੀਤੇ ਗਏ ਜਿਸ ਵਿਚ ਉਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਮਹਾਨ ਅਨੁਭਵੀ ਸੰਤ ਦੱਸਿਆ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਰਵੋਤਮ ਦੱਸਿਆ ਤੇ ਨਾਮ-ਸਿਮਰਨ ਵਿਚ ਜੁੜਨ ਦੀ ਪ੍ਰੇਰਨਾ ਕੀਤੀ। ਬੀਬੀ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸਪਸ਼ਟ ਕੀਤਾ ਕਿ ਬ੍ਰਹਮਗਿਆਨੀ ਜਨਮ ਮਰਣ ਤੋਂ ਮੁਕਤ ਹੁੰਦੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥*** *ਅੰਗ - 749*

ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਵਾਲਿਆਂ ਨੇ ਦੱਸਿਆ ਕਿ ਪ੍ਰਭੂ ਮਿਲਣੇ ਦਾ ਇਕੋ ਰਸਤਾ ਹੈ ਕਿ ਵਾਹਿਗੁਰੂ ਦੇ ਹੁਕਮ ਦੀ ਪਛਾਣ ਕਰੋ, ਹੁਕਮ ਨੂੰ ਖਿੜੇ ਮੱਥੇ ਮੰਨੋ। ਗੁਰਵਾਕ ਹੈ -

***ਪ੍ਰਭ ਮਿਲਣੈ ਕੀ ਏਹ ਨੀਸਾਣੀ॥***
***ਮਨਿ ਇਕੋ ਸਚਾ ਹੁਕਮੁ ਪਛਾਣੀ॥*** *ਅੰਗ - 106*

ਸ. ਸੰਤੋਖ ਸਿੰਘ ਰੰਧਾਵਾ, ਭੂਤਪੂਰਕ ਪ੍ਰਧਾਨ ਪੰਜਾਬ ਕਾਂਗਰਸ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਨ 1956 ਤੋਂ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿਣ ਦਾ ਮਾਣ ਪ੍ਰਾਪਤ ਹੈ। ਮਹਾਂਪੁਰਸ਼ ਦਫਤਰ ਨੂੰ ਹੀ ਮੰਦਰ ਗੁਰਦੁਆਰਾ ਸਮਝ ਕੇ ਲਗਨ ਨਾਲ ਸੇਵਾ ਕਰਦੇ ਸੀ ਅਤੇ ਕੰਮ ਤੋਂ ਫਾਰਗ ਹੋ ਕੇ ਸਤਿਸੰਗ ਕਰਦੇ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਰਤਵਾੜਾ ਸਾਹਿਬ ਦੇ ਵਿਦਿਅਕ ਅਦਾਰਿਆਂ ਲਈ 10 ਲੱਖ ਰੁਪਏ ਦੀ ਗਰਾਂਟ ਦੇਵੇਗੀ।

ਉਪਰੋਕਤ ਵਕਤਿਆਂ ਤੋਂ ਬਿਨਾਂ ਅੱਜ ਦੇ ਦੀਵਾਨ ਵਿਚ ਅਮਰੀਕਾ ਤੋਂ ਆਏ ਸ. ਮਨਜੀਤ ਸਿੰਘ ਸਪੁੱਤਰ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਸੰਗਤਾਂ ਦੇ ਸਨਮੁਖ ਹੋ ਕੇ ਦੱਸਿਆ ਕਿ ਉਨ੍ਹਾਂ ਦੇ ਸੰਤ ਪਿਤਾ ਜਵਾਨ ਆਯੂ ਤੋਂ ਹੀ ਐਸੀ ਵਿਚਾਰ ਰੱਖਦੇ ਸੀ ਕਿ ਅਧਿਆਤਮਵਾਦ ਨੂੰ ਵਿਗਿਆਨ ਨਾਲ ਜੋੜ ਕੇ ਸਮਝਿਆ ਜਾਵੇ। ਆਤਮਾ ਨਾਸ਼ ਰਹਿਤ ਹੈ, ਐਸੀ ਵਿਚਾਰ ਅੱਜ ਸਾਇੰਸਦਾਨ ਵੀ ਕਰ ਰਹੇ ਹਨ ਕਿ ਕੋਈ ਐਸੀ ਸੂਖਸ਼ਮ ਸ਼ਕਤੀ ਹੈ ਜੋ ਨਾਸ਼ ਰਹਿਤ ਹੈ ਜੋ ਸਭਨਾਂ ਨੂੰ ਜੋੜਦੀ ਹੈ, ਜੋ ਸਾਰੇ ਪਰੀਪੂਰਨ ਹੈ। ਅੱਜ ਤੋਂ 20 ਸਾਲ ਬਾਅਦ ਹੋ ਸਕਦਾ ਹੈ ਕਿ ਸਾਇੰਸ ਆਤਮਾ ਪ੍ਰਮਾਤਮਾ ਦੀ ਗੱਲ ਆਪਣੀ ਬੋਲੀ ਵਿਚ ਕਹਿ ਸਕੇ। ਐਸਾ ਸੋਚਿਆ ਜਾ ਸਕਦਾ ਹੈ। ਬਰਸੀ ਤੇ ਆਈ ਸੰਗਤ ਦਾ ਉਨ੍ਹਾਂ ਨੇ ਤਹਿ ਦਿਲੋਂ ਧੰਨਵਾਦ ਕੀਤਾ।

ਸ੍ਰੀ ਮਤੀ ਬੀਬੀ ਰਣਜੀਤ ਕੌਰ ਜੀ, ਸੁਪਤਨੀ ਸੰਤ ਵਰਿਆਮ ਸਿੰਘ ਜੀ ਨੇ ਸੰਗਤਾਂ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਸੰਗਤਾਂ ਨੇ ਉਨ੍ਹਾਂ ਦੇ ਦਰਸ਼ਨ ਕਰਕੇ ਅਤੇ ਅਸੀਸਾਂ ਲੈ ਕੇ ਹਿਰਦਿਆਂ ਨੂੰ ਸ਼ਾਂਤ ਕੀਤਾ।

ਅੱਜ ਦੇ ਦੀਵਾਨ ਵਿਚ ਅਨੇਕਾਂ ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ ਤੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਗੁਰਬਾਣੀ ਦੇ ਜੱਸ ਗਾਇਨ ਕੀਤੇ। ਵਿਸ਼ੇਸ਼ ਕਰਕੇ ਸੰਤ ਮਾਨ ਸਿੰਘ ਪਹੋਵੇ ਵਾਲਿਆਂ ਨੇ ਦੱਸਿਆ ਕਿ ਬਾਬਾ ਜੀ ਨੇ ਲੱਖਾਂ ਪ੍ਰਾਣੀਆਂ ਨੂੰ ਨਾਮ-ਬਾਣੀ ਨਾਲ ਜੋੜਿਆ, ਨਸ਼ਿਆਂ ਤੋਂ ਮੁਕਤ ਕਰਕੇ ਸੁਚੱਜਾ ਜੀਵਨ ਬਖਸ਼ਿਆ। ਸੰਤ ਭੁਪਿੰਦਰ ਸਿੰਘ ਮਾਜਰਾ, ਬਾਬਾ ਕੁਲਦੀਪ ਸਿੰਘ ਨਾਨਕਸਰ ਮਾਜਰੀ, ਬਾਬਾ ਮਨਜੀਤ ਸਿੰਘ ਛਨਾਂ ਵਾਲੇ, ਬਾਬਾ ਨਛੱਤਰ ਸਿੰਘ ਝਾਂਮਪੁਰ ਅਤੇ ਹੋਰ ਅਨੇਕ ਅਨੁਭਵੀ ਪੁਰਸ਼ਾਂ, ਵਿਦਵਾਨਾਂ ਅਤੇ ਸੰਤ ਮਹਾਤਮਾ ਨੇ ਅੱਜ ਦੇ ਦੀਵਾਨ ਦੀ ਹਾਜ਼ਰੀ ਭਰੀ। ਅੱਜ ਦੀਵਾਨਾਂ ਦੀ ਸਪੰਨਤਾ ਕਾਰਨ ਸੰਗਤਾਂ ਦੂਰ-ਦੂਰ ਤੋਂ ਹੁੰਮਾ ਹੁੰਮਾ ਕੇ ਪੁੱਜੀਆਂ। ਸ੍ਰੀ ਹਰਿਕ੍ਰਿਸ਼ਨ ਆਈ. ਹਸਪਤਾਲ ਸੋਹਾਣਾ ਨੇ ਅੱਖਾਂ ਦਾ ਕੈਂਪ ਲਾ ਕੇ ਮਹਾਨ ਸੇਵਾ ਕੀਤੀ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਲਗਾਈ ਗਈ ਪ੍ਰਦਰਸ਼ਨੀ ਨੂੰ ਬਹੁਤ ਸੰਗਤਾਂ ਨੇ ਉਤਸ਼ਾਹ ਨਾਲ ਵੇਖਿਆ। ਦੀਵਾਨ ਦੀ ਸਪੰਨਤਾ ਸਮੇਂ ਭਾਈ ਗੁਰਦੀਪ ਸਿੰਘ ਜੀ ਯੂ.ਪੀ. ਖੂਬੀਆ ਨੰਗਲ ਵਾਲਿਆਂ ਨੇ ਰਸ-ਭਿੰਨਵੀ ਆਵਾਜ਼ ਵਿਟ ਵੈਰਾਗਮਈ ਸ਼ਬਦ ਪੜ੍ਹ ਕੇ ਸੰਗਤਾਂ ਦੇ ਹਿਰਦਿਆਂ ਵਿਚ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਤਾਜ਼ਾ ਕਰ ਦਿਤੀ।

ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਪੁਸਤਕ ਸਟਾਲਾਂ ਤੇ ਵੀ ਕਾਫੀ ਰੌਣਕ ਸੀ। ਪ੍ਰਬੰਧ ਬਹੁਤ ਸੁਚੱਜੇ ਸੀ। ਆਵਜਾਈ ਵਿਚ ਕੋਈ ਰੁਕਾਵਟ ਨਹੀਂ ਸੀ। ਪੁਲਿਸ ਵਲੋਂ ਵਾਹਨਾਂ ਦੇ ਆਣ ਜਾਣ ਦਾ ਸੁਚੱਜਾ ਪ੍ਰਬੰਧ ਸੀ। ਸ਼ਾਮ ਦੀ ਸਮਾਪਤੀ ਉਪਰੰਤ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਵਿਚ ਸੇਜਲ ਅੱਖਾਂ ਨਾਲ ਸੰਗਤਾਂ ਵਾਹਿਗੁਰੂ ਜਾਪ ਜਪਦੀਆਂ ਘਰਾਂ ਨੂੰ ਪਰਤੀਆਂ।

# ਬਾਬਾ ਨੌਧ ਸਿੰਘ

***ਭਾਈ ਸਾਹਿਬ ਭਾਈ ਵੀਰ ਸਿੰਘ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ-ਪੰਨਾ 59)*

## ਚੌਥੀ ਰਾਤ

ਤੀਸਰੀ ਰਾਤ ਬੀਤ ਗਈ। ਮਾਈ ਦੇ ਹਿਰਦੇ ਮੰਡਲ ਵਿਚ ਜੋ ਰਜ਼ਾ ਦੇ ਸੂਰਜ ਨੂੰ ਲੁਕਾ ਲੈਣ ਵਾਲੇ ਬੱਦਲ ਉਮਡੇ ਸਨ, ਹੋ ਹਟੀ ਬਰਖਾ ਦੇ ਮਗਰੋਂ ਨਿੱਤਰੇ ਹੋਏ ਆਕਾਸ਼ ਵਾਂਗੂ ਮਨ ਦੇ ਆਕਾਸ਼ ਤੋਂ ਲੁਕ ਗਏ ਹਨ। ਪਰ ਜਿਕੂੰ ਕਿਤੇ ਰਿਹਾ ਖਿਹਾ ਬੱਦਲ ਦਿੱਸਿਆ ਕਰਦਾ ਹੈ ਤਿੱਕੂੰ ਇਹ ਇੱਛਾ ਕਿਤੇ ਕਿਤੇ ਲਟਕ ਰਹੀ ਹੈ ਕਿ ਗੁਰੂ ਮਹਾਰਾਜ ਜੀ ਕਿਥੇ ਬਿਰਾਜ ਰਹੇ ਹੋਣਗੇ, ਬਰਖੁਰਦਾਰ ਕਿਥੇ ਹੋਣਗੇ, ਪਰਵਾਰ ਸਾਰੇ ਦਾ ਕੀਹ ਹਾਲ ਹੋਇਆ ਹੋਊ। ਸੁਰਤ ਨਾਮ ਦੇ ਪਰਵਾਹ ਵਿਚ ਅਖੰਡਾਕਾਰ ਤਾਂ ਚਲ ਰਹੀ ਹੈ, ਪਰ ਅਗਲੀ ਸੁਧ ਜਾਣਨ ਦੀ ਇੱਛਾ ਉਮਡ ਪੈਂਦੀ ਹੈ ਤੇ ਚਿੰਤਾ ਦਾ ਰੰਗ ਲੈ ਕੇ ਉਮਡਦੀ ਹੈ। ਭਰੋਸਾ ਤੇ ਸਿਦਕ ਕਹਿੰਦੇ ਹਨ ਕਿ ਕੌਤਕਹਾਰ ਮਾਲਕ ਆਪ ਹਨ ਤੇ ਆਪਣੇ ਕੌਤਕਾਂ ਨੂੰ ਓਹ ਆਪ ਜਾਣਦੇ ਹਨ। ਜੋ ਫਕੀਰੀ ਵਿਚ ਬੈਠੇ ਪਾਤਸ਼ਾਹ ਨਾਲ ਟਾਕਰਾ ਕਰਦੇ ਅਰ ਉਨ੍ਹਾਂ ਦਾ ਮੂੰਹ ਮੋੜਦੇ ਹਨ ਓਹ ਹਾਰ ਜਿੱਤ ਵਿਚ ਨਹੀਂ ਹਨ, ਪਰ ਕੋਈ ਪ੍ਰਯੋਜਨ ਹੈ ਜੋ ਵਾਹਿਗੁਰੂ ਦੇ ਹੁਕਮ ਅਨੁਸਾਰ ਉਨ੍ਹਾਂ ਨੇ ਪੂਰਨ ਕਰਨਾ ਹੈ। ਉਸਦੇ ਭੇਤ ਦੇ ਉਹ ਆਪ ਜਾਣੂੰ ਹਨ। ਆਪ ਜਨਮ ਮਰਨ ਵਿਚ ਨਹੀਂ ਹਨ, ਅਮਰ ਹਨ ਇਸ ਕਰਕੇ ਦੁਖ ਸੁਖ ਨੂੰ ਸਮ ਜਾਣਦੇ ਹਨ। ਘਾਬਰਨ ਵਾਲੇ ਜੇ ਹਾਂ ਤਾਂ ਅਸੀਂ ਹਾਂ। ਇਸ ਪ੍ਰਕਾਰ ਦੀਆਂ ਸਿਦਕ ਦੀਆਂ ਵੀਚਾਰਾਂ ਪੱਛੋਂ ਦੀ ਪੌਣ ਵਾਂਙੂ ਬੱਦਲਾਂ ਨੂੰ ਉਡਾ ਰਹੀਆਂ ਹਨ, ਪਰ ਅਜੇ ਅੱਠ ਦਸ ਦਿਨ ਹੀ ਬੀਤੇ ਸਨ ਕਿ ਫੇਰ ਪੁਰੇ ਦੀ ਬੁਰੀ ਪੌਣ ਝੁੱਲ ਪਈ। ਹਨੇਰੀ ਘੱਟਾ ਬੱਦਲ ਤੇ ਕੜਕਾਂ ਨਾਲ ਲੈਕੇ ਆ ਗਈ। ਕਿਸੇ ਰਾਹੀ ਆ ਦੱਸਿਆ ਜੋ ਸ੍ਰੀ ਕਲਗੀਧਰ ਜੀ ਅਨੰਦਪੁਰੇ ਤੋਂ ਨਿਕਲਕੇ ਚਮਕੌਰ ਆਏ, ਓਥੇ ਘੋਰ ਯੁੱਧ ਹੋਇਆ, ਸ੍ਰੀ ਗੁਰੂ ਜੀ ਰਾਤ ਸਮੇਂ ਸਲਾਮਤ ਨਿਕਲ ਗਏ ਹਨ, ਪਰੰਤੂ ਵੱਡੇ ਦੋ ਸਾਹਿਬਜ਼ਾਦੇ ਓਥੇ ਹੀ ਸ਼ਹੀਦ ਹੋ ਗਏ ਅਰ ਭਾਈ ਸੰਤ ਸਿੰਘ ਜੀ ਭਾਈ ਸੰਗਤ ਸਿੰਘ ਜੀ ਵਰਗੇ ਪਿਆਰੇ ਤੇ ਚਾਲੀ ਪਿਆਰੇ ਓਸੇ ਥਾਂ ਉਹਨਾਂ ਦੀ ਰਜ਼ਾ ਪਾਲਦੇ ਜੀਵਨ ਮੁਕਤ ਹੋ ਗਏ ਹਨ।

ਇਹ ਖਬਰ ਉਸ ਨਾਮ ਦੇ ਮੰਡਲ ਦੀ ਤਰਾਊ ਦੇ ਕੰਨੀ ਇਕੁਰ ਪਈ ਕਿ ਜਿੱਕੂੰ ਕਿਸੇ ਮੁਸਾਫਰ ਨੂੰ ਕੋਈ ਪਿੱਛੋਂ ਦੀ ਆਕੇ ਮੋਢੇ ਤੋਂ ਫੜਕੇ ਅਚਾਨਕ ਖੜਾ ਕਰ ਲੈਂਦਾ ਹੈ ਤੇ ਆਖਦਾ ਹੈ-ਠਹਿਰ ਜਾਹ, ਪਹਿਲੇ ਇਕ ਸੁਣਾਉਣੀ ਸੁਣ ਜਾਹ। ਠੀਕ ਉਸੇ ਤਰ੍ਹਾਂ ਮਾਤਾ ਭਚੱਕ ਕੇ ਰਹਿ ਗਈ। ਮਨ ਵਹਿਮ ਤਾਂ ਕਰਦਾ ਸੀ ਕਿ ਇਹ ਭਾਜੜ ਜੋ ਪਈ ਹੈ, ਹੋਰ ਉਪਦ੍ਰਵ ਨਾ ਕਰੇ। ਪਰ ਇਹ ਗੱਲ ਦਿਲ ਨੇ ਕਦ ਸੋਚੀ ਸੀ ਕਿ ਗੁਰੂ ਕੇ ਦੁਲਾਰੇ, ਅੱਖਾਂ ਦੇ ਤਾਰੇ, ਪੁਰਜਾ ਪੁਰਜ਼ਾ ਕੱਟ ਕੇ ਮੈਦਾਨ ਜੰਗ ਵਿਚ ਸ਼ਹੀਦੀ ਦੀ ਸਿਰਮੌਰ ਪਦਵੀ ਪਾ ਜਾਣਗੇ ਅਰ ਸਚਖੰਡ ਵਾਸੀ ਬੱਚੀ ਦਾ ਅੱਧਾ ਖੇੜਾ ਸੁੰਞਾ ਕਰ ਜਾਣਗੇ। ਇਹ ਖਬਰ ਸੀ ਕਿ ਇਕ ਪਰਬਤੀ ਹਿਮਬਿੱਜ ਸੀ, ਜਿਸਦੇ ਡਿਗਦਿਆਂ ਹੇਠ ਆਏ ਦੀ ਸੁਰ ਸੁੱਧ ਹੀ ਨਹੀਂ ਰਹਿ ਸਕਦੀ। ਮੋਹ ਦੀ ਮਾਇਆ ਕਹੋ ਜਾਂ ਮਮਤਾ ਦੀਆਂ ਡੂੰਘੀਆਂ ਕੱਸੀਆਂ ਤਣਾਵਾਂ ਕਹੋ, ਇਨ੍ਹਾਂ ਮੋਹ ਤੇ ਮਮਤਾ ਦੇ ਵੱਸਣੇ ਦਾ ਜੋ ਥਾਉਂ ਹੈ ਓਥੇ ਡਾਢਾ ਤਣੁੱਕਾ ਵੱਜਾ। ਨਾਮ ਵਿਚ ਰੱਤਾ ਮਨ ਨਾਮ ਦੇ ਆਨੰਦ ਵਿਚ ਮਗਨ ਤਾਂ ਸੀ, ਪਰ ਨਹੀਂ ਜਾਣਦਾ ਸੀ ਕਿ ਮੇਰੇ ਮਨ ਦੇ ਕਿਸ ਅਨਜਾਣੇ ਪਰਦੇ ਹੇਠ ਮੇਰੇ ਹੀ ਅੰਦਰ ਇਕ ਹੋਰ ਮਮਤਾ ਦੀ ਗੰਢ ਲੁਕੀ ਪਈ ਹੈ, ਜਿਸ ਦੇ ਟੁੱਟਣ ਲਗਿਆਂ ਮੇਰੇ ਮਨ ਦਾ ਸਾਰਾ ਤਲ ਹਿੱਲੇਗਾ ਅਰ ਓਸ ਹਿੱਲਣ ਵਿਚ ਨਾਮ ਇਸਤਰ੍ਹਾਂ ਗੁੰਮ ਹੋਵੇਗਾ ਕਿ ਜਿਸ ਤਰ੍ਹਾਂ ਡਾਢੇ ਤੁਫਾਨ ਮਚੇ ਤੇ ਲਹਿਰਾਂ ਦੇ ਝੁਰਮੁਟ ਵਿਚ ਜਹਾਜ਼। ਜਹਾਜ਼ ਹੁੰਦਾ ਤਾਂ ਸਮੁੰਦਰ ਤੇ ਹੀ ਹੈ, ਪਰ ਡੋਲਵੀਂ ਖੇਡ ਵਿਚ ਮਾਨੋ ਅਲੋਪ ਹੋ ਹੋ ਜਾਂਦਾ ਹੈ। ਸੋ ਸੁਣਦਿਆਂ ਸਾਰ ਮਾਈ ਦੀਆਂ ਤਲੀਆਂ ਹੇਠੋਂ ਮਿੱਟੀ ਨਿਕਲ ਗਈ, ਸੁੰਨਤਾ ਛਾ ਗਈ ਤੇ ਮਾਨੋ ਪੱਥਰ ਜੇਹੀ ਹੋ ਗਈ। ਨੇਤ੍ਰਾਂ ਵਿਚ ਜਲ ਆਇਆ ਪਰ ਆਂਵਦਾ ਹੀ ਮਾਨੋ ਜੰਮ ਗਿਆ। ਧਰਤੀ ਵੱਲ ਬਿਟਰ ਬਿਟਰ ਤੱਕਦੀ ਹੈ, ਨਾ ਬੋਲਦੀ ਹੈ ਨਾ ਹਿੱਲਦੀ ਹੈ। ਸ਼ਹਿਰ ਵਿਚ ਬੀ ਇਹ ਖਬਰ ਪਹੁੰਚ ਗਈ। ਸੱਜਣਾਂ ਦੀ ਆਵਾਜ਼ ਸ਼ੁਰੂ ਹੋ ਗਈ। ਮਾਈ ਕਿਸੇ ਨਾਲ ਕੁਛ ਕੂ ਨਹੀਂ ਸਕਦੀ, ਪਥਰਾਈ ਹੋਈ ਮਾਨੋ ਬੈਠੀ ਹੈ। ਇਹ ਦਸ਼ਾ ਦੇਖ ਕੇ ਇਕ ਦੋ ਸਿਆਨਿਆਂ ਨੂੰ ਡਾਢੀ ਹੀ ਚਿੰਤਾ ਹੋਈ। ਸਿਆਨਿਆਂ ਨੇ ਵੀਚਾਰ ਕਰਕੇ ਮਾਤਾ ਦੇ ਵਿਹੜੇ ਵਿਚ ਦੀਵਾਨ ਲਾ ਕੇ ਵੈਰਾਗ ਦੇ ਸ਼ਬਦਾਂ ਦਾ ਉਚਾਰਨ ਸ਼ੁਰੂ ਕਰ ਦਿੱਤਾ। ਕੋਈ ਘੰਟੇ ਕੁ ਮਗਰੋਂ ਮਾਈ ਜੀ ਦੇ ਨੇਤ੍ਰਾਂ ਵਿਚੋਂ ਅੱਥਰੂ ਕਿਰ ਪਏ, ਲੰਮਾ ਸਾਹ ਆਇਆ ਤੇ ਬੋਲੀ 'ਲਾਲ ਜੀ! ਮੈਨੂੰ ਨਾਲ ਲੈ ਜਾਂਦੇ ਤਾਂ ਭਲਾ ਹੁੰਦਾ, ਹੋਰ ਕੁਛ ਨਹੀਂ ਬੋਲੀ ਪਰ ਨੇਤ੍ਰਾਂ ਤੋਂ ਪਰਵਾਹ ਜਾਰੀ ਹੋ ਗਿਆ ਅਰ ਜਾਰੀ ਰਿਹਾ।

ਸਤਿਸੰਗੀ ਸਾਰੇ ਆਪ ਬੜੇ ਵੈਰਾਗ ਵਿਚ ਸੇ ਪਰ ਮਾਈ ਨੂੰ ਇਕੱਲੀ ਤੇ ਵਧੇਰੇ ਦੁਖੀਆ ਜਾਣਕੇ ਅਜੇ ਸੋਝਲਾ

ਹੀ ਸੀ ਕਿ ਸਤਿਸੰਗੀਆਂ ਵਿਚੋਂ ਵਡੇਰੀਆਂ ਨੇ ਮਾਈ ਦਾ ਮੂੰਹ ਹੱਥ ਧੁਲਾਇਆ ਤੇ ਅੰਦਰ ਲਿਜਾ ਕੇ ਲਿਟਾ ਦਿੱਤਾ। ਲੇਟਦਿਆਂ ਹੀ ਨੀਂਦ ਪੈ ਗਈ। ਸੁੱਤੀ ਪਈ ਨੂੰ ਆਰਾਮ ਵਿਚ ਵੇਖ ਕੇ ਬਹੁਤਿਆਂ ਦਾ ਹੁਣ ਠਹਿਰਨਾ ਘਬਰਾ ਦੇਣਾ ਸਮਝਕੇ ਸਾਰੇ ਮਲਕੜੇ ਮਲਕੜੇ ਵਿਦਾ ਹੋ ਗਏ। ਘਰ ਦੀ ਸੇਵਕਾ ਨੇ ਬੀ ਬੂਹਾ ਢੋਕੇ ਆਰਾਮ ਕੀਤਾ। ਅਜੇ ਪਹਿਲਾ ਪਹਿਰ ਭੀ ਨਹੀਂ ਬੀਤਿਆ ਸੀ ਜੋ ਘੜਿਆਲੀ ਦੀ ਟੁੰਕਾਰ ਮਾਈ ਦੇ ਕੰਨਾਂ ਪੁਰ ਪਈ। ਘੂਕ ਸੁੱਤੀ ਮਾਈ ਤੜਕ ਕੇ ਉੱਠ ਬੈਠੀ - ਹਾਇ! ਉਹੋ ਘੜੀਆਂ ਤੇ ਪਹਿਰ ਵੱਜਦੇ ਹਨ, ਉਹੋ ਤਾਰੇ ਤੇ ਚੰਨ ਚੜ੍ਹਦੇ ਹਨ, ਪਰ ਮੇਰੇ ਦੁਲਾਰੇ ਕਈ ਹਜ਼ਾਰ ਟੁਕੜੇ ਹੋਏ ਮੈਦਾਨ ਜੰਗ ਵਿਚ ਅਗਨੀ ਨੂੰ ਉਡੀਕ ਰਹੇ ਹਨ। ਕਿਉਂ ਇਹ ਦਸ਼ਾ ਹੈ? ਵਾਹ ਵਾਹ ਤੇਰੇ ਚੋਜ! ਮਨਾ! ਤੇਰੇ ਕੁਛ ਵੱਸ ਨਹੀਂ, ਕੁਛ ਅਧੀਨ ਨਹੀਂ ਹੈ, ਜਿਸਦੇ ਇਹ ਵੱਸ ਹੈ ਤੂੰ ਉਸਦੇ ਵੱਸ ਹੋ -

***ਜਿਸੁ ਠਾਕੁਰ ਸਿਉ ਨਾਹੀ ਚਾਰਾ॥***
***ਤਾ ਕਉ ਕੀਜੈ ਸਦ ਨਮਸਕਾਰਾ॥***

ਜੋ ਗੁਰੂ ਸਾਰੇ ਸੰਸਾਰ ਦੇ ਦੁਖ ਹਰਦਾ, ਵਿਪਦਾ ਟਾਲਦਾ ਤੇ ਰੇਖਾਂ ਵਿਚ ਮੇਖਾਂ ਮਾਰਦਾ ਹੈ, ਉਹ ਜਦ ਆਪ ਆਪਣੇ ਪੁੱਤ੍ਰਾਂ ਨੂੰ ਮੈਦਾਨ ਵਿਚ ਤੋਰਦਾ ਹੈ, ਆਪਣੀਆਂ ਅੱਖਾਂ ਦੇ ਸਾਹਮਣੇ ਟੁਕੜੇ ਹੁੰਦੇ ਵੇਖਦਾ ਹੈ, ਤਦ ਕੋਈ ਭੇਦ ਹੈ ਇਸ ਵਿਚ, ਜੋ ਤੇਰੀ ਮਸਝ ਤੋਂ ਵੱਖਰਾ ਹੈ। ਪਰ ਕੀਹ ਸੀ ਕਿ ਮੇਰੀ ਬੱਚੜੀ ਵਾਂਗੂੰ ਮੈਨੂੰ ਭੀ ਇਹਨਾਂ ਕਲੇਸ਼ਾਂ ਦੇ ਵੇਖਣ ਤੋਂ ਬਚਾ ਲਿਆ ਜਾਂਦਾ? ਆਪੋ ਆਪਣੇ ਭਾਗ ਹਨ।

ਇਹ ਕਹਿੰਦਿਆਂ ਇਕ ਗੱਚ ਉਠਿਆ, ਗਲਾ ਰੁਕ ਗਿਆ ਅਰ ਨੇਤ੍ਰ ਡੁੱਲ੍ਹ ਪਏ। ਡੁੱਲ੍ਹੇ ਕੀ ਦਰਯਾ ਹੀ ਵਗ ਪਿਆ। ਜੀਕੂੰ ਖਾਰਾ ਪਾਣੀ ਖਿਚੀਜ ਖਿਚੀਜ ਕੇ ਅੱਖਾਂ ਥਾਣੀ ਵਹਿ ਰਿਹਾ ਹੈ ਤਿੱਕੂੰ ਸੁਰਤ ਭੀ ਖਿੱਚੀ ਜਾਕੇ ਸਿਰ ਵਲ ਨੂੰ ਰੁਖ ਕਰ ਰਹੀ ਹੈ ਅਰ ਕੱਠੀ ਹੁੰਦੀ ਜਾਂਦੀ ਹੈ ਪਰ ਇਹ ਇਕੱਠਾ ਹੋਣਾ ਰਗੜ ਵਾਲਾ ਹੈ। ਇਕ ਝਰਨਾਹਟ ਜਿਹੀ ਸਾਰੇ ਬਦਨ ਵਿਚ ਹੋਕੇ ਇਕ ਫੁਹਾਰਾ ਛੁਟਦਾ ਹੈ ਕਿ ਦੂਸਰਾ ਮਗਰ ਤਿਆਰ ਹੋ ਜਾਂਦਾ ਹੈ। ਇਸ ਰਗੜ ਭਰਵੀਂ ਦਸ਼ਾ ਵਿਚ ਮਨ ਕੁਛ ਨਹੀਂ ਸੋਚਦਾ। ਆਲਸ, ਰੰਜ, ਵੈਰਾਗ ਦੀ ਖਿਚ ਖਿਚਾਹਟ ਦੇ ਮਿਲਵੇਂ ਭਾਵ ਤੋਂ ਇਕ ਸ਼ੂੰਨਤਾ ਛਾ ਰਹੀ ਹੈ। ਹਾਇ ਪਾਪਣ ਪੋਹ ਦੀ ਰਾਤ! ਕਾਲੀ ਤੇ ਬੋਲੀ ਬੀਤਦੀ ਹੀ ਨਹੀਂ। ਬੀਤੇ ਕਿੱਕੁਣ? ਨਹੀਂ, ਉਹ ਤਾਂ ਬੀਤਦੀ ਹੈ, ਪਰੰਤੂ ਸੁਰਤ ਜੇ ਨੀਂਦ ਵਿਚ ਹੋਵੇ ਯਾ ਭਜਨ ਦੇ ਆਨੰਦ ਵਿਚ ਹੋਵੇ ਯਾ ਕਿਸੇ ਖੁਸ਼ੀ ਦੇ ਰੁਝੇਵੇਂ ਵਿਚ ਹੋਵੇ ਤਦ ਪਤਾ ਲੱਗੇ ਕਿ ਬੀਤ ਗਈ ਹੈ। ਇਹ ਤਾਂ ਸੁਰਤ ਅਟਕੀ ਖੜੀ ਹੈ, ਰਾਤ ਨਹੀਂ ਅਟਕੀ ਖੜੀ। ਕੁਝ ਚਿਰ ਮਗਰੋਂ ਮਾਈ ਨੂੰ ਸ਼ੂਨਤਾ ਵਿਚੋਂ ਫੇਰ ਹੋਸ਼ ਆਈ, ਠੰਢਾ ਸਾਹ ਭਰਿਆ ਤੇ ਬੋਲੀ, "ਲੋਕੋ! ਮੈਂ ਲੁੱਟੀ ਗਈ ਜੇ, ਇਕ ਤਾਂ ਮੇਰੇ ਲਾਲ ਕਿਸੇ ਕੁਚੱਜੇ ਨੇ ਭੰਨ ਗੁਆਏ, ਇਕ ਮੈਂ ਕੁਚੱਜੀ ਨੇ ਅੰਦਰਲਾ ਗੁੱਝਾ ਲਾਲ ਭੰਨ ਗਵਾਇਆ। ਜੋ ਤਾਂ ਮੇਰੇ ਵਸੋਂ ਬਾਹਰ ਸੀ ਸੋ ਤਾਂ ਹੋ ਗਿਆ, ਜੋ ਮੇਰੇ ਵੱਸ ਸੀ ਮੈਂ ਆਪ ਵੰਞਾ ਰਹੀ ਹਾਂ। ਭਲਾ ਹੇ ਖੋਟੇ ਮਨ! ਤੇਰਾ ਵਿਸਾਹ ਨਹੀਂ। ***ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥***

ਦੁਖ ਹੋਇਆ, ਪਰ ਹਾਇ ਪਾਪੀ ਮਨ! ਇਹ ਕੌਣ ਆਕੇ ਕਹਿ ਗਿਆ ਸੀ ਕਿ ਤੂੰ ਨਾਮ ਨੂੰ ਛੱਡ ਦੇਹ? ਤੂੰ ਜੋ ਚਿੰਤਾ ਸੀ ਰਹਿਣ ਦੇਦੋਂ, ਦੁਖ ਵਾਪਰਨ ਦੇਦੋਂ, ਪਰ ਨਾਮ ਤਾਂ ਨਾ ਛੱਡਦੋਂ, ਆਪੇ ਨਾਮ ਤੈਨੂੰ ਧੋ ਕਢਦਾ। ਕਾਲਿਆਂ ਨਾਲ ਲਾਈ, ਧੌਲਿਆਂ ਨਾਲ ਨਿਬਾਹੀ, ਹੁਣ ਪੀਲਿਆਂ ਵੇਲੇ ਤੋੜਨ ਲੱਗਾ ਹੈਂ, ਆ ਪਾਪੀ ਕੁਛ ਤਰਸ ਕਰ।

"ਹੇ ਮਨ! ਤੂੰ ਭਾਂਡਾ ਹੋ ਕੇ ਘੁਮਿਆਰ ਦੇ ਕੰਮਾਂ ਤੇ ਕਿੰਤੂ ਕਰਦਾ ਹੈਂ, ਦੱਸ ਤੂੰ ਕਿੱਧਰ ਦਾ ਸਤਿਸੰਗੀ ਹੈਂ। ਕੁਛ ਤਾਂ ਸ਼ਰਮ ਖਾਹ। ਸਤਿਗੁਰਾਂ ਨਾਲ ਸਾਰ, ਉਹ ਤਾਂ ਹੱਥੀਂ ਲਾਲਾਂ ਨੂੰ ਸ਼ਹੀਦ ਹੋਣ ਲਈ ਟੋਰਨ, ਤੂੰ ਹਾਂ ਕਰਨ ਜੋਗਾ ਨਹੀਂ ਤਾਂ ਸੁਣਕੇ ਹੀ ਖੁਰਨ ਜੋਗਾ ਹੈਂ? ਆ ਖਹਿੜਾ ਛੱਡ, ਰਸਤੇ ਪੈ। ... ਓਹੋ! ਹੁਣ ਪਸਚਾਤਾਪ ਦਾ ਕੀ ਗੁਣ ਹੈ? ਜੋ ਸ੍ਵਾਸ ਨਾਮ ਤੋਂ ਖਾਲੀ ਆਏ ਸੋ ਵਿਅਰਥ ਗਏ, ਜੋ ਵਕਤ ਐਵੇਂ ਗਿਆ ਸੋ ਬਿਰਥਾ ਗਿਆ, ਹੁਣ ਪਛਤਾਇਆਂ ਤੇ ਰੋਇਆਂ ਉਹ ਗਿਆ ਵੇਲਾ ਨਹੀਂ ਮੁੜਦਾ, ਪਛਤਾਵੇ ਵਿਚ ਲਗਿਆਂ ਹੋਰ ਵੇਲਾ ਜਾਏਗਾ, ਤਾਂ ਤੇ ਹੇ ਮਨ ਹੁਣ ਲੱਗ ਪੈ!" ਇਹ ਕਹਿ ਕੇ ਮਾਈ ਨੇ ਇਕ ਕਸੀਸ ਵੱਟੀ। ਇਸ ਕਸੀਸ ਵੱਟਣ ਵਿਚ ਦੰਦਾਂ ਨੇ ਜੁੱਟ ਖਾਧੀ ਅਰ ਸਿਰ ਨੇ ਹਲੋਰਾ। ਇਕ ਬਿਜਲੀ ਦੀ ਰੌ ਵਾਂਗ ਅੰਦਰ ਕੜਾਕਾ ਵੱਜਾ ਅਰ ਰਜੋ ਤਮੋ ਦੇ ਸਾਰੇ ਕੂੜੇ ਉੱਡ ਗਏ। ਮਾਈ ਨਾਮ ਵਿਚ ਰੱਤੇ ਭਾਵ ਵਿਚ ਆਕੇ ਸਿਮਰਣ ਵਿਚ ਲਗ ਪਈ। ਲੱਗੀ ਅਰ ਚੰਗੀ ਲੱਗੀ ਨਾਮ ਵਿਚ। ਸਰੀਰ ਭੀ ਸੁਖੀ ਹੋ ਗਿਆ। ਕੁਛ ਚਿਰ ਮਗਰੋਂ ਨੀਂਦ ਆ ਗਈ। ਹੇ ਮਾਈ! ਮਾਇਆ ਦਾ ਇਹ ਦਾਉ ਨ ਲੱਗਣ ਦੇਹ, ਪਰ 'ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ' ਇਕ ਮਾੜਾ ਜਿਹਾ ਠੌਕਾ ਲੱਗਾ, ਖਬਰੇ ਕੀ ਡਿੱਠਾ, ਜਾਗ ਖੁੱਲ੍ਹ ਗਈ, ਮਨ ਫੇਰ ਹਾਹੁਕੇ ਭਰ ਰਿਹਾ ਸੀ। ਫੇਰ ਮਾਈ ਅੰਦਰੋਂ ਤਕੜੀ ਹੋਕੇ ਲਗ ਪਈ। ਤ੍ਰਿਪਹਿਰਾ ਵੱਜ ਪਿਆ। ਇਸ ਵੇਲੇ ਜਾਗੀ ਤਾਂ ਮਨ ਅਡੋਲਤਾ ਵਿਚ ਸੀ, ਨਾਮ ਦੀ ਰੌ ਰਸਵਤੀ ਹੋਕੇ ਚਲ ਰਹੀ ਸੀ। ਬਾਹਰੋਂ ਇਕ ਦਰਦ ਭਰੀ ਪਿਆਰੀ ਆਵਾਜ਼ ਆਈ-

***ਆਓ ਨੀ ਸਹੀਓ ਰਸ ਸੌਦੇ ਚੱਲੀਏ,***
***ਆਪ ਵਪਾਰੀ ਹੋ ਆਇਆ।***

(ਬਾਕੀ ਪੰਨਾ 45 ਤੇ)

(ਪੰਨਾ 34 ਦੀ ਬਾਕੀ)

ਦੀਵਾਨ ਸੁੱਚਾ ਨੰਦ ਬੋਲਿਆ, "ਤੁਹਾਨੂੰ ਪਤਾ ਹੈ ਤੁਹਾਡਾ ਪਿਤਾ ਮਾਰਿਆ ਗਿਆ ਹੈ ਤੁਸੀਂ ਜ਼ਿੱਦ ਛੱਡ ਦਿਓ ਤੇ ਨਵਾਬ ਦਾ ਕਹਿਣਾ ਮੰਨ ਲਵੋ।"

ਦੋਵੇਂ ਸਾਹਿਬਜ਼ਾਦੇ ਗਰਜ ਕੇ ਬੋਲੇ, "ਸਾਡੇ ਪਿਤਾ ਨੂੰ ਮਾਰਨ ਵਾਲਾ ਕੌਣ ਹੈ? ਉਹ ਆਪ ਸਮਰੱਥ ਹਨ। ਤੁਹਾਡੀ ਨਸੀਹਤ ਦੀ ਲੋੜ ਨਹੀਂ। ਜਦ ਤਕ ਇਹ ਜ਼ਾਲਮ ਰਾਜ ਨਸ਼ਟ ਨਹੀਂ ਹੋ ਜਾਂਦਾ ਅਸੀਂ ਲੜਦੇ ਹੀ ਜਾਵਾਂਗੇ।"

ਸੁੱਚਾ ਨੰਦ ਨੂੰ ਸਿੱਖ ਘਰ ਦੀ ਰੀਤ ਸੁਣਾਂਦੇ ਕਮਾਲ ਦੇ ਬਚਨ ਸਾਹਿਬਜ਼ਾਦਿਆਂ ਨੇ ਕਹੇ –

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ॥***

ਦੀਵਾਨ ਸੂੱਚਾ ਨੰਦ ਨੂੰ ਹੈਰਾਨੀ ਭੀ ਹੋਈ ਤੇ ਗੁੱਸਾ ਭੀ ਆਇਆ। ਬੁੜ-ਬੁੜ ਕਰਦਾ ਉਹ ਨਵਾਬ ਵਜ਼ੀਰ ਖਾਨ ਦੇ ਕੋਲ ਆਇਆ ਤੇ ਉਸ ਨੂੰ ਕਹਿਣ ਲੱਗਾ, "ਨਵਾਬ ਸਾਹਿਬ, ਸੱਪ ਨੂੰ ਮਾਰਨਾ ਤੇ ਸੱਪ ਦੇ ਬੱਚਿਆਂ ਨੂੰ ਪਾਲਣਾ ਸਿਆਣਪ ਨਹੀਂ। ਭੇੜੀਏ ਦਾ ਬੱਚਾ ਭੇੜੀਆ ਦਾ ਹੁੰਦਾ ਹੈ। ਇਨ੍ਹਾਂ ਵੱਡਿਆਂ ਹੋ ਕੇ ਬਗਾਵਤ ਹੀ ਕਰਨੀ ਹੈ, ਇਨ੍ਹਾਂ ਨੂੰ ਜ਼ਰੂਰ ਸਜ਼ਾ ਮਿਲਣੀ ਚਾਹੀਦੀ ਹੈ।

ਨਵਾਬ ਨੇ ਦੀਵਾਨ ਸੁੱਚਾ ਨੰਦ ਦੀ ਗੱਲ ਧਿਆਨ ਨਾਲ ਸੁਣੀ। ਜਦ ਨਵਾਬ, ਕਾਜ਼ੀ ਅਤੇ ਦੀਵਾਨ ਸੁੱਚਾ ਨੰਦ ਦੀ ਗੱਲ-ਬਾਤ ਚਲ ਰਹੀ ਸੀ ਤਾਂ ਦੋਵੇਂ ਬੜੀ ਬੇਪਰਵਾਹੀ ਨਾਲ ਤੇ ਬਿਨਾਂ ਕਿਸੇ ਡਰ ਭੈ ਦੇ ਆਪਸ ਵਿਚ ਗੱਲਾਂ ਬਾਤਾਂ ਕਰਦੇ, ਹਸਦੇ ਖੇਡਦੇ ਸਨ। ਚਾਰੇ ਪਾਸੇ ਖੜ੍ਹੇ ਤੇ ਬੈਠੇ ਦਰਬਾਰੀ ਤੇ ਹੋਰ ਲੋਕ ਹੈਰਾਨ ਹੋ ਰਹੇ ਸਨ ਕਿ ਇਨ੍ਹਾਂ ਦੀ ਜ਼ਿੰਦਗੀ ਮੌਤ ਦਾ ਫੈਸਲਾ ਹੋ ਰਿਹਾ ਹੈ ਪਰ ਇਨ੍ਹਾਂ ਦੇ ਚਿਹਰਿਆਂ ਤੇ ਕੋਈ ਫਿਕਰ ਚਿੰਤਾ ਨਹੀਂ।

ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਨ ਤੋਂ ਪਹਿਲਾਂ ਕਾਜ਼ੀ ਦੀਨ ਕਬੂਲਣ ਵਾਸਤੇ ਪੁਛਦੇ ਹੋਏ

ਨਵਾਬ ਨੇ ਫੇਰ ਕਾਜ਼ੀ ਨੂੰ ਕਿਹਾ, "ਦੀਵਾਨ ਸਾਹਿਬ ਨੂੰ ਦਿਤੇ ਇਨ੍ਹਾਂ ਦੇ ਗੁਸਤਾਖੀ ਭਰੇ ਜਵਾਬ ਆਪ ਨੇ ਸੁਣੇ ਹੀ ਹਨ। ਇਨ੍ਹਾਂ ਨੂੰ ਰਿਹਾ ਕਰਨਾ ਠੀਕ ਨਹੀਂ ਹੋਵੇਗਾ। ਇਹ ਤਾਂ ਆਪਣੇ ਬਾਪ ਦੀ ਤਰ੍ਹਾਂ ਬਗਾਵਤ ਦਾ ਝੰਡਾ ਖੜ੍ਹਾ ਕਰਨਗੇ।"

ਕਾਜ਼ੀ ਨੇ ਭੀ ਸੁੱਚਾ ਨੰਦ ਨਾਲ ਹੋਈ ਸਾਹਿਬਜ਼ਾਦਿਆਂ ਦੀ ਗੱਲ ਸੁਣ ਸੀ। ਕੁਝ ਦੇਰ ਸੋਚ ਕੇ ਉਠ ਖੜ੍ਹਾ ਹੋਇਆ ਤੇ ਫਤਵਾ ਦਿਤਾ, "ਇਹ ਬੱਚੇ ਬਗਾਵਤ ਤੇ ਤੁਲੇ ਹੋਏ ਹਨ, ਇਨ੍ਹਾਂ ਨੂੰ ਜ਼ਿੰਦਾ ਨੀਹਾਂ ਵਿਚ ਚਿਣ ਦਿਤਾ ਜਾਏ।"

ਕਾਜ਼ੀ ਦਾ ਇਹ ਫ਼ਤਵਾ ਸੁਣ ਕੇ ਦਰਬਾਰ ਵਿਚ ਹਾਜ਼ਰ ਸਭ ਲੋਕ ਦੰਗ ਰਹਿ ਗਏ। ਪਰ ਨਿਡਰ ਸਾਹਿਬਜ਼ਾਦੇ ਬੜੀ ਬੇਪਰਵਾਹੀ ਨਾਲ ਖੜ੍ਹੇ ਸਨ। ਕਾਜ਼ੀ ਨੇ ਨਵਾਬ ਨੂੰ ਸਲਾਹ ਦਿਤੀ, "ਇਨ੍ਹਾਂ ਬੱਚਿਆਂ ਨੂੰ ਨਵਾਬ ਮਲੇਰ ਕੋਟਲਾ ਦੇ ਹਵਾਲੇ ਕਰ ਦਿਓ। ਇਨ੍ਹਾਂ ਦੇ ਬਾਪ ਦੇ ਸਿੱਖਾਂ ਨੇ ਉਸ ਦਾ ਭਰਾ ਮਾਰ ਦਿਤਾ ਸੀ, ਉਹ ਆਪਣਾ ਬਦਲਾ ਲੈ ਲਵੇ।"

ਨਵਾਬ ਨੇ ਸ਼ੇਰ ਮੁਹੰਮਦ ਖਾਨ ਨੂੰ ਬੁਲਾ ਘੱਲਿਆ। ਜਦ ਉਹ ਆਇਆ ਤਾਂ ਨਵਾਬ ਨੇ ਉਸ ਨੂੰ ਕਿਹਾ, "ਸ਼ੇਰ ਮੁਹੰਮਦ ਖਾਨ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੇ ਤੁਹਾਡੇ ਭਰਾ ਨੂੰ ਮਾਰ ਦਿਤਾ ਸੀ। ਹੁਣ ਮੌਕਾ ਹੈ ਬਦਲਾ ਲੈਣ ਦਾ, ਗੁਰੂ ਦੇ ਦੋ ਬੇਟੇ ਗ੍ਰਿਫਤਾਰ ਕਰਕੇ ਲਿਆਂਦੇ ਗਏ ਹਨ। ਕਾਜ਼ੀ ਸਾਹਿਬ ਨੇ ਫਤਵਾ ਦਿਤਾ ਹੈ ਕਿ ਇਨ੍ਹਾਂ ਨੂੰ ਜ਼ਿੰਦਾ ਨੀਹਾਂ ਵਿਚ ਚਿਣਵਾ ਦਿਤਾ ਜਾਏ। ਇਹ ਤੇਰੇ ਹਵਾਲੇ ਕੀਤੇ ਜਾ ਰਹੇ ਹਨ, ਤੂੰ ਫਤਵੇ ਦੀ ਤਾਮੀਲ ਕਰਨੀ ਹੈ।"

ਇਹ ਸੁਣ ਕੇ ਸ਼ੇਰ ਮੁਹੰਮਦ ਖਾਨ ਹੱਕਾ ਬੱਕਾ ਹੋ ਗਿਆ। ਉਸ ਦੇ ਮੂੰਹੋਂ ਗੱਲ ਨਾ ਨਿਕਲੇ। ਆਖਰ ਹੌਕਾ ਭਰ

ਕੇ ਕਹਿਣ ਲੱਗਾ, "ਨਵਾਬ ਸਾਹਿਬ, ਇਹ ਜ਼ੁਲਮ ਹੈ। ਮੇਰਾ ਭਰਾ ਤਾਂ ਲੜਾਈ ਵਿਚ ਮਾਰਿਆ ਗਿਆ ਸੀ। ਇਨ੍ਹਾਂ ਮਾਸੂਮਾਂ ਦਾ ਕੀ ਕਸੂਰ ਹੈ?"

ਇਸ ਤਰ੍ਹਾਂ ਆਹ ਦਾ ਨਾਅਰਾ ਮਾਰ ਉਹ ਬਾਹਰ ਨਿਕਲ ਗਿਆ। ਇਧਰ ਨਵਾਬ ਵਜ਼ੀਰ ਖਾਨ ਨੇ ਹੁਕਮ ਦਿਤਾ ਕਿ ਦੋਹਾਂ ਸਾਹਿਬਜ਼ਾਦਿਆਂ ਨੂੰ ਵਾਪਸ ਬੁਰਜ ਵਿਚ ਘੱਲ ਦਿਤਾ ਜਾਏ। ਉਧਰ ਆਪਣੇ ਅਹਿਲਕਾਰਾਂ ਨੂੰ ਹਿਦਾਇਤ ਕੀਤੀ ਕਿ ਇਨ੍ਹਾਂ ਨੂੰ ਨੀਹਾਂ ਵਿਚ ਚਿਣਨ ਲਈ ਕਿਸੇ ਜੱਲਾਦ ਦਾ ਫੌਰਨ ਬੰਦੋਬਸਤ ਕੀਤਾ ਜਾਏ।

ਸਾਹਿਬਜ਼ਾਦੇ ਬੁਰਜ ਵਿਚ ਮਾਤਾ ਗੁਜਰੀ ਜੀ ਕੋਲ ਪਹੁੰਚੇ ਤੇ ਕਚਹਿਰੀ ਵਿਚ ਹੋਈ ਸਾਰੀ ਗੱਲ-ਬਾਤ ਸੁਣਾਈ। ਮਾਤਾ ਜੀ ਦੇ ਹੰਝੂ ਭਰ ਆਏ ਤੇ ਉਨ੍ਹਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਘੁੱਟ ਕੇ ਗਲੇ ਨਾਲ ਲਗਾ ਲਿਆ, "ਤੁਸਾਂ ਰਖ ਵਖਾਈ ਹੈ। ਵਾਹਿਗੁਰੂ ਸਦਾ ਆਪ ਦੇ ਅੰਗ-ਸੰਗ ਹੈ।"

ਦੂਜੇ ਦਿਨ ਸਵੇਰੇ ਦੋਹਾਂ ਸਾਹਿਬਜ਼ਾਦਿਆਂ ਨੂੰ ਮੁੜ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਨਵਾਬ ਨੇ ਉਨ੍ਹਾਂ ਨੂੰ ਪੁਛਿਆ, "ਕਿਉਂ ਬੱਚਿਓ, ਤੁਹਾਡਾ ਕੀ ਇਰਾਦਾ ਹੈ? ਦੀਨ ਕਬੂਲਦੇ ਹੋ ਕਿ ਤੁਹਾਨੂੰ ਨੀਹਾਂ ਵਿਚ ਚਿਣਵਾ ਦਿਤਾ ਜਾਏ।" ਦੋਵੇਂ ਸਾਹਿਬਜ਼ਾਦੇ ਨਿਧੜਕ ਬੋਲੇ, "ਅਸੀਂ ਕਦੇ ਵੀ ਆਪਣਾ ਧਰਮ ਨਹੀਂ ਤਿਆਗਾਂਗੇ।"

ਇਹ ਸੁਣ ਕੇ ਨਵਾਬ ਅਚੰਭਿਤ ਹੋ ਗਿਆ। ਉਸ ਦਾ ਇਕ ਅਹਿਲਕਾਰ ਅੱਗੇ ਆਇਆ ਤੇ ਕਹਿਣ ਲੱਗਾ, "ਹਜ਼ੂਰ ਦਿੱਲੀ ਦੇ ਸ਼ਾਹੀ ਜੱਲਾਦ ਸ਼ਿਸਾਲ ਬੇਗ ਤੇ ਵਿਸ਼ਾਲ ਬੇਗ ਕਚਹਿਰੀ ਵਿਚ ਪੇਸ਼ ਹਨ। ਇਨ੍ਹਾਂ ਦੇ ਮੁਕੱਦਮੇ ਦੀ ਅੱਜ ਤਰੀਕ ਹੈ। ਜੇ ਆਪ ਇਨ੍ਹਾਂ ਨੂੰ ਬਰੀ ਕਰ ਦਿਓ ਤਾਂ ਉਹ ਗਿਣਨ੍ਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣਨ ਨੂੰ ਤਿਆਰ ਹਨ।"

ਨਵਾਬ ਨੇ ਹੁਕਮ ਦਿਤਾ, "ਇਨ੍ਹਾਂ ਜੱਲਾਦਾਂ ਦਾ ਮੁਕੱਦਮਾ ਬਰਖਾਸਤ ਕੀਤਾ ਜਾਂਦਾ ਹੈ। ਇਹ ਦੋਵੇਂ ਇਨ੍ਹਾਂ ਦੇ ਹਵਾਲੇ ਕਰ ਦਿੱਤੇ ਜਾਣ।"

ਜੱਲਾਦਾਂ ਨੇ ਅੱਗੇ ਹੋ ਕੇ ਸਲਾਮ ਕੀਤੀ ਤੇ ਕਿਹਾ, "ਜੋ ਹੁਕਮ ਹਜ਼ੂਰ ਦਾ।"

ਸਿਪਾਹੀ ਦੋਹਾਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਤੋਂ ਬਾਹਰ ਲਿਆਏ। ਲੋਕਾਂ ਦੀ ਭੀੜ ਜੁੜ ਗਈ। ਮਰਦ ਤੇ ਇਸਤਰੀ ਇਹ ਸੁਣ ਕੇ ਹੈਰਾਨ ਹੋ ਰਹੇ ਸਨ ਕਿ ਇਨ੍ਹਾਂ ਮਾਸੂਮ ਬੱਚਿਆਂ ਨੂੰ ਜ਼ਿੰਦਾ ਦੀਵਾਰਾਂ ਵਿਚ ਚਿਣੇ ਜਾਣ ਦੀ ਸਜ਼ਾ ਮਿਲੀ ਹੈ। ਏਧਰੋਂ ਆਵਾਜ਼ਾਂ ਆ ਰਹੀਆਂ ਸਨ -

ਦੀਵਾਰ ਡਿਗ ਜਾਣ ਤੇ ਬੇਹੋਸ਼ ਹੋਏ ਸਾਹਿਬਜਾਦਿਆਂ ਨੂੰ ਬਾਹਰ ਕੱਢ ਕੇ ਸ਼ਹੀਦ ਕਰਨ ਦਾ ਇਕ ਦਰਦਨਾਕ ਦ੍ਰਿਸ਼

"ਕੀ ਜੁਰਮ ਕੀਤਾ ਏ ਇਨ੍ਹਾਂ ਨਿਆਣਿਆਂ ਨੇ?"

"ਹਨ੍ਹੇਰ ਸਾਈਂ ਦਾ, ਕਿੱਡਾ ਜ਼ੁਲਮ ਏ।"

"ਨੀ ਭੈਣਾਂ, ਦੇਖ ਕਿੱਡੇ ਬੇ-ਖ਼ੌਫ ਨੇ ਇਹ ਬਾਲਕ।"

"ਗੁਰੂ ਗੋਬਿੰਦ ਸਿੰਘ ਦੇ ਬਹਾਦਰ ਸਪੂਤ ਨੇ!"

ਲੋਕੀ ਉਂਗਲਾਂ ਟੁੱਕ ਰਹੇ ਹਨ, ਸਿਪਾਹੀ ਵਾਹੋ ਦਾਹੀ ਉਨ੍ਹਾਂ ਨੂੰ ਅੱਗੇ ਲਿਜਾ ਰਹੇ ਸਨ। ਲੋਕਾਂ ਦੀਆਂ ਗੱਲਾਂ ਸੁਣ ਕੇ ਸਿਰ ਨੀਵਾਂ ਪਾਈ ਸਿਪਾਹੀ ਟੁਰੀ ਗਏ।

ਸਾਹਿਬਜ਼ਾਦਿਆਂ ਨੂੰ ਉਥੇ ਲਿਆਂਦਾ ਗਿਆ ਜਿੱਥੇ ਦੀਵਾਰ ਉਸਾਰੀ ਜਾ ਰਹੀ ਸੀ। ਕਾਜ਼ੀ ਭੀ ਉਥੇ ਆਣ ਪੁੱਜਾ। ਦੋਹਾਂ ਸਾਹਿਬਜ਼ਾਦਿਆਂ ਨੂੰ ਨਵੀਂ ਬਣ ਰਹੀ ਦੀਵਾਰ ਵਿਚ ਖੜ੍ਹਾ ਕੀਤਾ ਗਿਆ। ਕਾਜ਼ੀ ਨੇ ਉਨ੍ਹਾਂ ਨੂੰ ਫੇਰ ਪ੍ਰੇਰਿਆ –

''ਦੀਨ ਕਬੂਲ ਕਰ ਲਵੋ, ਕਿਉਂ ਆਪਣੀਆਂ ਨਿੱਕੀਆਂ ਜਿਹੀਆਂ ਜਿੰਦਾਂ ਅਜਾਈਂ ਗੁਆਂਦੇ ਹੋ?"

ਜੱਲਾਦਾਂ ਨੇ ਭੀ ਉਨ੍ਹਾਂ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਆਪਣੇ ਫੈਸਲੇ ਤੇ ਡਟੇ ਹੋ ਸਨ।

ਜੱਲਾਦਾਂ ਨੂੰ ਸਾਹਿਬਜ਼ਾਦੇ ਕਹਿਣ ਲੱਗੇ, ''ਜਲਦੀ ਜਲਦੀ ਮੁਗਲ ਰਾਜ ਦਾ ਖਾਤਮਾ ਕਰੋ, ਪਾਪਾਂ ਦੀ ਦੀਵਾਰ ਹੋਰ ਉਚੀ ਕਰੋ, ਢਿੱਲ ਕਿਉਂ ਕਰਦੇ ਹੋ।"

ਇਹ ਕਹਿ ਕੇ ਦੋਨੋਂ ਸਾਹਿਬਜ਼ਾਦੇ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਏ। ਜੱਲਾਦਾਂ ਨੇ ਦੀਵਾਰ ਦੀ ਚਿਣਾਈ ਸ਼ੁਰੂ ਕਰ ਦਿਤੀ।

ਮਾਤਾ ਜੀ ਠੰਡੇ ਬੁਰਜ ਵਿਚ ਸਮਾਧੀ ਲਗਾ ਕੇ ਮਹਾਂ ਸਮਾਧੀ ਵਿਚ ਲੀਨ ਹੋ ਰਹੇ ਹਨ।

ਜਦ ਦੀਵਾਰ ਉਨ੍ਹਾਂ ਦੀਆਂ ਛਾਤੀਆਂ ਤਕ ਪਹੁੰਚੀ ਤਾਂ ਨਵਾਬ ਤੇ ਕਾਜ਼ੀ ਫੇਰ ਉਨ੍ਹਾਂ ਦੇ ਕੋਲ ਆਏ ਤੇ ਕਹਿਣ ਲੱਗੇ, "ਬੱਚਿਓ, ਅਜੇ ਭੀ ਵਕਤ ਹੈ, ਜਾਨ ਬਖਸ਼ੀ ਜਾ ਸਕਦੀ ਹੈ। ਕਲਮਾ ਪੜ੍ਹੋ ਤੇ ਦੀਵਾਰ ਢਾਹ ਦਿਤੀ ਜਾਏਗੀ।"

ਸਾਹਿਬਜ਼ਾਦੇ ਗੱਜ ਕੇ ਬੋਲੇ – "ਅਸੀਂ ਆਪਣਾ ਧਰਮ ਨਹੀਂ ਤਿਆਗਾਂਗੇ, ਮਰਨ ਤੋਂ ਅਸੀਂ ਨਹੀਂ ਡਰਦੇ. ਕਰੋੜ ਵਾਰ ਵੀ ਜ਼ਿੰਦਗੀ ਮਿਲੇ, ਤਾਂ ਵੀ ਧਰਮ ਦੇ ਟਾਕਰੇ ਹੇਚ ਹੈ।"

ਇਹ ਸੁਣ ਕੇ ਨਵਾਬ ਤੇ ਕਾਜ਼ੀ ਦੰਗ ਰਹਿ ਗਏ। ਆਸ ਪਾਸ ਖੜ੍ਹੇ ਲੋਕਾਂ ਦੀਆਂ ਅੱਖਾਂ ਵਿਚ ਆਂਸੂ ਭਰ ਆਏ। ਲੋਕ ਕਹਿ ਰਹੇ ਸਨ –

*ਧੰਨੁ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨ॥*

ਦੀਵਾਰਾਂ ਹੋਰ ਉਚੀਆਂ ਹੋ ਗਈਆਂ, ਗਲੇ ਤੱਕ ਪਹੁੰਚ ਗਈਆਂ। ਦੋਨੋਂ ਸਾਹਿਬਜ਼ਾਦੇ ਇਕ ਦੂਜੇ ਵੱਲ ਦੇਖ ਰਹੇ ਸਨ, "ਇਹ ਸਾਡੀ ਪ੍ਰੀਖਿਆ ਲੈਣਾ ਚਾਹੁੰਦੇ ਹਨ। ਇਨ੍ਹਾਂ ਹਾਕਮਾਂ ਨੂੰ ਇਹ ਪਤਾ ਨਹੀਂ ਕਿ ਗੁਰੂ ਨਾਨਕ ਦੇ ਸਿੱਖ ਕਿਸੇ ਤੋਂ ਡਰਦੇ ਨਹੀਂ। ਗੁਰੂ ਅਰਜਨ ਦੇਵ ਜੀ ਨੇ ਤੱਤੇ ਤਵਿਆਂ ਤੇ ਬੈਠ ਕੇ ਸ਼ਹੀਦੀ ਦਿਤੀ ਹੈ। ਉਨ੍ਹਾਂ ਨੇ ਮਨੁੱਖ ਨੂੰ ਜਿੱਥੇ ਜੀਵਨ ਦੀ ਜਾਚ ਦੱਸੀ, ਉਥੇ ਮਰਨ ਦਾ ਭੀ ਵੱਲ ਦਸਿਆ।"

ਛੋਟੇ ਸਾਹਿਬਜ਼ਾਦੇ ਫਤਹਿ ਸਿੰਘ ਜੀ ਨੇ ਕਿਹਾ, "ਸਾਡੇ ਦਾਦਾ ਜੀ ਗੁਰੂ ਤੇਗ ਬਹਾਦਰ ਜੀ ਨੇ "ਸੀਸ ਦੀਆ ਪਰ ਸਿਰਰ ਨ ਦੀਆ।'' ਅਸੀਂ ਹੁਣ ਜਲਦੀ ਹੀ ਉਨ੍ਹਾਂ ਕੋਲ ਪਹੁੰਚ ਜਾਵਾਂਗੇ। ਉਹ ਸਾਨੂੰ ਉਡੀਕ ਰਹੇ ਹਨ।"

ਥੋੜ੍ਹੀ ਦੇਰ ਮਗਰੋਂ ਦੋਨੋਂ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਇਹ ਦੇਖ ਕੇ ਜੱਲਾਦ ਘਬਰਾ ਗਏ। ਆਪਸ ਵਿਚ ਸਲਾਹ ਕਰਕੇ ਕਹਿਣ ਲੱਗੇ, "ਇਹ ਹੁਣ ਅਖੀਰਲੇ ਦਮਾਂ ਤੇ ਹਨ। ਦੀਵਾਰ ਹੋਰ ਉਚੀ ਕਰਨ ਦੀ ਜ਼ਰੂਰਤ ਨਹੀਂ। ਇਨ੍ਹਾਂ ਨੂੰ ਜ਼ਿਬ੍ਹਾ ਕਰਕੇ ਕੰਮ ਖ਼ਤਮ ਕੀਤਾ ਜਾਏ। ਉਤੋਂ ਰਾਤ ਪੈ ਰਹੀ ਹੈ।"

ਦੀਵਾਰ ਡਿੱਗ ਪਈ ਤੇ ਬੇਹੋਸ਼ ਹੋਏ ਸਾਹਿਬਜ਼ਾਦਿਆਂ ਨੂੰ ਬਾਹਰ ਕੱਢ ਕੇ ਜ਼ਮੀਨ ਤੇ ਲਿਟਾ ਦਿਤਾ ਗਿਆ ਤੇ ਸ਼ਹੀਦ ਕਰ ਦਿਤਾ।

ਆਸ–ਪਾਸ ਖੜ੍ਹੇ ਲੋਕਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ ਤੇ ਹੌਕਾ ਭਰ ਕੇ ਕਹਿਣ ਲੱਗੇ, "ਐਡਾ ਜ਼ੁਲਮ! ਰੱਬ ਦੀ ਕਚਹਿਰੀ ਵਿਚ ਕੀ ਜਵਾਬ ਦੇਣਗੇ? ਇਹ ਜ਼ਾਲਮ ਨਵਾਬ ਤੇ ਕਾਜ਼ੀ।"

ਏਧਰ ਸਾਹਿਬਜ਼ਾਦੇ ਸ਼ਹੀਦ ਹੋਏ ਤੇ ਉਧਰ ਬੁਰਜ ਵਿਚ ਸਮਾਧੀ ਲਗਾ ਕੇ ਮਾਤਾ ਗੁਜਰੀ ਜੀ ਨੇ ਪ੍ਰਾਣ ਤਿਆਗ ਦਿਤੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ

ਖਬਰ ਦੇਣ ਵਾਲਾ ਸਿਪਾਹੀ ਜਦ ਬੁਰਜ ਦੇ ਉਪਰ ਪਹੁੰਚਿਆ ਤਾਂ ਉਸ ਨੇ ਦੇਖਿਆ ਕਿ ਮਾਤਾ ਜੀ ਤਾਂ ਸੰਸਾਰ ਤੋਂ ਅੱਗੇ ਹੀ ਕੂਚ ਕਰ ਚੁੱਕੇ ਹਨ।

ਸਰਹਿੰਦ ਸ਼ਹਿਰ ਵਿਚ ਸੁੰਨਸਨੀ ਫੈਲ ਗਈ। ਘਰ-ਘਰ ਵਿਚ ਇਸ ਜ਼ੁਲਮ ਦੀ ਚਰਚਾ ਹੋਣ ਲੱਗੀ। ਲੋਕ ਕਹਿਣ -

"ਕਿੰਨਾ ਕਹਿਰ ਹੈ।" "ਦੁਨੀਆਂ ਵਿਚ ਏਹੋ ਜਿਹਾ ਜ਼ੁਲਮ ਕਦੀ ਨਹੀਂ ਹੋਇਆ।"

"ਆਪਣਾ ਰਾਜ ਮੁਗਲਾਂ ਆਪੇ ਨਸ਼ਟ ਕਰ ਲਿਆ।"

ਜੋ ਕੋਈ ਸੁਣਦਾ ਬੇਵਸੇ ਹੀ ਉਸ ਦੀਆਂ ਅੱਖਾਂ ਵਿਚ ਹੰਝੂ ਭਰ ਆਉਂਦੇ। ਉਸੇ ਰਾਤ ਹੀ ਦੀਵਾਨ ਟੋਡਰ ਮੱਲ, ਜੋ ਇਕ ਜੌਹਰੀ ਸੀ, ਨਵਾਬ ਵਜ਼ੀਰ ਖਾਨ ਕੋਲ ਪੁੱਜਾ ਤੇ ਕਹਿਣ ਲੱਗਾ, "ਨਵਾਬ ਸਾਹਿਬ, ਇਨ੍ਹਾਂ ਬੱਚਿਆਂ ਦੇ ਸਸਕਾਰ ਲਈ ਇਜਾਜ਼ਤ ਦਿਤੀ ਜਾਏ।"

**ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰ ਦਾ ਸਸਕਾਰ ਕਰਨ ਲਈ ਦੀਵਾਨ ਟੋਡਰ ਮਲ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਦਾ ਮੁਲ ਤਾਰਦਾ ਹੋਇਆ।**

ਨਵਾਬ ਕਹਿਣ ਲੱਗਾ, "ਜਿੰਨੀ ਜਗ੍ਹਾ ਚਾਹੀਦੀ ਹੈ ਉਨੀ ਥਾਂ ਤੇ ਮੋਹਰਾਂ ਵਿਛਾ ਕੇ ਮੁੱਲ ਦੇਣਾ ਪਏਗਾ।" ਦੀਵਾਨ ਟੋਡਰ ਮਲ ਨੇ, ਸੇਵਾ ਦਾ ਮੌਕਾ ਜਾਣ, ਘਰੋਂ ਜਾ ਕੇ ਮੋਹਰਾਂ ਦੀਆਂ ਥੈਲੀਆਂ ਲੈ ਆਇਆ। ਜਿੰਨੀ ਜ਼ਮੀਨ ਸਸਕਾਰ ਲਈ ਚਾਹੀਦੀ ਸੀ ਨਿਸ਼ਾਨ ਲਗਾ ਦਿਤਾ ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਮੁੱਲ ਤਾਰ ਦਿਤਾ। ਮਾਤਾ ਗੁਜਰੀ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਬੜੇ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਏਨੀ ਛੋਟੀ ਉਮਰ ਦੇ ਸ਼ਹੀਦਾਂ ਦੀ ਮਿਸਾਲ ਸਾਰੀ ਦੁਨੀਆਂ ਵਿਚ ਨਹੀਂ ਮਿਲਦੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਉਮਰ ਸਤ ਸਾਲ ਗਿਆਰਾਂ ਮਹੀਨੇ ਸੀ (ਜਨਮ ਸੰਨ 1696) ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਸਿਰਫ ਪੰਜ ਸਾਲ ਦਸ ਮਹੀਨੇ (ਜਨਮ ਸੰਨ 1699) ਦੇ ਸਨ। ਏਡੇ ਛੋਟੇ ਬੱਚਿਆਂ ਨੇ ਵੱਡੇ ਬਜ਼ੁਰਗਾਂ ਜਿਹੇ ਕਾਰਨਾਮੇ ਕਰ ਦਿਖਾਏ। ਇਸ ਲਈ ਅਸੀਂ ਉਨ੍ਹਾਂ ਨੂੰ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਕਹਿ ਕੇ ਯਾਦ ਕਰਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਰਾਏਕੋਟ ਦੇ ਇਲਾਕੇ ਵਿਚ ਵਿਚਰ ਰਹੇ ਸਨ। ਜਦ ਉਨ੍ਹਾਂ ਕੋਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਮਾਹੀ ਲੈ ਕੇ ਗਿਆ ਤਾਂ ਆਪ ਨੇ ਤੀਰ ਦੀ ਨੋਕ ਨਾਲ ਕਾਹੀ ਦੇ ਬੂਟੇ ਨੂੰ ਪੁੱਟ ਕੇ ਫੁਰਮਾਇਆ, "ਹੁਣ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ।"

ਲੋਕ ਕਹਿ ਰਹੇ ਸਨ -

***ਕਟਵਾ ਕੇ ਸਰ ਚਾਰ ਇਕ ਆਂਸੂ***
***ਨ ਗਿਰਾਯਾ।***
***ਰੂਹ ਫੂੰਕ ਦੀ ਗੋਬਿੰਦ ਨੇ,***
***ਔਲਾਦ ਕਟਾ ਕਰ।***

ਥੋੜ੍ਹੇ ਹੀ ਸਮੇਂ ਮਗਰੋਂ ਗੁਰੂ ਜੀ ਤੋਂ ਅੰਮ੍ਰਿਤ ਛਕ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਗਏ ਤਾਂ ਸਿੰਘ ਸਜ ਕੇ ਬਾਬਾ ਬੰਦਾ ਸਿੰਘ ਬਹਾਦਰ ਬਣਿਆ। ਇਸ ਨੇ ਮੁਗਲ ਰਾਜ ਦੀਆਂ ਨੀਹਾਂ ਪੋਲੀਆਂ ਕੀਤੀਆਂ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ। ਸੁਤੰਤਰ ਰਾਜ ਅਸਥਾਪਤ ਕੀਤਾ, ਨਾਨਕ ਨਾਮ ਦਾ ਸਿੱਕਾ ਚਲਾਇਆ ਤੇ ਦੇਗ ਤੇਗ ਫਤਹਿ ਦੀ ਮੁਹਰ ਬਣਾਈ।

ਹਿੰਦੀ ਦੇ ਰਾਸ਼ਟਰ ਕਵੀ ਮੈਥਲੀ ਸ਼ਰਨ ਗੁਪਤ ਨੇ ਆਪਣੇ ਮਹਾ ਕਾਵਯ 'ਭਾਰਤ ਭਾਰਤੀ' ਵਿਚ ਲਿਖਿਆ ਹੈ -

***ਜਿਸ ਕੁਲ ਜਾਤ ਕੌਮ ਕੇ ਬੱਚੇ, ਦੇ ਸਕਤੇ ਯੂੰ ਬਲੀਦਾਨ।***
***ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ ਹੈ ਮਹਾ ਮਹਾਨ।***

***(ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਦੇ ਧੰਨਵਾਦ ਸਹਿਤ)***

(ਪੰਨਾ 40 ਦੀ ਬਾਕੀ)

*ਲਾਲ ਲਿਆ ਸੀ ਮੈਂ ਮੁੱਲ ਸੁਵੱਲੇ,*
*ਜੌਹਰੀ ਨੂੰ ਚਾ ਦਿਖਲਾਇਆ।*
*ਜੌਹਰੀ ਨੇ ਉਸਦੀ ਪਰਖ ਜੁ ਕੀਤੀ,*
*ਪਰਖ ਖਜ਼ਾਨੇ ਪਾਇਆ।*
*ਮੁੱਲ ਪਿਆ ਮੁੱਲ ਏਹੋ ਨੀ ਸਹੀਓ!*
*ਜੌਹਰੀ ਦੇ ਮੁੱਲ ਵਿਕਾਇਆ।*
*ਲਾਲ ਅਮੋਲਕ ਹੋਇਆ ਅਮੁੱਲਾ,*
*ਜੌਹਰੀ ਨੇ ਮੁੱਲ ਵਧਾਇਆ।*
*ਆਪ ਵਧਾਇਓਸੁ ਆਪੇ ਸੁ ਭਰਿਆ,*
*ਆਪ ਖਜ਼ਾਨੇ ਸੁ ਪਾਇਆ।*
*ਆਪਣੇ ਤੁੱਲ ਦਾ ਲਾਲ ਨੂੰ ਕੀਤੋਸੁ*
*ਏਸੇ ਭਾ ਲਾਲ ਵਿਕਾਇਆ।*
*ਲਾਲ ਗਿਆ ਮੈਨੂੰ ਕਹਿਣ ਅਪੁੱਤੀ,*
*ਮੈਂ ਅਜ ਪੁੱਤਰ ਪਾਇਆ।*
*ਸਤਿਗੁਰ ਚਰਨਾਂ ਤੋਂ ਘੁੰਮ ਗਿਆ ਓ,*
*ਸਫਲ ਹੋਇਆ ਪੁਤ ਆਇਆ।*
*ਮੈਂ ਸਲੀ ਹਾਂ ਨਾਲੇ ਹੀ ਹੋਈ,*
*ਜਿਸਨੇ ਲਾਲ ਸੀ ਜਾਇਆ।*
*ਆਓ ਨੀ ਸਹੀਓ! ਰਲ ਸੌਂਦੇ ਚੱਲੀਏ,*
*ਆਪ ਵਪਾਰੀ ਹੋ ਆਇਆ।*

ਇਹ ਮਿੱਠੀ ਪ੍ਰੇਮ, ਸ਼ਰਧਾ ਤੇ ਸਿਦਕ ਭਰੀ ਹੇਕ ਸੁਣਕੇ ਮਾਈ ਦੀ ਸੁਰਤ ਦਾ ਵੇਗ, ਜੋ ਹੁਣ ਆਪਣੇ ਟਿਕਾਣੇ ਸੀ, ਹੋਰ ਜੁੜਿਆ ਕਿ ਇੰਨੇ ਨੂੰ ਬੂਹਾ ਖੜਕਿਆ। ਸਖੀ ਨੇ ਖੋਲ੍ਹਿਆ, ਤਦ ਛੰਮ ਛੰਮ ਕਰਦੀ ਇਕ 'ਮਾਂ' ਅੰਦਰ ਆ ਵੜੀ ਤੇ ਕਹਿੰਦੀ, "ਮੇਰੇ ਸਿਰਤਾਜ ਦੀ ਮਾਤਾ! ਮੈਨੂੰ ਵਧਾਈ ਦੇਹ ਤੇ ਮੈਂ ਤੈਨੂੰ ਦਿਆਂ, ਅੱਜ ਉਸ ਕਲਗੀਆਂ ਵਾਲੇ ਬਾਜਾਂ ਵਾਲੇ ਦੇ ਉਤੇ ਤੇਰੀ ਕੁੱਖ ਦੀ ਬੱਚੜੀ ਦੇ ਸ਼ੇਰ ਬੱਚੇ ਸ਼ਹੀਦ ਹੋ ਗਏ ਤੇ ਇਸ ਨਿਕਾਰੀ ਦਾ ਜਾਇਆ ਭੀ ਉਹਨਾਂ ਪਿਆਰਿਆਂ ਦੇ ਚਰਨਾਂ ਤੋਂ ਵਾਰਿਆਂ ਘੋਲਿਆ ਮੈਨੂੰ ਸਪੁੱਤ੍ਰੀ ਕਰਕੇ ਸੱਚ ਖੰਡ ਜਾ ਵੱਸਿਆ।" ਇਸ ਰੰਗ ਰਤੜੀ ਦੇ ਬਚਨਾਂ ਦਾ ਕਿਆ ਅਚਰਜ ਅਸਰ ਹੋ ਗਿਆ ਹੈ, ਪੱਕੀ ਹੋਈ ਸੁਰਤ ਦੀ ਆਵਾਜ਼ ਮਾਈ ਦੀ ਸੁਰਤ ਨੂੰ ਅੱਖ ਦੇ ਫੋਰ ਵਿਚ ਪੁਠ ਚਾੜ ਗਈ।

ਮਾਈ ਨੇ ਆਵਾਜ਼ ਤੋਂ ਸਿਆਣ ਲਿਆ ਸੀ ਕਿ ਇਹ ਬੀਰ ਰਾਣੀ ਭਾਈ ਸੰਤ ਸਿੰਘ ਜੀ ਦੀ ਮਾਤਾ ਹੈ। ਮਾਈ ਸੁਣ ਚੁਕੀ ਸੀ ਕਿ ਇਸਦੇ ਸਿਦਕ ਦੇ ਪੂਰੇ ਸੱਚੇ ਅਨਿੰਨ ਭਗਤ ਪੁੱਤਰ ਨੇ ਕਿੱਕੂੰ ਆਪਣੀ ਜਾਨ ਸਤਿਗੁਰਾਂ ਤੋਂ ਵਾਰੀ ਹੈ। ਹੁਣ ਮਾਈ ਨੂੰ ਸਮਝ ਆਈ ਕਿ ਲਾਹੇ ਦਾ ਸੌਦਾ ਵੇਚ ਕੇ ਕੌਣ ਆਇਆ ਹੈ? ਹੁਣ ਸਮਝੀ ਕਿ ਜੌਹਰੀ ਨੇ ਲਾਲ ਦਾ ਮੁੱਲ ਕਿੱਕੂੰ ਪਾਇਆ ਹੈ। ਚਮਕੌਰ ਵਿਚ ਭਾਈ ਸੰਤ ਸਿੰਘ ਜੀ ਨੂੰ ਗੱਦੀ ਦੇ ਕੇ ਕਲਗੀ ਜਿਗਾ ਲਗਾ ਕੇ ਆਪਣੀ ਥਾਂ ਥਾਪ ਕੇ ਸ੍ਰੀ ਗੁਰੂ ਜੀ ਉਸ ਪਿਆਰੇ ਸਿੱਖ ਅਤੇ ਹੋਰ ਸਿੱਖਾਂ ਦੇ ਵਾਸਤੇ ਪਾਉਣ ਪਰ ਨਿਕਲ ਗਏ ਸਨ। ਗੁਰੂ ਨੇ ਸਿੱਖ ਨੂੰ ਗੁਰੂ ਪਦਵੀ ਦੇ ਦਿੱਤੀ ਸੀ। ਲਾਲ ਐਉ ਜੌਹਰੀ ਦੇ ਘਰ ਬਹੁਤ ਮਹਿੰਗੇ ਮੁੱਲੋਂ ਵਿਕ ਗਿਆ ਸੀ। ਭਾਈ ਸੰਤ ਸਿੰਘ ਦੀ ਮਾਤਾ ਨਾਮ ਅਟੁੱਟ ਵਿਚ ਪੱਕ ਚੁੱਕੀ ਹੋਈ ਸੀ, ਮਰਨ ਜੀਵਨ ਦੀ ਘਾਟੀ ਦੇ ਦੁਸਾਰ ਪਾਰ ਦੇਖ ਚੁਕੀ ਸੀ। ਉਸਨੂੰ ਪੁੱਤ੍ਰ ਦਾ ਇਸ ਬੀਰਤਾ ਨਾਲ ਅਰ ਐਸੇ ਪਰਮ ਅਰਥ ਲਈ ਮਰ ਜਾਣਾ ਭਾਰੀ ਖੁਸ਼ੀ ਦਾ ਸਬੱਬ ਹੋ ਰਿਹਾ ਸੀ। ਇਹ ਗੱਲ ਨਹੀਂ ਸੀ ਕਿ ਪੁੱਤ ਦੇ ਮਰਨ ਦੇ ਮੋਹ ਦੀ ਲੈ ਵਿਚ ਹਿਲਾਉ ਨਹੀਂ ਪੈਦਾ ਕੀਤਾ, ਕੀਤਾ ਹੈ, ਪਰ ਹਲਕਾ ਜਿਹਾ। ਇਸਨੇ ਬਜਾਇ ਰੋਣ ਦੇ ਖੁਸ਼ੀ ਦਾ ਚੱਕਰ ਭਵਾ ਦਿੱਤਾ ਹੈ, ਪਰ ਇਸ ਹਿਲਾਉ ਨੇ ਤ੍ਰੁੱਕੀ ਦੇਣੀ ਹੈ ਕਿ ਅੱਜ ਤੋਂ ਬਾਦ ਭਾ: ਸੰਤ ਸਿੰਘ ਦੀ ਮਾਈ ਨੇ ਅਜਰ ਨੂੰ ਜਰ ਜਾਣ ਵਾਲੀ ਅਵਸਥਾ ਵਿਚ ਪਹੁੰਚ ਪੈਣਾ ਹੈ।

ਅੱਜ ਦੀ ਚਿੰਤਾ ਦੀ ਰਾਤ ਜੋ ਸਭਰਾਈ ਦੀ ਕੱਟਿਆਂ ਕਟੀਂਦੀ ਨਹੀਂ ਸੀ ਅਰ ਬੀਤਦਿਆਂ ਲੰਘਦੀ ਨਹੀਂ ਸੀ ਤੇ ਜੋ ਹੁਣ ਬੜੇ ਹੰਭਲੇ ਮਾਰ ਮਾਰ ਕੇ ਨਾਮ ਤੇ ਆ ਰਹੀ ਤੇ ਅਡੋਲ ਹੋ ਰਹੀ ਸੀ, ਹੁਣ ਇਸ ਮਾਈ ਦੇ ਸਹਾਰਨ ਦੇ ਹੌਂਸਲੇ ਨੂੰ ਦੇਖਕੇ ਇਕ ਦਮ ਟਿਕਾਣੇ ਆ ਗਈ। ਅਜੇ ਥੋੜਾ ਹੀ ਚਿਰ ਹੋਇਆ ਸੀ ਕਿ ਸਤਿਸੰਗੀਆਂ ਦੇ ਢੋਲਕੀਆਂ ਛੈਣਿਆਂ ਦੀ ਗੂੰਜ ਕੰਨੀ ਪਈ ਅਰ ਸੰਗਤ ਦਾ ਡੇਰਾ ਆ ਲੱਗਾ, ਦੀਵਾਨ ਸਜ ਗਿਆ, ਆਸਾ ਦੀ ਵਾਰ ਲੱਗ ਪਈ।

ਮਾਈ ਦੀ ਸੁਰਤ ਅਡੋਲ ਉੱਚੇ ਮੰਡਲ ਵਿਚ ਜਾ ਟਿਕੀ। ਸਰੀਰ ਹੌਲਾ ਫੁੱਲ ਹੈ, ਸਗੋਂ ਅੱਜ ਤਾਂ ਸੁਰਤ ਹੀ ਸੁਰਤ ਦਾ ਚਾਨਣ ਪਸਰ ਰਿਹਾ ਹੈ, ਸਰੀਰ ਦਾ ਭਾਉ ਹੀ ਯਾਦ ਨਹੀਂ ਰਿਹਾ। ਇਸ ਤਰ੍ਹਾਂ ਬੀਤ ਗਈ ਅਰ ਬੀਤ ਗਈ ਨਾਮ ਦੀ ਸ਼ਰਨਾਗਤ ਮਾਤਾ ਦੀ ਚੌਥੀ ਰਾਤ।

## ਪੰਜਵੀਂ ਰਾਤ

ਸਭਰਾਈ ਪਰਮਾਰਥ ਦੇ ਰਸਤੇ ਟੁਰ ਰਹੀ ਆਪਣੇ ਜੀਵਨ ਨੂੰ ਕਿਸੇ ਸੁਹਣੇ ਸੰਚੇ ਵਿਚ ਢਾਲ ਰਹੀ ਹੈ ਤੇ ਵਰਤੋਂ ਸਿਖ ਰਹੀ ਹੈ, ਅਮਲ ਸਿੱਖ ਰਹੀ ਹੈ ਸਿੱਖੀ ਜੀਵਨ ਦਾ। ਉਹ ਕੁਛ ਬਣ ਰਹੀ ਹੈ, ਜਿਸ ਨੂੰ ਸਿੱਖ ਕਹਿੰਦੇ ਹਨ। ਜਿਨ੍ਹਾਂ ਦਾ ਵਰਤਾਰਾ ਤੇ ਅਮਲ ਐਸਾ ਹੁੰਦਾ ਹੈ ਕਿ ਉਹ ਉਸ ਨਮੂਨੇ ਤੇ ਪੂਰਾ ਉਤਰਦਾ ਹੈ, ਜੋ ਨਮੂਨਾ ਕਿ ਆਦਮੀ ਲਈ ਇਕ ਆਦਰਸ਼ ਹੈ, ਜੋ ਸਤਿਗੁਰ ਨੇ ਦਸਿਆ ਹੈ। ਮਾਈ ਇਕ ਨਮੂਨਾ ਬਣ ਰਹੀ ਹੈ, ਜੋ ਸਤਿਗੁਰੂ ਨੇ ਬਨਾਇਆ ਸੀ। ਸਤਿਗੁਰਾਂ ਨੇ ਆਦਮੀ ਨੂੰ ਇਕ ਜੀਵਨ

ਦਾ ਨਮੂਨਾ ਦਿੱਤਾ ਤੇ ਉਸ ਨਮੂਨੇ ਦੇ ਆਦਮੀ ਬਣਾਏ ਜੋ ਆਪਣੇ ਲਈ ਸੁਖ ਰੂਪ ਤੇ ਜੱਗ ਲਈ ਸੁਖਦਾਈ ਹੋਏ। ਹੁਣ ਜੋ ਟੁਰੇਗਾ, ਅਮਲ ਕਰੇਗਾ ਉਸਦਾ ਜੀਵਨ ਦਿਮਾਗੀ ਤੇ ਖਿਆਲੀ ਤਸਵੀਰਾਂ ਨਾਲੋਂ ਕੁਛ ਅੱਡਰਾਪਨ ਦੱਸੇਗਾ। ਉਸਦੇ ਅੱਗੇ ਅਮਲੀ ਮੁਸ਼ਕਲਾਂ ਨੇ ਔਣਾ ਹੈ ਤੇ ਉਸ ਵੇਲੇ ਪਤਾ ਲੱਗਣਾ ਹੈ ਕਿ 'ਅੰਦਰਲਾ' ਕਿੰਨਾ ਕੁ ਆਪਣੇ ਆਪ ਤੇ ਅਰ ਆਪਣੇ ਕੇਂਦਰ ਦੇ ਆਸਰੇ ਤੇ ਟਿਕਿਆ ਹੈ, ਕਿੰਨਾ ਭਰੋਸਾ ਅਕਾਲ ਪੁਰਖ ਤੇ ਆਇਆ ਹੈ ਤੇ ਆਪਣੇ ਅਸਲੀ ਆਪੇ ਦੇ ਆਸਰੇ ਵਾਹਿਗੁਰੂ ਜੀ ਤੇ ਟਿਕਿਆ ਹੈ। ਹੁਣ ਜੋ ਦ੍ਰਿਸ਼ਟਮਾਨ ਦੇ ਰੰਗ ਵਟੀਜ ਰਹੇ ਹਨ ਤੇ ਅਦਲਾ ਬਦਲੀ ਜਾਰੀ ਹੈ, ਇਹ ਉਸਦੇ ਅੰਦਰਲੇ ਟਿਕ ਗਏ ਟਿਕਾਉ ਨੂੰ ਆਪਣੇ ਨਾਲ ਹਿਲਾ ਹਿਲਾ ਕੇ ਦੁਖੀ ਨਹੀਂ ਕਰ ਰਹੇ ਤੇ ਅੰਧਕਾਰ ਵਿਚ ਨਹੀਂ ਸਿੱਟ ਰਹੇ। ਹਾਂ! ਇਹ ਅਮਲੀ ਜੀਵਨ ਕਠਨ ਘਾਟੀ ਹੈ। ਪ੍ਰਾਣਪਤੀ ਦਾ ਵਿਯੋਗ, ਪਿਆਰੀ ਧੀ ਦਾ ਵਿਯੋਗ, ਪਿਆਰੇ ਦੁਹਤਿਆਂ ਦਾ ਵਿਯੋਗ, ਵਾਹਿਗੁਰੂ ਦੇ ਰੰਗ ਰੱਤੇ ਇਲਾਹੀ ਰੌਂਆਂ ਵਾਲੇ ਜਵਾਈ ਤੇ ਸਤਿਗੁਰ ਦੇ ਖੇਦ ਸੁਣਕੇ ਚਿੱਤ ਕਿਵੇਂ ਅਡੋਲ ਰਹਿ ਸਕਦਾ ਹੈ?

ਸੋ ਭਾਵੇਂ ਮਾਈ ਦਾ ਅੰਤ੍ਰੀਵ ਪ੍ਰੇਮ ਜੋ ਗੁਰਸਿੱਖੀ ਵਾਲਾ ਹੈ ਉਸ ਨੂੰ ਵਿਆਕੁਲ ਕਰਦਾ ਹੈ, ਪਰ ਕੀਕੂੰ ਮਾਈ ਇਸ ਮਨ ਦੇ ਹੱਥੋਂ ਛੁਟਕਾਰਾ ਪਾਉਂਦੀ ਹੈ? ਕੀਕੂੰ ਹੰਭਲੇ ਮਾਰਕੇ ਨਿਕਲਦੀ ਤੇ ਰਜ਼ਾ ਪਰ ਆ ਖੜੋਂਦੀ ਹੈ।

ਰਜ਼ਾ ਇਸ ਗੱਲ ਦਾ ਨਾਉਂ ਨਹੀਂ ਕਿ ਖਰਬੂਜੇ ਦਰਿਆ ਵਿਚ ਰੁੜ ਗਏ, ਫੜੇ ਜਾਂਦੇ ਨਹੀਂ, ਚਿੱਤ ਉਦਾਸ ਹੈ, ਸੁਰਤ ਦੀ ਕਲਾ ਢਹਿ ਪਈ ਹੈ ਤੇ ਮੂੰਹ ਕਹਿ ਰਿਹਾ ਹੈ 'ਹੱਛਾ ਤੇਰੀ ਰਜ਼ਾ' ਇਹ ਅਸਲ ਰਜ਼ਾ ਨਹੀਂ, ਰਜ਼ਾ ਇਹ ਹੈ -

ਨਾਮ ਦਾ ਰਸ ਪ੍ਰਾਪਤ ਹੋਵੇ, ਨਾਮ ਸੁਰਤ ਨੂੰ ਉਚੇ ਘਰ ਰੱਬੀ ਰਸ ਵਿਚ ਲੈ ਜਾਂਦਾ ਹੋਵੇ, ਜਦੋਂ ਮੌਕਿਆ ਆ ਬਣੇ ਕਿ ਰਜ਼ਾ ਮੰਨਣੀ ਹੈ, ਤਦ ਸੁਰਤ ਉਸੇ ਸੁਖ ਵਿਚ ਚੜ੍ਹਦੀ ਕਲਾ ਵਿਚ ਰਹੇ ਤੇ ਜੋ ਸਿਰ ਤੇ ਆ ਬਣੀ ਹੈ ਉਸ ਤੇ ਕਹੇ -

'ਤੇਰੀ ਰਜ਼ਾ'

ਜੀਉ! ਇਕ ਹੋਰ ਵੀ ਤੇਰੀ ਰਜ਼ਾ ਦਾ ਤਰਲਾ ਹੈ ਕਿ ਸੁਰਤ ਢਹਿ ਪਵੇ, ਮਨ ਦੁਖੀ ਹੋ ਜਾਵੇ, ਪਰ ਤੱਤਕਾਲ ਯਤਨ ਵਿਚ ਲੱਗ ਪਵੇ ਕਿ ਮੇਰੇ ਮਨ ਵਿਚ ਜੋ ਨਾਮ ਦਾ ਰਸ ਸੀ ਉਹ ਕਿੱਧਰ ਗਿਆ? ਜੋ ਅੰਦਰਲੇ ਦਾ ਟਿਕਾਉ ਦਾ ਸੁਆਦ ਆ ਰਿਹਾ ਸੀ, ਉਹ ਕਿਉ ਹਿੱਲ ਗਿਆ ਹੈ? ਉਹ ਮੁੜ ਪਰਤਕੇ ਅੰਦਰ ਆਵੇ, ਉਸੇ ਤਰ੍ਹਾਂ ਅੰਦਰ 'ਅੰਦਰਲਾ' ਟਿਕ ਜਾਵੇ, ਨਾਮ ਦੇ ਰਸ ਦੀ ਤ੍ਰੰਗ ਟੁੱਟੇ ਨਹੀਂ, ਟੁੱਟੇ ਤਾਂ ਮੁੜ ਜੋੜਨ ਦਾ ਤਰਲਾ ਨਾ ਟੁੱਟੇ। ਫੇਰ ਤੇਰੀ ਰਜ਼ਾ ਠੀਕ ਹੈ। ਇਉਂ ਕਰਦਿਆਂ ਤੱਕੁਲਾ ਰਾਸ ਹੋ ਜਾਵੇ, ਨਾਮ ਮਿੱਠਾ ਲੱਗਣ ਲੱਗ ਜਾਵੇ। ਕਹਿਣ ਦੀ ਲੋੜ ਨਹੀਂ, ਫੇਰ ਸਚਮੁੱਚ ਮੰਨੀ ਗਈ ਤੇ ਹੋ ਗਈ -

'ਤੇਰੀ ਰਜ਼ਾ'

ਸੋ ਮਾਈ ਅਮਲੀ ਜੀਵਨ ਵਿਚ ਟੁਰ ਰਹੀ ਹੈ ਤੇ ਵਾਪਰ ਰਹੇ ਹਨ ਕਸ਼ਟ ਅਰ ਅਸਹਿ ਕਸ਼ਟ। ਇਕ ਮੁੱਕਦਾ ਨਹੀਂ ਇਕ ਹੋਰ ਆ ਜਾਂਦਾ ਹੈ। ਮਾਈ ਸੱਟ ਖਾਕੇ ਢਹਿੰਦੀ ਹੈ, ਪਰ ਫੇਰ ਉਠ ਖਲੋਂਦੀ ਹੈ ਤੇ ਸਾਵਧਾਨ ਹੋ ਜਾਂਦੀ ਹੈ। ਹਰ ਸੱਟ ਦੇ ਬਾਦ ਜੋ ਫਤਹ ਉਹ ਮਨ ਤੇ ਪਾਉਂਦੀ ਹੈ, ਉਸਨੂੰ ਵਧੀਕ ਤੋਂ ਵਧੀਕ ਤਕੜਿਆਂ ਬਣਾ ਰਹੀ ਹੈ। ਇਹ ਤਕੜਾਈ ਖੁਸ਼ਕ ਨਿਰਮੋਹਤਾ ਨਹੀਂ। ਜੇ ਜੀਵਨ ਦਾ ਆਦਰਸ਼ ਖੁਸ਼ਕ ਨਿਰਮੋਹਤਾ ਹੈ, ਤਾਂ ਪੱਥਰ ਤੇ ਬ੍ਰਿਛ ਨਿਰਮੋਹ ਬੈਠੇ ਤੇ ਖੜੇ ਪਏ ਦਿੱਸਦੇ ਹਨ। ਪਸੂ ਮੋਹ ਦੇ ਜਾਣੂੰ ਹਨ, ਪਰ ਸਮੇਂ ਨਾਲ ਨਿਰਮੋਹ ਹੋ ਜਾਂਦੇ ਹਨ, ਉਹਨਾਂ ਵਿਚ 'ਭੁੱਲ ਜਾਣਾ' ਮੋਹ ਨੂੰ ਜਿੱਤ ਲੈਂਦਾ ਹੈ, ਪਰ ਇਹ ਅੰਦਰਲੇ ਦੀ ਉਚਜਾਈ ਨਹੀਂ। ਅਸਾਂ ਮਨ ਤੇ ਫਤਹ ਪਾਉਣੀ ਹੈ। ਉਚੇ ਰਸ ਨਾਲ, ਉਚੇ ਟਿਕਾਉ ਨਾਲ, ਉਚੇ ਰੱਬੀ ਪਿਆਰ ਨਾਲ ਮਨ ਤੇ ਫਤਹ ਪਾਕੇ ਜੜ੍ਹ ਪੱਥਰ ਨਹੀਂ ਹੋ ਜਾਣਾ, ਪਰ ਕਿਸੇ ਜੀਉਂਦੇ ਪਿਆਰ ਵਿਚ ਰੰਗੀਜਣਾ ਹੈ ਕਿ ਜਿਥੇ ਦ੍ਰਿਸ਼ਟੀ ਨੇ ਉਚੇ ਮੰਡਲਾਂ ਵਿਚ ਜਾ ਕੇ ਸੱਚੇ ਸਤਿਸੰਗ ਤੇ ਫੇਰ ਰੱਬੀ ਅਸਲੇ ਨੂੰ ਅਨੁਭਵ ਕਰਕੇ ਸਦਾ ਸੁਖ ਵਿਚ ਵਾਸਾ ਪਾਉਣਾ ਹੈ। ਕੀ ਸਾਹਿਬਜ਼ਾਦਿਆਂ ਦੇ ਦੁਖ ਸੁਣ ਕੇ ਹੱਸੇ ਤੇ ਖੁਸ਼ ਹੋਵੇ ਯਾ ਦੁਖ ਪ੍ਰਤੀਤ ਨਾ ਕਰੇ? ਇਹ ਜੜ੍ਹ ਜੀਵਨ ਹੈ। ਹਾਂ, ਜੀਵਨ ਇਹ ਹੈ ਕਿ ਉਸਦੀ ਸੁਰਤ ਰੱਬ ਦੀ ਸੁਰਤ ਨਾਲ ਇਕ ਸੁਰ ਹੋਵੇ। ਜੋ ਸਾਈਂ ਦੀ ਰਜ਼ਾ ਸੁਰ ਕੱਢ ਰਹੀ ਹੈ, ਉਹ ਸੁਰ ਮਾਈ ਦੀ ਮਰਜ਼ੀ ਕੱਢੇ। ਉਹ ਉੱਚੀ ਹੋਕੇ ਤੱਕੇ ਤੇ ਉਸ ਮਹਾਨ ਪ੍ਰਯੋਜਨ ਨੂੰ ਸਮਝੇ, ਜਿਸ ਲਈ ਸਭ ਕੁਛ ਹੋ ਰਿਹਾ ਤੇ ਵਰਤ ਰਿਹਾ ਹੈ। ਉਹ ਮਹਾਨ ਰਜ਼ਾ ਨੂੰ ਸਮਝੇ ਜੋ ਇਹ ਕੁਛ ਵਰਤਾ ਰਹੀ ਹੈ। ਇਹ ਵੇਖਕੇ ਮਾਈ ਦੇ ਅੰਦਰੋ ਅੰਦਰਲੇ ਦਾ ਟਿਕਾਉ, ਅੰਦਰਲੇ ਵਿਚ ਨਾਮ ਦਾ ਰਸ, ਮਹਾਂ ਰਸ, ਨਾਮ ਮਹਾਂਰਸ ਦੀ ਸ੍ਵਾਦੀਕ ਲਹਿਰ ਬੰਦ ਨਾ ਹੋਵੇ। ਉਹ ਸੂਰਜ ਦੀ ਚਮਕਦੀ ਟਿੱਕੀ ਵਿਚ ਖੜੋਕੇ ਰੱਬੀ ਜਲਾਲ ਤੇ ਉਸਦੇ ਕੌਤਕਾਂ ਨੂੰ ਤੱਕੇ ਤੇ ਜਲਾਲ ਨਾਲ ਭਰੀ ਜਾਵੇ।

ਮਾਈ ਟੁਰ ਰਹੀ ਹੈ ਰੱਬ ਦੇ ਰਸਤੇ। ਪਰਤਾਵੇ ਤੇ ਪਰਤਾਵਾ ਆ ਰਿਹਾ ਹੈ ਕਿ ਮਾਈ ਦੇ ਮਨ ਉਤੇ ਕੋਈ ਪਰਤਾਵਾ ਫਤਹ ਪਾਕੇ ਉਸਨੂੰ ਨਾਸ਼ੁਕਰੀ, ਢਹਿੰਦੀਆਂ ਕਲਾ, ਉਦਾਸੀ, ਗ਼ਮ, ਚਿੰਤਾ, ਅਗਿਆਨ, ਅਵਿਦਯਾ ਦੇ ਹਨੇਰੇ, ਯਾ ਭੁੱਲ (ਜੋ ਕੁਛ ਚਾਹੇ ਕਹੋ) ਵਿਚ ਲੈ ਜਾਵੇ। ਪਰ ਮਾਈ

ਹੰਭਲਾ ਮਾਰ ਰਹੀ ਹੈ ਕਿ ਉਸਦਾ ਆਪਾ ਮਨ ਉਤੇ ਫਤਹ ਪਾਕੇ ਚੋਜੀ ਵਾਹਿਗੁਰੂ ਦੇ ਚੋਜ ਤੱਕੇ, ਸਾਵਧਾਨ ਤੇ ਉਚੀ ਰਹੇ। 'ਉਨਮਨ ਰਹੇ (ਉਨ=ਉੱਚਾ+ਮਨ= ਦਿੱਲ) ਦਿਲ ਤੋਂ ਉੱਚੀ ਰਹੇ। ਉਨਮਨ ਅਵਸਥਾ ਇਹੀ ਹੈ ਕਿ ਆਪਾ ਸਾਡਾ ਅੰਦਰਲਾ ਮਨ ਤੋਂ ਉੱਚੀ ਰਸ ਭਰੀ ਦਸ਼ਾ ਵਿਚ ਰਹੇ।

ਮਾਈ ਸਤਿਗੁਰਾਂ ਦੇ ਸਲਾਮਤ ਨਿਕਲ ਜਾਣ ਦੇ ਹਾਲ ਸੁਣਕੇ ਤਾਂਘਾਂ ਵਿਚ ਜਾਂਦੀ ਹੈ ਕਿ ਸਲਾਮਤੀ ਦੀ ਸੋ ਕੰਨੀ ਪਵੇ ਕਿ ਪਿਆਰੇ ਜੀ ਕਿਤੇ ਸੁਖ ਦੇ ਥਾਂ ਅੱਪੜ ਗਏ ਹਨ। ਚਿਤ ਠੰਢ ਵਿਚ ਹੈ, ਨਾਮ ਦੀ ਰਸ ਭਰੀ ਰੌਂ ਜਾਰੀ ਹੈ, ਸ਼ਾਂਤ ਹੈ, ਮੱਧਮ ਉਮਾਹ ਹੈ ਪਰ ਉਛਾਲਾ ਨਹੀਂ, ਤਾਂਘ ਉਨ੍ਹਾਂ ਦੀ ਸਲਾਮਤੀ ਦੀ ਉੱਠਦੀ ਹੈ ਤੇ ਜਦੋਂ ਇਹ ਤਾਂਘ ਵਿਆਕੁਲਤਾ ਵੱਲ ਝੁਕਣ ਲਗਦੀ ਹੈ ਤਾਂ ਮਾਈ ਅਰਦਾਸ ਕਰਦੀ ਹੈ ਕਿ 'ਹੇ ਅਕਾਲ ਪੁਰਖ! ਆਪਣੇ ਨਿਵਾਜੇ ਪੁੱਤ ਨੂੰ ਆਪ ਰੱਖੀਂ। ਜਦੋਂ ਅਰਦਾਸ ਵਿਚ ਘਾਟ ਯਾ ਟੋਟ ਪੈਣ ਲੱਗੇ ਤਾਂ ਮਾਈ ਬਾਣੀ ਦਾ ਪਾਠ ਮਧੁਰ ਧੁਨਿ ਨਾਲ ਕਰਦੀ ਹੈ, ਪਿਆਰੇ ਦੀ ਸਿਫਤ ਸਲਾਹ ਵਿਚ ਜਾ ਵੱਸਦੀ ਹੈ, ਗੁਣ ਗਾਇਣ ਕਰੀ ਜਾਂਦੀ ਹੈ ਕਿ ਸਤਿਗੁਰੂ ਸਮਰੱਥ ਹੈ, ਪੂਰਨ ਹੈ ਸਭ ਉਸਦੇ ਚੋਜ ਹਨ, ਉਹ ਚੋਜੀ ਹੈ, ਅਰ ਸਰਬ ਸਮਰੱਥ ਹੈ। ਐਸੇ ਯਸ਼ ਕਰਦੀ ਯਸ਼ ਦੇ ਮੰਡਲ ਵਿਚੋਂ ਲੰਘਦੀ 'ਰਾਮ ਰਸ' ਵਿਚ ਅਡੋਲ ਹੋ ਜਾਂਦੀ ਹੈ।

ਡਾਕਦਾਰਨੀ - ਸਚਮੁਚ ਮਾਈ ਬੜੀ ਚੰਗੀ ਹੈ। ਜਿਸ ਨੂੰ ਇਕ ਤੋਂ ਇਕ ਸੱਟ ਵਧਵੀਂ ਪੈਂਦੀ ਹੈ, ਉਹ ਹਰ ਸੱਟ ਮਗਰੋਂ ਪਹਿਲੇ ਨਾਲੋਂ ਵਧੀਕ ਤਕੜੀ ਤੇ ਆਪਣੇ ਨਾਮ ਅਭਿਆਸ ਵਿਚ ਵਧੀਕ ਪੱਕੀ ਹੁੰਦੀ ਜਾਂਦੀ ਹੈ। ਇਹ ਗੱਲ ਵੀ ਇਥੇ ਠੀਕ ਦੱਸੀ ਹੈ ਕਿ ਜੀਕੂੰ ਸਤ ਓਪਰੇ ਦਾ ਦੁਖ ਸੁਣਕੇ ਪੱਥਰ ਦਿਲਾਂ ਨੂੰ ਮੂਲੋਂ ਕੁਝ ਨਹੀਂ ਹੁੰਦਾ, ਉਸਦਾ ਨਾਮ ਭਾਣਾ ਮਿੱਠਾ ਕਰ ਮੰਨਣਾ ਨਹੀਂ। ਠੀਕ ਉਹ ਤਾਂ ਕਠੋਰਤਾ ਹੈ ਤੇ ਜੜ੍ਹਤਾ ਹੈ। ਮੈਨੂੰ ਵੀ ਬੀਬੀ ਭੈਣ ਇਹ ਦਾਨ ਦੇਹਿ ਕਿ ਨਾਮ ਜਪਾਂ, ਨਾਮ ਸਿਮਰਾਂ, ਨਾਮ ਤੋਂ ਜੋ ਰਸ ਉਪਜਦਾ ਹੈ, ਸਭ ਰਸਾਂ ਤੋਂ ਉੱਚਾ ਉਹ ਰਸ ਮਾਣਾਂ ਤੇ ਦੁਖ ਪਏ ਤੇ ਉਸ ਨਾਮ ਦੇ ਰਸ ਰੰਗ ਵਿਚੋਂ ਨਾ ਨਿਕਲਾਂ। ਜੇ ਹਿਲਾਉ ਆਵੇ ਤਾਂ ਉਹ ਰਸ ਰੰਗ ਵਿਚ ਫੇਰ ਲੱਗ ਜਾਵਾਂ।

ਸੁਭਾਗ ਜੀ - ਭੈਣ ਜੀਓ! ਘਾਲ ਕਰਨੀ ਚਾਹੀਏ। ***'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ'*** ਬਾਕੀ ਮਿਹਰ ਗੁਰੂ ਪਰਮੇਸ਼ਰ ਦੇ ਹੱਥੀ ਹੈ। ਮੈਂ ਦਾਸੀ ਹਾਂ ਸਤਿਸੰਗ ਦੀ, ਮੇਰੀ ਅਰਦਾਸ ਹੈ ਗੁਰੂ ਤੁਸਾਂ ਤੇ ਤੁੱਠੇ। ਸ਼ੁਕਰ ਕਰੋ ਕਿ ਅਸੀਂ ਸਾਰੇ ਸਤਿਸੰਗ ਨੂੰ ਪ੍ਰਾਪਤ ਹਾਂ।

ਡਾਕਦਾਰਨੀ - ਮੈਂ ਤੁਹਾਡੀ ਕਥਾ ਵਿਚ ਅਟਕਾ ਪਾ ਦੇਂਦੀ ਹਾਂ, ਪਰ ਕਿਸੇ ਵੇਲੇ ਮੈਥੋਂ ਰਹਿ ਨਹੀਂ ਹੁੰਦਾ। ਕਿਰਪਾ ਕਰਕੇ ਅੱਗੋਂ ਸੁਣਾਓ।

ਸੁਭਾਗ - ਲਓ ਭੈਣ ਜੀ ਸੁਣੋ। ਅੱਗੋਂ ਪੋਥੀ ਐਉਂ ਟੁਰਦੀ ਹੈ -

ਕੁਝ ਦਿਨ ਲੰਘੇ ਤਾਂ ਫੇਰ ਖਬਰ ਆਈ ਕਿ "ਸਤਿਗੁਰ ਸਲਾਮਤ ਦੀਨੇ ਪੁਜ ਗਏ ਹਨ।" ਪਰ ਨਾਲ ਹੀ ਮੁਕਤਸਰ ਦਾ ਸਾਕਾ ਸੁਣਿਆ ਗਿਆ। ਕੀਕੂੰ ਮਾਝੇ ਦੇ ਪਿਆਰੇ ਸਿਖ ਸ਼ਹੀਦ ਹੋ ਗਏ? ਕੀਕੂੰ ਓਹ ਗੁਰੂ ਜੋਤਿ ਪਰ ਨਿਛਾਵਰ ਹੋਕੇ 'ਮੁਕਤਸਰ' ਆਪਣੀ ਨਿਸ਼ਾਨੀ ਜਗਤ ਪਰ ਛਡ ਗਏ ਹਨ? ਕੀਕੂੰ ਸਤਿਗੁਰ ਨੇ ਚਮਕੌਰ ਤੋਂ ਲੈਕੇ ਉਥੋਂ ਤਕ ਖੇਦ ਝੱਲੇ ਤੇ ਕੀਕੂੰ ਮਾਲਵੇ ਪੁੱਜੇ ਹਨ? ਹਾਂ ਜੀ, ਏਥੇ ਹੀ ਬੱਸ ਨਹੀਂ, ਨਾਲ ਹੀ ਇਹ ਖਬਰ ਵੀ ਪੁੱਜੀ ਕਿ -

ਛੋਟੇ ਦੋਵੇਂ ਲਾਲ ਸਰਹਿੰਦ ਵਿਚ ਕੀਕੂੰ ਸ਼ਹੀਦ ਹੋਏ ਹਨ ਤੇ ਕੀਕੂੰ ਕਸ਼ਟ ਸਹਿਕੇ ਉਹਨਾਂ ਨੇ ਪ੍ਰਾਣ ਦਿੱਤੇ ਹਨ ਪਰ ਧਰਮ ਨਹੀਂ ਦਿੱਤਾ। ਸਾਰੇ ਸਾਕੇ ਵਿਸਥਾਰ ਨਾਲ ਸੁਣੇ, ਸੁਣਕੇ ਇਕ ਚੱਕਰ ਆਇਆ। ਐਸਾ ਚੱਕਰ ਆਇਆ ਕਿ ਆਪਾ ਭੁੱਲ ਗਿਆ। ਮਾਈ ਨੇ ਬੂਹੇ ਮਾਰ ਲਏ, ਮੂਧੜੇ ਮੂੰਹ ਲੰਮੀ ਪੈ ਗਈ ਅਰ ਪਹਿਰ ਰਾਤ ਗਈ ਤਕ ਬੇਸੁਧ ਪਈ ਰਹੀ। ਸੱਜਣ ਸੰਬੰਧੀ ਆਏ, ਬੂਹੇ ਖੜਕਾਏ ਪਰ ਮਾਈ ਨੇ ਨਾ ਸੁਣਿਆਂ ਨਾ ਆਵਾਜ਼ ਦਿੱਤੀ। ਸਭ ਮੁੜ ਮੁੜ ਗਏ, ਮੁੜ ਮੁੜ ਆਏ ਫੇਰ ਮੁੜ ਮੁੜ ਗਏ।

ਪਹਿਲੇ ਪਹਿਰ ਬੀਤੇ ਤੇ ਮਾਈ ਦੀ ਮੂਰਛਾ ਖੁੱਲ੍ਹੀ। ਲੰਮਾ ਸਾਹ ਆਇਆ ਮਨਾਂ! ਮੈਂ ਕਿੱਥੇ ਸਾਂ ਤੇ ਕਿਥੇ ਹਾਂ? ਕੀਹ ਹੋਇਆ, ਸੰਸਾਰ ਕਾਲਾ ਹੈ, ਕੁਛ ਬਾਕੀ ਹੈ ਹੀ ਨਹੀਂ? ਪਰ ਪਲ ਮਗਰੋਂ ਅੱਖਾਂ ਅੱਗੇ ਕੰਧ, ਕੰਧ ਵਿਚ ਚਿਣੀਂਦੇ ਦੁਹਿਤੇ, ਜਲਾਦ ਤਲਵਾਰ ਖਿੱਚੀ ਸਿਰ ਤੇ ਖੜੇ ਨਜ਼ਰ ਪਏ, ਮਾਈ ਬੇਤਾਬ ਹੋ ਗਈ। ਫੇਰ ਮਮਤਾ ਨੇ ਜ਼ੋਰ ਦਿੱਤਾ ਤੇ ਨਜ਼ਰ ਸਾਹਿਬਜ਼ਾਦਿਆਂ ਦੇ ਚਿਹਰੇ ਪਰ ਟਿਕੀ, ਹੋਰ ਟਿਕੀ, ਟਿਕਦੀ ਟਿਕਦੀ ਟਿਕ ਗਈ ਤਾਂ ਉਹ ਮਾਸੂਮ, ਨਿਤਾਣੇ ਬੱਚੇ ਜ਼ੋਰਾਵਰਾਂ ਦੇ ਅੱਗੇ ਭੇਡ ਬੱਕਰੀ ਵਾਂਗੂੰ ਕੁਹੀਣ ਲਈ ਪਰਵੱਸ ਬੇਵੱਸ ਖੜੇ ਚਿਨੀਣ ਦੀ ਥਾਂ ਐਉਂ ਦਿੱਸੇ ਜਿਕੂੰ ਤੇਜ ਭਰੇ ਦੋ ਸੂਰਜ ਖੜੇ ਹਨ। ਚਿਹਰੇ ਸਹਿਮ ਵਾਲੇ ਨਹੀਂ, ਤਕੜੇ ਹਨ, ਨੂਰ ਝਰ ਰਿਹਾ ਹੈ। ਡਰ ਨਹੀਂ ਰਹੇ, ਪਰ ਅਭੈ ਹਨ, ਮੌਤ ਨੂੰ ਮਖੌਲ ਨਾਲ ਤੱਕ ਰਹੇ ਹਨ। ਮਾਈ ਦਾ ਧਿਆਨ ਜੁੜਦਾ ਗਿਆ ਤੇ ਬੱਚਿਆਂ ਦਾ ਜਲਾਲ ਤੇ ਤੇਜ ਵਧਦਾ ਗਿਆ। ਕੁਛ ਚਿਰ ਬੀਤਿਆ ਤਾਂ ਮਾਈ ਦਾ ਟਿਕਾਉ ਹਿੱਲਿਆ ਕੀ ਵੇਖਦੀ ਹੈ ਕਿ ਦਿਲ ਖੜੋ ਗਿਆ ਹੈ, ਹਾਵਾ ਨਹੀਂ ਰਿਹਾ, ਬੋਲੀ ਉਠ ਹੇ ਪਾਪੀ ਮਨ! ਦੇਖ ਤੇਜ ਦੇ ਪੁੱਤਰ ਤੇ ਜਲਾਲ ਦੇ ਵਾਪਸ ਸ੍ਰਿਸ਼ਟੀ ਦਾ ਭਾਰ

ਹਰ ਗਏ ਹਨ ਤੇ ਤੂੰ ਸਮਝ ਰਿਹਾ ਹੈਂ ਕਿ ਇਹ ਨਿਤਾਣੇ ਬਾਲ ਕੋਹੇ ਗਏ ਤੇ ਮਾਂ ਪਿਉ ਤੋਂ ਵਿਛੁੜੇ ਜ਼ਾਲਮਾਂ ਦੇ ਹੱਥ ਵਿਚ ਨਿਰਦਯਤਾ ਨਾਲ ਮਾਰੇ ਗਏ। ਤੇਰੀ ਭਾਰੀ ਭੁੱਲ ਹੈ। ਹੇ ਪਾਪੀ ਮਨ! ਤੂੰ ਕਦੇ ਨਾ ਸਾਨੂੰ ਆਪਣੇ ਤੋਂ ਉਚੇਰੇ ਸੁਖ ਵਿਚ ਜਾਣ ਦਿੱਤਾ, ਸਦਾ ਆਪਣੇ ਸੁਆਦਾਂ ਤੇ ਆਪਣੇ ਕਸ਼ਟਾਂ ਵਿਚ ਨੱਪੀ ਰਖਿਆ। (ਠੰਢਾ ਸਾਹ ਲੈਕੇ ) 'ਵਾਹ ਵਾਹ! ਚਾਨਣ ਦੇ ਜਾਇਓ ਲਾਲ ਬੱਚਿਓ! ਧੰਨ ਤੁਸੀਂ, ਧੰਨ ਕਰਨੀ, ਧੰਨ ਪਿਤਾ, ਧੰਨ ਮਾਤਾ, ਧੰਨ ਮੈਂ! ਠੀਕ ਮੈਂ ਭੀ ਧੰਨ, ਤੁਸਾਂ ਨਾਲ ਮੇਰਾ ਭੀ ਖ਼ੂਨ ਦਾ ਰਿਸ਼ਤਾ ਹੈ, ਮੈਂ ਭੀ ਧੰਨ।' ਇਸ ਦਰਸ਼ਨ ਵਿਚ ਸੁਰਜੀਤ ਹੋਕੇ ਮਾਈ ਉਠੀ, ਧੰਨ! ਧੰਨ! ਧੰਨ! ਦੀ ਸੁਰ ਮੂੰਹ ਤੇ ਹੈ ਤੇ ਤੇਜ ਦਾ ਜਲਾਲ ਦਾ ਝਲਕਾ ਆਲੇ ਦੁਆਲੇ ਦਿੱਸ ਰਿਹਾ ਹੈ। ਉੱਠੀ ਮੂੰਹ ਹੱਥ ਧੋਤਾ, ਬੂਹਾ ਖੁਹਲਿਆ, ਚੰਦ ਦਾ ਚਾਨਣਾ ਵਿਹੜੇ ਵਿਚ ਪੈ ਰਿਹਾ ਸੀ, ਵੇਖ ਕੇ ਬੇਵੱਸ ਕੂਕ ਉਠੀ -

*ਮੁਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥*
*ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥*

ਵਿਹੜੇ ਵਿਚ ਨਿਰਾ ਅਕਾਸ਼ਾਂ ਦਾ ਚੰਦ ਹੀ ਨਹੀਂ ਸੀ, ਕਲਗੀਆਂ ਵਾਲੇ ਦੇ ਦੋ ਚਾਰ ਚੰਦ ਭੀ ਬੈਠੇ ਸਨ। ਇਹ ਚੰਦ ਸਤਿਸੰਗੀ ਸਨ, ਮਾਈਆਂ ਤੇ ਸਿੰਘ ਸਨ। ਬੈਠੇ ਸਨ ਕਿ ਜਦ ਮਾਈ ਬੂਹਾ ਖੋਹਲੇਗੀ ਤਦੋਂ ਹੀ ਸਹੀ, ਸਾਨੂੰ ਵੇਖ ਕੇ ਮਾਈ ਉਸ ਵੇਲੇ ਇਕਲ ਵਿਚ ਹੋਰ ਉਦਾਸ ਨਾ ਹੋਵੇਗੀ। ਜਦੋਂ ਇਨ੍ਹਾਂ ਨੇ ਡਿੱਠਾ ਕਿ ਮਾਈ ਗੁਰਬਾਣੀ ਗਾਉਂਦੀ ਨਿਕਲੀ ਹੈ, ਖੜ ਗਏ। ਮਾਈ ਨੇ ਫਤਹ ਗਜਾਈ ਤੇ ਆਖਿਆ "ਧੰਨ ਸਤਿਸੰਗ ਹੈ, ਧੰਨ ਕਲਗੀਆਂ ਵਾਲੇ ਦੀ ਵਾੜੀ ਹੈ, ਧੰਨ ਨਿਸ਼ਕਾਮ ਪ੍ਰੇਮ ਹੈ, ਧੰਨ ਸਿੱਖੀ ਹੈ, ਧੰਨ ਪਿਆਰੇ ਦੀ ਵਾੜੀ। ਲਾਲੋ! ਮੈਂ ਰੁੜ੍ਹ ਗਈ ਸਾਂ, ਅਣਹੋਂਦ ਵਿਚ ਚਲੀ ਗਈ ਸਾਂ, ਮੈਂ ਜਾਤਾ ਲਾਲ ਬੁਝ ਗਏ ਵਿਲੂੰਧਰੇ ਗਏ, ਪਰ ਹਾਇ! ਮੈਂ ਨਿਖੁੱਟੀ ਤੇ ਨਿਖੁੱਟਾ ਇਹ ਮਨ, ਜੋ ਸਦਾ ਨੀਵੀਆਂ ਗਲੀਆਂ ਵਿਚ ਲੈ ਵੜਦਾ ਹੈ। ਲਾਲ ਭੀ ਕਦੇ ਗੁੱਝੇ ਰਹਿ ਸਕਦੇ ਹਨ? ਉਹ ਸਦਾ ਚਮਕਦੇ ਹਨ। ਲਾਲ ਤਾਂ ਸ੍ਰਿਸ਼ਟੀ ਦਾ ਭਾਰ ਹਰਨ ਆਏ ਸਨ, ਆਪਣਾ ਆਪ ਦੇ ਕੇ ਭਾਰ ਹਰ ਲਿਆ। ਉਹ ਮੇਰੇ ਦੁਹਿਤੇ ਹਨ? ਮੇਰੀ ਭੁੱਲ ਹੈ, ਉਹ ਨੂਰ ਦੇ ਜਾਏ ਸਨ, ਮੈਨੂੰ ਮਾਨ ਦੇਣ ਵਾਸਤੇ ਮੇਰੇ ਲਹੂ ਦੇ ਸਾਕ ਬਣੇ ਸਨ। ਉਹ ਰੱਬੀ ਤੇ ਨੂਰੀ ਬੰਦੇ ਸਨ ਜੋ ਬੱਧੀ ਛੁਡਾਵਣ ਆਏ ਸਨ, ਛੁਡਾ ਗਏ। ਦਿਓ ਅਸੀਸ -

*ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥*
*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥*
*ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥*
*ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥*

ਸੋ ਦਿਓ ਅਸੀਸ!

ਸਤਿਸੰਗੀ ਵਾਹਿਗੁਰੂ ਦੇ ਸ਼ੁਕਰ ਵਿਚ ਭਰ ਗਏ ਤੇ ਗਾਵੇਂ -

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਕਿ ਅਗਨਿ ਮਹਿ ਆਹਾਰੁ ਪਹੁਚਾਵਏ॥*
*ਓਸਨੋ ਕਿਹੁ ਪੋਹਿ ਨ ਸਕੀ*
*ਜਿਸ ਨਉ ਆਪਣੀ ਲਿਵ ਲਾਵਏ॥*
*ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥*
*ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥*

ਮਾਈ ਨੂੰ ਇਸ ਸੁਖ ਵਿਚ ਵੇਖਕੇ ਸਾਰੇ ਸੁਖੀ ਹੋਏ। ਮਾਈ ਨੇ ਹੁਣ ਪਿਆਰ ਨਾਲ ਸਾਰੇ ਵਿਦਾ ਕੀਤਾ। ਭਾਵੇਂ ਸਰਦੀ ਅਤਿ ਸੀ, ਪਰ ਮਾਈ ਚੰਦ ਦੀ ਚਾਨਣੀ ਵਿਚ ਕੁਛ ਚਿਰ ਟਹਿਲਦੀ ਰਹੀ ਤੇ ਅਨੰਦ ਸਾਹਿਬ ਜੀ ਦਾ ਪਾਠ ਕਰਦੀ ਰਹੀ, ਫੇਰ ਅੰਦਰ ਆ ਕੇ ਸੌਂ ਗਈ।

ਸੁੱਤੀ ਦੇ ਆਤਮਾ ਉਤੇ ਮਨ ਨੇ ਜ਼ੋਰ ਪਾ ਲਿਆ, ਮਨ ਉਤੇ ਸਰੀਰ ਨੇ ਜ਼ੋਰ ਪਾ ਲਿਆ। ਦੇਖੋ ਇਸ ਸਰੀਰ ਵਿਚ ਮਾਸ ਦਾ ਕਿਤਨਾ ਬਲ ਹੈ? ਸੁਪਨਾ ਦੇਖਦੀ ਹੈ ਕਿ ਬੱਚੇ ਕੰਧ ਵਿਚ ਚਿਣੇ ਜਾ ਰਹੇ ਹਨ, ਬਿਹਬਲ ਹੋ ਕੇ ਮਾਈ ਨੀਂਦ ਵਿਚ ਹੀ ਪਾਸ ਜਾ ਖਲੋਂਦੀ ਹੈ। ਬੱਚਿਆਂ ਨੂੰ ਕੱਢਦੀ ਹੈ। ਪਰ ਜਰਵਾਣੇ ਕੱਢਣ ਨਹੀਂ ਦੇਂਦੇ। ਇਸੇ ਖਿੱਚਾ ਖਿੱਚੀ ਵਿਚ ਕੰਧ ਚਿਣੀ ਜਾਂਦੀ ਹੈ ਤੇ ਮਾਈ ਬੀ ਵਿਚੇ ਚਿਣੀ ਜਾਂਦੀ ਹੈ। ਹੁਣ ਅੰਦਰ ਦਮ ਘੁਟੀਣ ਲੱਗਾ। ਨਾਲੇ ਬੱਚਿਆਂ ਦਾ ਦਮ ਘੁਟੀਂਦਾ ਹੈ, ਨਾਲੇ ਆਪਣਾ। ਅਤਿ ਕਸ਼ਟ ਦਾ ਸਾਮ੍ਹਣਾ ਹੋਇਆ, ਤੜਫ ਤੜਫਕੇ ਮਾਈ ਦੀ ਜਾਨ ਨਿਕਲੀ। ਜਾਨ ਇੱਟਾਂ ਵਿਚੋਂ ਰਾਹ ਲੱਭਦੀ ਹੈ ਤੇ ਰਾਹ ਨਹੀਂ ਲੱਭਦਾ। ਮਾਈ ਨੂੰ ਅਸਚਰਜ ਅੰਧਕਾਰ ਦਾ ਸਾਮ੍ਹਣਾ ਕਰਨਾ ਪੈ ਗਿਆ। ਮੁਸ਼ਕਲ ਨਾਲ ਇਕ ਛੇਕ ਜੋ ਰਾਜਾਂ ਤੋਂ ਰਹਿ ਗਿਆ ਸੀ, ਦਿੱਸਿਆ, ਉਸ ਵਿਚ ਬੱਚਿਆਂ ਦੀ ਜਾਨ ਬਾਹਰ ਜਾ ਰਹੀ ਸੀ ਜੋ ਫਸ ਫਸ ਕੇ ਨਿਕਲੀ। ਫੇਰ ਮਾਈ ਬੀ ਲੱਗੀ ਉਸੇ ਰਾਹ ਨਿਕਲਣ ਪਰ ਵਹਿਮ ਉਠੇ ਕਿ ਮੈਂ ਵੱਡੀ ਹਾਂ, ਰਾਹ ਤੰਗ ਹੈ, ਕੀਕੂੰ ਨਿਕਲਾਂ? ਪਰ ਫੇਰ ਹੋਰ ਕੋਈ ਰਾਹ ਸੀ ਨਹੀਂ, ਇਸੇ ਰਾਹ ਵਿਚ ਸਿਰ ਫਸਾਇਆ, ਬੜੇ ਕਸ਼ਟ ਨਾਲ ਫਸ ਫਸ ਖਿਚੀਜ ਖਿਚੀਜ ਕੇ ਬਾਹਰ ਨਿਕਲੀ, ਸ਼ੁਕਰ ਕੀਤਾ, ਪਰ ਬੱਚੇ ਨਹੀਂ ਲੱਭਦੇ। ਇਸ ਵਿਆਕੁਲਤਾ ਵਿਚ ਇਧਰ ਜਾ ਉਧਰ ਜਾ, ਵਾਜਾਂ ਮਾਰ, ਆਖਰ ਜਾਗ ਖੁੱਲੀ। ਕੀ ਦੇਖਦੀ ਹੈ ਕਿ ਆਪਣੇ ਬਿਸਤ੍ਰੇ ਪਰ ਹਾਂ, ਝਰੋਖੇ ਵਿਚੋਂ ਚਾਂਦਨੀ ਦੀ ਲਸ ਅੰਦਰ ਪੈ ਰਹੀ

ਹੈ, ਬਦਨ ਗਰਮ ਹੈ, ਛਾਤੀ ਧੁਖ ਰਹੀ ਹੈ ਤੇ ਸਿਰ ਦੀਆਂ ਪੁੜਪੁੜੀਆਂ ਤਪ ਰਹੀਆਂ ਤੇ ਤ੍ਰੱਪ ਤ੍ਰੱਪ ਕਰ ਰਹੀਆਂ ਹਨ। ਉਠ ਕੇ ਬੈਠ ਗਈ, ਵਾਹਿਗੁਰੂ ਆਖਿਆ, ਪਾਣੀ ਦਾ ਘੁੱਟ ਪੀਤਾ। ਪਰ ਸੁਰਤ ਗਿਰ ਚੁਕੀ ਸੀ, ਮਨ ਉਦਾਸੀ ਵਿਚ ਸੀ, ਸਹਿਮ ਵਿਚ ਸੀ, ਕਸ਼ਟ ਵਿਚ ਸੀ। ਅੱਖਾਂ ਅੱਗੇ ਜ਼ਿੰਦਗੀ ਦੇ ਕਸ਼ਟ ਫਿਰ ਰਹੇ ਸਨ। ਸੁੱਤੀ ਕਿਸ ਰੰਗ ਸੀ, ਜਾਗੀ ਕਿਸ ਹਾਲ ਹੈ? ਨੀਂਦ ਵਿਚ ਮੁੱਠੀ ਗਈ। ਹਾਇ! ਭਗਤ ਜਨ ਤਦੇ ਕੂਕਦੇ ਹਨ

***ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਜਾਗੁ॥***
***ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥***

ਹੁਣ ਫੇਰ ਜੁੱਧ ਜਾਰੀ ਹੈ, ਮਨ ਅੰਦਰਲੇ ਨੂੰ ਉੱਠਣ ਨਹੀਂ ਦੇਂਦਾ, ਪਰ ਉਹ ਡਾਢੇ ਜ਼ੋਰ ਵਿਚ ਉੱਚਾ ਹੋ ਰਿਹਾ ਹੈ। ਇਸ ਨਿਕੰਮੇ ਸੁਪਨੇ ਨੂੰ ਮਾਈ ਨੇ ਵਗਾਹ ਮਾਰਿਆ ਤੇ ਇਸ ਨੂੰ ਤਮੋਗੁਣ ਦਾ ਨਕਸ਼ਾ ਜਾਣ ਕੇ ਤੋੜਿਆ। ਜੋ ਗਮ ਦੇ ਨਕਸ਼ੇ ਤੇ ਹਾਹੁਕੇ ਉਠਦੇ ਹਨ, ਉਨ੍ਹਾਂ ਪਰ ਅੰਦਰੋਂ ਹੀ ਸਮਝ ਤੇ ਵਿਚਾਰ ਸੁਣਦੀ ਹੈ। ਨਾਮ ਦਾ ਚੱਕਰ ਬੀ ਚਲ ਰਿਹਾ ਹੈ। ਕੁਛ ਤਪ ਦਾ ਜ਼ੋਰ ਹੈ ਜੋ ਵਾਹ ਨਹੀਂ ਲਗਣ ਦੇਂਦਾ। ਮਾਈ ਨੇ ਅਖੀਰ ਜਪੁ ਸਾਹਿਬ ਦੇ ਪਾਠ ਅਰੰਭੇ -

***ਆਦੇਸੁ ਤਿਸੈ ਆਦੇਸੁ॥***
***ਆਦਿ ਅਨੀਲੁ ਅਨਾਦਿ ਅਨਾਹਿਤ***
***ਜੁਗੁ ਜੁਗੁ ਏਕੋ ਵੇਸੁ॥***

ਤੇ ਆਪੇ ਸਿਰ ਧਰਤੀ ਤੇ ਰੱਖਕੇ ਆਦੇਸ ਵਿਚ ਪੈ ਗਈ। ਇਸੇ ਹਾਲ ਇਕਾਗ੍ਰਤਾ ਛਾ ਗਈ। ਕੜਕ ਜਿਹਾ ਹੋਕੇ ਟਿਕਾਉ ਆ ਗਿਆ, ਠੰਢ ਪੈ ਗਈ। ਚਾਰਵੇਰ ਆਦੇਸ ਤਿਸੈ ਆਦੇਸੁ ਦੇ ਬਾਦ ਮੁੜ੍ਹਕਾ ਪੈ ਗਿਆ, ਸਰੀਰ ਠਰ ਗਿਆ, ਮਨ ਠਰ ਗਿਆ, ਅੰਦਰਲੇ ਨੇ ਆਵਾਜ਼ ਦਿੱਤੀ- ਦਾਉ ਨਾ ਖਾਯਾ ਕਰੋ, ਉਨਮਨ ਰਿਹਾ ਕਰੋ, ਲਿਵ ਤੋਂ ਬਾਹਰ ਨਾ ਜਾਇਆ ਕਰੋ, ਹੇਠਾਂ ਤਾ ਹਾਵੇ ਦਾ ਦੋਸ਼ ਹੈ ਤੇ ਉਪਰ ਸੁਖ ਦਾ ਟਿਕਾਣਾ ਹੈ, ਸਦਾ ਉੱਚੇ ਰਹੋ, ਵਾਹਿਗੁਰੂ ਵਲ ਧਿਆਨ ਰਹੇ, ਧਿਆਨ ਬੜੀ ਸ਼ਕਤੀ ਹੈ, ***'ਪੰਚਾ ਕਾ ਗੁਰੁ ਏਕੁ ਧਿਆਨੁ॥'*** ਮਨ ਚਾਹੁੰਦਾ ਹੈ ਕਿ ਅੰਦਰਲੇ ਦਾ ਧਿਆਨ ਦ੍ਰਿਸ਼ਟਮਾਨ ਵਿਚ ਫਸਿਆ ਰਹੇ, ਤੁਸੀਂ ਜਤਨ ਕਰੋ ਕਿ ਧਿਆਨ ਮਨ ਤੋਂ ਉੱਚਾ ਸਦਾ ਵਾਹਿਗੁਰੂ ਦੀ ਸ਼ਰਨ ਪ੍ਰਾਪਤ ਰਹੇ। 'ਵਾਹਿਗੁਰੂ ਦੀ ਸ਼ਰਨ ਗਿਆਂ ਧਿਆਨ ਮਨ ਤੋਂ ਉੱਚਾ ਰਹਿੰਦਾ ਹੈ! ਧਿਆਨ ਜਿਧਰ ਹੋਵੇ ਉਸਦਾ ਰੂਪ ਹੋ ਜਾਈਦਾ ਹੈ, ਵਾਹਿਗੁਰੂ ਦਾ ਧਿਆਨ ਕਰਨ ਵਾਲਾ ਵਾਹਿਗੁਰੂ ਨੂੰ ਅੰਦਰ ਵਸਾ ਕੇ 'ਵਾਹਿਗੁਰੂ ਜੋ ਸੁਖ ਰੂਪ ਹੈ' ਸੁਖੀ ਹੋ ਜਾਂਦਾ ਹੈ। ਇਹ ਵਿਚਾਰ ਆਕੇ ਮਾਈ ਠਰ ਗਈ। ਹੁਣ ਚਿੱਤ ਨੂੰ ਇਕ ਤਾਕਤ ਪ੍ਰਤੀਤ ਦੇਂਦੀ ਹੈ। ਉਸ ਵਿਚ ਇਸ ਤਰ੍ਹਾਂ ਦੀ ਸ਼ਕਤੀ ਦਿੱਸਦੀ ਹੈ ਕਿ ਓਹ ਦ੍ਰਿਸ਼ਟਾ ਹੋ ਰਿਹਾ ਹੈ, ਦੇਖਣਹਾਰ ਹੈ। ਜੋ ਕੌਤਕ ਹੋਏ ਵਰਤੇ ਸੁਣੇ ਹਨ, ਓਹਨਾਂ ਕੌਤਕਾਂ ਨੂੰ ਕਿਸੇ ਮਹਾਂ ਰੱਬੀ ਪ੍ਰਯੋਜਨ ਦੇ ਤੱਕਦੀ ਹੈ, ਜਿਨ੍ਹਾਂ ਦੇ ਹੋਣ ਵਿਚ ਕਿ ਰੁਕਣ ਵਿਚ ਮਾਈ ਦਾ ਕੋਈ ਹੱਥ ਯਾ ਵਸ ਨਹੀਂ ਹੈ। ਇਸ ਨੇ ਕੇਵਲ ਦੇਖਣਾ ਤੇ ਦੇਖਦੇ ਹੋਏ ਵਾਹਿਗੁਰੂ ਦੇ ਘਰ ਵਿਚ ਉਚਿਆਂ ਰਹਿਣਾ ਹੈ, ਰਜ਼ਾ ਸਮਝਣੀ ਹੈ। ਜੋ ਹੋ ਰਿਹਾ ਹੈ ਸੋ ਰਜ਼ਾ ਹੈ ਤੇ ਅਸਾਂ ਅੰਦਰਲੇ ਦਾ ਰੁਖ ਵਾਹਿਗੁਰੂ ਦੀ ਚਰਨ ਸ਼ਰਨ ਵਲ ਰੱਖਣਾ ਹੈ। ਹਾਂ, ਤਰਲਾ ਇਹ ਹੈ ਕਿ ਸਰਨ ਤੋਂ ਨਾਂ ਉਖੜੀਏ! ਸੋ ਹੁਣ ਮਾਈ ਇਸ ਰੰਗ ਵਿਚ ਆ ਕੇ ਉੱਠੀ, ਅੰਮ੍ਰਿਤ ਵੇਲੇ ਦਾ ਕੁਛ ਹਿੱਸਾ ਲੰਘ ਚੁਕਾ ਸੀ, ਫਿਰ ਵੀ ਹਿੰਮਤ ਕਰਕੇ ਗੁਰਦਵਾਰੇ ਅੱਪੜ ਗਈ। ਗੁਰਦਵਾਰੇ ਸੰਗਤ ਘੱਟ ਸੀ, ਕਿਉਂਕਿ ਕਈ ਅਤਿ ਪ੍ਰੇਮੀ ਸਤਿਗੁਰ ਦੇ ਚਮਕੌਰ ਵਾਲੇ ਸਾਰੇ ਦੇ ਹਾਲ ਸੁਣਕੇ ਟੁਰ ਗਏ ਸਨ ਕਿ ਕਿਤੇ ਪੁੱਜਕੇ ਕੋਈ ਸੇਵਾ ਕਰ ਸਕੀਏ। ਅੱਜ ਭੀ ਦੋ ਚਾਰ ਸੱਜਣ ਟੁਰੇ ਸਨ ਕਿਉਂਕਿ ਹੁਣ ਮਹਾਰਾਜ ਜੀ ਦੇ ਮਾਲਵੇ ਪੁੱਜਣ ਦੀ ਖਬਰ ਮਿਲ ਗਈ ਸੀ। ਸੋ ਭਾਵੇਂ ਪ੍ਰੇਮੀ ਥੋੜੇ ਸਨ ਤਦ ਵੀ ਸ਼ਬਦ ਰੰਗਣ ਗੁਰਦਵਾਰੇ ਵਿਚ ਸ਼ਾਂਤੀ ਦਾ ਪ੍ਰਭਾਵ ਕਾਫੀ ਪ੍ਰਕਾਸ਼ ਕਰ ਰਹੀ ਸੀ। ਇਥੇ ਆਕੇ ਕੀਰਤਨ ਦੇ ਰੰਗ ਵਿਚ ਚਿੱਤ ਹੋਰ ਜੁੜ ਗਿਆ। ਸ਼ਬਦਾਂ ਦਾ ਭਾਵ ਮਨ ਵਿਚ ਰਜ਼ਾ ਦੀ ਸਿਖਯਾ ਦੇਣ ਵਾਲਾ ਸੀ। ਇਸੇ ਰੰਗ ਵਿਚ ਰਾਤ ਬੀਤ ਗਈ ਅਰ ਬੀਤ ਗਈ ਮਾਤਾ ਦੀ ਪੰਜਵੀਂ ਔਖੀ ਰਾਤ।

ਡਾਕਦਾਰਨੀ - ਬੜੀ ਕਸ਼ਟ ਭਰੀ ਹੋਣੀ ਵਰਤੀ। ਪਰ ਮਾਈ ਦਾ ਮਨ ਹੁਣ ਹੋਰ ਉੱਚਾ ਹੋ ਗਿਆ ਹੈ। ਕਿਸ ਤਰ੍ਹਾਂ ਨਿਭੀ ਹੈ ਕਿ ਕੀਕੂੰ ਹੁਣ ਨਾਮ ਰੰਗ ਵਿਚ ਉਸਦਾ ਆਪਣਾ ਉੱਦਮ ਤੇ ਬਲ ਵਧ ਗਿਆ ਹੈ।

ਸੁਭਾਗ ਜੀ - ਤੁਸਾਂ ਠੀਕ ਸਮਝਿਆ ਹੈ।

ਡਾਕਦਾਰਨੀ - ਬੜੀ ਸਿੱਖਿਆ ਮਿਲੀ ਹੈ। ਵਾਹ ਵਾ! ਹੁਣ ਅਗਲੀ ਸੁਣਾਓ ਰਾਤ।

ਸੁਭਾਗ ਜੀ - ਸੁਣੋ।

***'ਚਲਦਾ'***

# ਚੜ੍ਹਦੀ ਕਲਾ

*ਰਘਬੀਰ ਸਿੰਘ 'ਬੀਰ'*

## ਆਦਮੀ

ਆਦਮੀ ਦੀਆਂ ਸਾਰੀਆਂ ਮੁਸ਼ਕਲਾਂ, ਮੁਸੀਬਤਾਂ, ਨਾ-ਕਾਮਯਾਬੀਆਂ, ਉਸ ਦੀ ਸਾਰੀ ਪ੍ਰੇਸ਼ਾਨੀ, ਨਿਰਾਸਤਾ, ਚਿੰਤਾ, ਡਰ, ਬਿਮਾਰੀ ਆਪਣੇ ਆਪ ਦੇ ਨਾ ਸਮਝਣ ਕਰਕੇ ਹੈ। ਦੁਨੀਆਂ ਵਿਚ ਅਨੇਕਾਂ ਚੀਜ਼ਾਂ ਹਨ ਜਿਨ੍ਹਾਂ ਦਾ ਗਿਆਨ ਹਾਸਲ ਕਰਨ ਵਾਸਤੇ ਇਨਸਾਨ ਸਾਰੀ ਉਮਰ ਖਰਚ ਕਰ ਦੇਂਦਾ ਹੈ, ਪਰ ਆਪਣੇ ਆਪ ਨੂੰ ਸਮਝਣ ਵਾਸਤੇ ਹਜ਼ਾਰਾਂ ਵਿਚੋਂ ਇਕ ਆਦਮੀ ਤਿਆਰ ਨਹੀਂ ਦਿਸਦਾ। ਆਪਣੇ ਆਪ ਦੀ ਅਗਿਆਨਤਾ ਕਰਕੇ ਆਦਮੀ ਨੂੰ ਆਪਣੇ ਆਪ ਨੂੰ ਹਾਲਾਤ ਦੇ ਤਰਸ ਉਤੇ ਛੱਡਣਾ ਪੈਂਦਾ ਹੈ। ਜਿਵੇਂ ਹਵਾ ਸੜਕ ਦੇ ਪੱਤੇ ਨੂੰ ਜਿਸ ਤਰਫ ਜੀ ਕਰੇ ਉਡਾ ਲੈ ਜਾਂਦੀ ਹੈ, ਉਸੇ ਤਰ੍ਹਾਂ ਆਦਮੀ ਨੂੰ ਆਪਣਾ ਗਿਆਨ ਨਾ ਹੋਣ ਕਰਕੇ ਸਮੇਂ ਦੇ ਹਾਲਾਤ ਆਪਣੇ ਰੁਖ ਅਨੁਸਾਰ ਭਟਕਾਂਦੇ ਹਨ। ਆਪਣੇ ਆਪ ਦੀ ਨਾਵਾਕਫ਼ੀ ਕਰਕੇ ਹਜ਼ਾਰਾਂ ਵਿਚੋਂ ਇਕ ਆਦਮੀ ਵੀ ਐਸਾ ਨਜ਼ਰ ਨਹੀਂ ਆਉਂਦਾ, ਜਿਸ ਦੀ ਖਾਸ ਆਪਣੀ ਕੋਈ ਸ਼ਖਸੀਅਤ (Personality) ਹੋਵੇ, ਜੋ ਹਾਲਾਤ ਨੂੰ ਆਪਣੀ ਮਰਜ਼ੀ ਅਨੁਸਾਰ ਜੋੜਨ ਦਾ ਬਲ ਰਖਦਾ ਹੋਵੇ।

ਹੁੰਦਿਆਂ ਸੁੰਦਿਆਂ ਜੇ ਕੋਈ ਥੁੜ ਕੇ ਰਹੇ ਤਾਂ ਉਸ ਵਰਗਾ ਕੋਈ ਬਦਕਿਸਮਤ ਨਹੀਂ। ਮਿਸਾਲ ਦੇ ਤੌਰ ਤੇ ਜਿਸ ਆਦਮੀ ਦੇ ਪਿਤਾ ਦੀ ਅਲਮਾਰੀ ਵਿਚ ਲੱਖਾਂ ਰੁਪਏ ਪਏ ਹੋਣ ਅਤੇ ਪਿਤਾ ਨੇ ਉਸ ਦੀਆਂ ਚਾਬੀਆਂ ਪੁੱਤਰ ਦੇ ਹੱਥ ਸੌਂਪ ਦਿਤੀਆਂ ਹੋਣ, ਜੇ ਉਹ ਚਾਬੀ ਲਾ ਕੇ ਅਲਮਾਰੀ ਖੋਲ੍ਹਣ ਦਾ ਵਲ ਸਿਖਣ ਦੀ ਬਜਾਏ ਗਵਾਂਢੀਆਂ ਦੀ ਸੇਵਾ ਕਰਕੇ ਰੋਟੀ ਖਾਵੇ, ਜਾਂ ਬਾਜ਼ਾਰ ਵਿਚ ਆਉਂਦੇ ਜਾਂਦੇ ਪਾਸੋਂ ਹੱਥ ਟੱਡ ਕੇ ਭੀਖ ਮੰਗਦਾ ਫਿਰੇ ਤਾਂ ਉਸ ਨਾਲੋਂ ਜ਼ਿਆਦਾ ਬਦਕਿਸਮਤ ਹੋਰ ਕੌਣ ਹੋ ਸਕਦਾ ਹੈ? ਅਨਜਾਣ ਆਦਮੀ ਦੀ ਐਨ ਐਸੀ ਹਾਲਤ ਹੈ। ਇਸ ਦੇ ਅੰਦਰ ਬੜੇ ਬੜੇ ਖਜ਼ਾਨੇ ਮੌਜੂਦ ਹਨ ਪਰ ਉਨ੍ਹਾਂ ਦੇ ਹਾਸਲ ਕਰਨ ਦਾ ਵਲ ਇਸ ਨੂੰ ਨਾ ਆਉਣ ਕਰਕੇ, ਇਹ ਪਾਤਸ਼ਾਹ ਹੁੰਦਾ ਹੋਇਆ ਭੀਖ ਮੰਗਦਾ ਫਿਰਦਾ ਹੈ।

*ਮਤਿ ਵਿਚਿ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿਖ ਸੁਣੀ॥* *ਅੰਗ - 2*

ਜਿਨ੍ਹਾਂ ਮਹਾਂਪੁਰਖਾਂ ਨੇ ਆਪਣੀ ਅਸਲੀਅਤ ਦੀ ਢੂੰਡ ਕੀਤੀ ਹੈ, ਉਹ ਖੁਦ ਵੀ ਸੱਚੇ ਪਾਤਸ਼ਾਹ ਬਣ ਗਏ ਅਤੇ ਭੁੱਖੀ, ਕੰਗਾਲ, ਵਿਲਕਦੀ ਤੇ ਤਰਸਦੀ ਦੁਨੀਆਂ ਨੂੰ ਪੁਕਾਰ ਪੁਕਾਰ ਕੇ ਆਪਣੇ ਅੰਦਰ ਲੁਕੀ ਪਾਤਸ਼ਾਹੀ ਲੱਭਣ ਵਾਸਤੇ ਪ੍ਰੇਰਦੇ ਰਹੇ। ਜੇ ਪੁੱਤਰ ਆਪਣੇ ਪਿਤਾ ਦੀ ਅਲਮਾਰੀ, ਜਿਸ ਦੀ ਚਾਬੀ ਉਸ ਦੀ ਜੇਬ ਵਿਚ ਹੋਵੇ, ਨਾ ਖੋਲ੍ਹੇ ਅਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਨਾ ਕਰੇ ਅਤੇ ਉਸ ਦਾ ਧਿਆਨ ਉਸ ਦੇ ਪਿਤਾ ਦੀ ਦੌਲਤ ਅਤੇ ਉਸ ਦੀ ਜੇਬ ਵਿਚ ਪਈ ਚਾਬੀ ਵੱਲ ਦਿਵਾਇਆਂ ਵੀ, ਉਹ ਮੰਗਤਾ ਬਣਿਆ ਰਹੇ ਤਾਂ ਉਸ ਦੇ ਪਿਤਾ ਦਾ ਕੀ ਕਸੂਰ? ਉਸ ਨੂੰ ਸਮਝਾਣ ਵਾਲੇ ਦਾ ਕੀ ਕਸੂਰ? ਆਪਣੀ ਕੰਗਾਲੀ ਦਾ ਉਹ ਆਪ ਜ਼ੁੰਮੇਵਾਰ ਹੈ, ਆਪਣੀ ਬਦਕਿਸਮਤੀ ਦਾ ਉਹ ਆਪ ਕਰਤਾ ਹੈ।

ਆਪਣੇ ਅਸਲੇ ਦੀ ਖੋਜ ਕਰਨ ਵਾਲੇ, ਭਾਵੇਂ ਉਹ ਯੂਨਾਨ ਵਿਚ ਹੋਵੇ, ਭਾਵੇਂ ਚੀਨ ਵਿਚ, ਭਾਵੇਂ ਮਿਸਰ ਵਿਚ, ਭਾਵੇਂ ਹਿੰਦੁਸਤਾਨ ਵਿਚ, ਭਾਵੇਂ ਦਸ ਹਜ਼ਾਰ ਸਾਲ ਪਹਿਲੇ ਹੋਏ, ਸਭ ਦੇ ਸਭ ਇਸ ਨਤੀਜੇ ਤੇ ਪਹੁੰਚੇ ਹਨ ਕਿ ਆਦਮੀ ਇਕ ਮਹਾਂ-ਸ਼ਕਤੀ ਹੈ। ਇਸ ਵਰਗੀ ਸੋਹਣੀ, ਮੁਕੰਮਲ, ਆਜ਼ਾਦ, ਖੁਸ਼ਹਾਲ, ਸੁਖੀ, ਸ਼ਕਤੀਵਾਨ ਚੀਜ਼ ਕਰਤਾਰ ਨੇ ਹੋਰ ਬਣਾਈ ਹੀ ਨਹੀਂ।

ਈਸਾਈ ਤੇ ਮੁਸਲਮਾਨ ਖੋਜੀਆਂ ਨੇ ਆਮ ਲੋਕਾਂ ਨੂੰ ਆਪਣਾ ਭਾਵ ਸਮਝਾਣ ਵਾਸਤੇ ਆਖਿਆ ਹੈ ਕਿ ਜਦ ਖੁਦਾ ਨੇ ਸਭ ਰਚਨਾ ਤਿਆਰ ਕਰ ਲਈ ਤਾਂ ਆਦਮੀ ਨੂੰ ਸਭ ਤੋਂ ਅਖੀਰ ਆਪਣੇ ਵਰਗਾ, ਆਪਣੇ ਨਮੂਨੇ ਦਾ ਘੜਿਆ ਅਤੇ ਆਪਣੇ ਸਾਰੇ ਫਰਿਸ਼ਤਿਆਂ ਨੂੰ ਆਖਿਆ, ਇਸ ਨੂੰ ਸਜਦਾ ਕਰੋ, ਇਹ ਮੇਰਾ ਰੂਪ ਹੈ, ਮੇਰੇ ਵਰਗਾ ਹੈ।

ਹਿੰਦੁਸਤਾਨੀ ਖੋਜੀਆਂ ਨੇ ਆਪਣੀ ਆਤਮਾ, ਆਪਣੇ ਆਪੇ ਦੀ ਕਈ ਸਦੀਆਂ ਤਕ ਢੂੰਡ ਕਰਕੇ ਇਥੋਂ ਤਕ ਕਹਿ ਦਿਤਾ ਕਿ ਆਦਮੀ ਤੇ ਇਸ ਦੇ ਬਨਾਣ ਵਾਲੇ ਰੱਬ ਵਿਚ ਕੋਈ ਫਰਕ ਹੀ ਨਹੀਂ, ਆਦਮੀ ਰੱਬ ਹੀ ਹੈ। ਵੇਦਾਂਤ ਦਾ ਸਾਰ ਦੋ ਅੱਖਰਾਂ ਵਿਚ 'ਅਹੰ ਬ੍ਰਹਮ ਅਸਮੀ' ਦੱਸਿਆ ਜਾ ਸਕਦਾ ਹੈ। ਹਿੰਦੂ ਰਿਸ਼ੀਆਂ ਦਾ ਇਹ ਕਥਨ ਕਿਉਂਕਿ ਔਸਤ ਦਰਜੇ ਦੇ ਆਦਮੀ ਨੂੰ ਬੜੇ ਟਪਲੇ ਵਿਚ ਪਾਣ ਵਾਲਾ ਸੀ, ਇਸ ਵਾਸਤੇ ਸਿੱਖ ਗੁਰੂ ਸਾਹਿਬਾਨ ਨੇ ਉਕਤ ਭੁਲੇਖੇ ਜਾਂ ਟਪਲੇ ਨੂੰ ਸਾਫ ਕਰ ਦਿਤਾ। ਆਪ ਦੀ ਖੋਜ ਦਾ ਸਿੱਟਾ ਇਹ ਸੀ -

ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਰਾਗ ਆਸਾ ਵਿਚ ਆਦਮੀ ਦਾ ਅਸਲ ਰੁਤਬਾ ਅਤੇ ਉਸ ਦਾ ਆਪਣੇ ਕਰਤਾਰ ਨਾਲ ਰਿਸ਼ਤਾ ਬਿਆਨ ਕਰਦੇ ਹੋਏ ਦੱਸਿਆ ਹੈ-

*ਆਸਾ ਮਹਲਾ ੫*
*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥ ੧॥ ਰਹਾਉ॥*

*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ॥*
*ਜਾ ਉਹੁ ਨਿਰਮਲੁ ਤਾ ਹਮ ਜਚਨਾ॥*
*ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥ ਪੰਨਾ - 391*

ਸਿੱਖ ਫਿਲਾਸਫੀ ਵਿਚ ਆਦਮੀ ਨੂੰ ਰੱਬ ਦਾ ਸਰੂਪ, ਰਾਮ ਕੀ 'ਅੰਸ' ਤਾਂ ਕਿਹਾ ਹੈ ਪਰ ਆਦਮੀ ਨੂੰ 'ਰੱਬ' ਨਹੀਂ ਬਣਾਇਆ। ਆਦਮੀ ਰੱਬ ਦੀ ਰਚਨਾ ਦਾ ਸਭ ਤੋਂ ਚੰਗਾ ਤੇ ਉਚਾ ਅੰਗ ਹੈ ਪਰ ਰੱਬ, ਰੱਬ ਹੀ ਹੈ ਤੇ ਆਦਮੀ ਆਦਮੀ ਹੈ।

ਸਿਮਰਨ ਅਭਿਆਸ ਦਵਾਰਾ ਉਤਲੀ ਆਤਮਕ ਅਵਸਥਾ ਵਿਚ ਪਹੁੰਚਣ ਵਾਲੇ ਖਿਡਾਰੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਭਿਆਸ ਵਿਚ ਬੈਠਿਆਂ ਆਦਮੀ ਤੇ ਰੱਬ ਇਕੋ ਹੋ ਜਾਂਦੇ ਹਨ ਅਤੇ ਉਸ ਵਕਤ ਏਕਤਾ ਦੀ ਐਸੀ ਲਹਿਰ ਚਲਦੀ ਹੈ ਕਿ ਅਭਿਆਸੀ ਨੂੰ ਭਾਸਦਾ ਹੈ ਕਿ ਉਹ ਕਦੀ ਵੀ ਕਰਤਾਰ ਨਾਲੋਂ ਵੱਖ ਨਹੀਂ ਹੋਇਆ, ਉਹ ਆਪ ਹੋਇਆ ਹੀ ਕਦੀ ਨਹੀਂ, ਕਰਤਾਰ ਹੀ ਕਰਤਾਰ ਜੁਗਾਂ ਜੁਗਾਤਰਾਂ ਤੋਂ 'ਸਦਾ ਸਲਾਮਤ' ਹਸਤੀ ਕਾਇਮ ਸੀ ਪਰ ਅਭਿਆਸ ਤੋਂ ਬਾਅਦ ਫੇਰ ਆਦਮੀ, ਆਦਮੀ ਬਣ ਜਾਂਦਾ ਹੈ ਅਤੇ ਰੱਬ ਰੱਬ ਰਹਿੰਦਾ ਹੈ।

ਅਭਿਆਸ ਤੋਂ ਮਗਰੋਂ ਆਦਮੀ ਦਾ ਆਪਣੇ ਆਪ ਨੂੰ ਰੱਬ ਸਮਝਣਾ ਉਸ ਨੂੰ ਤੇ ਦੁਨੀਆਂ ਨੂੰ ਬੜੇ ਟਪਲੇ ਵਿਚ ਪਾ ਸਕਦਾ ਹੈ। ਗੁਰੂ ਨਾਨਕ ਸੱਚੇ ਪਾਤਸ਼ਾਹ, ਹਰ ਇਕ ਅਰਥ ਵਿਚ ਰੱਬ ਨਾਲ ਇਕ ਸਨ, ਪਰ ਆਪਣੇ ਆਪ ਨੂੰ ਰੱਬ ਆਖਣ ਦੀ ਭੁੱਲ ਕਦੀ ਨਹੀਂ ਸੀ ਕਰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੁਕਮ ਹੀ ਕਰ ਦਿਤਾ ਸੀ -

*ਜੋ ਮੋਹ ਕੋ ਪਰਮੇਸ਼ਰ ਉਚਰਹੈਂ।*
*ਤਿਹ ਨਰ ਨਰਕ ਕੁੰਡ ਮੇਂ ਪਰਹੈਂ।*

ਇਸ ਵਿਚਾਰ ਸਬੰਧੀ ਅਮਰੀਕਾ ਦੇ ਇਕ ਆਤਮ ਖੋਜੀ ਲਿਖਦੇ ਹਨ -

In the revelation of the oneness, the co-existence of God and man, there is no thought that in any sense, man is God. 'Man is never God' but spiritual man, made in God's likeness reflects God.

Man is the created, not the creator. Man is effect never cause. Man is derivative not the original. Man is the outcome, the emanation, not the source. Man is the manifestation of infinite mind, not the infinitude of mind itself.Man is, God's inseperable expression of H imself - always the expression but never the original which alone is God.

Thus in the infinity of divine oneness God and man co-exist, God being God and man his reflection being man.

Oneness means that which can never be disjoined, the same in quality, the same in consciousness, the same in inseparable existence. In this oneness with divine mind, Jesus found his resurrection, his ascenssion. There must all mankind find it.

ਉਤਲੀਆਂ ਮਿਸਾਲਾਂ ਦੇਣ ਤੋਂ ਸਾਡਾ ਭਾਵ ਇਹ ਦੱਸਣਾ ਸੀ ਕਿ ਆਦਮੀ ਦੀ ਅਸਲੀਅਤ ਕਿੱਡੀ ਸ਼ਾਨਦਾਰ ਹੈ। ਇਹ ਆਪਣੀ ਅਸਲੀਅਤ ਦਾ ਗਿਆਨ ਨਾ ਹੋਣ ਕਰਕੇ ਦੁਖੀ ਤੇ ਅਸੰਤੁਸ਼ਟ ਰਹਿੰਦਾ ਹੈ। ਗਿਆਨ ਇਕ ਮਹਾਨ ਸ਼ਕਤੀ ਹੈ। ਜਦ ਆਦਮੀ ਨੂੰ ਆਪਣੇ ਆਪ ਦਾ ਗਿਆਨ ਹੋ ਜਾਵੇ ਤਦ ਉਸ ਦੇ ਹਾਲਾਤ ਆਪਣੇ ਆਪ ਬਦਲ ਜਾਂਦੇ ਹਨ। ਗਿਆਨ ਖਿਆਲਾਂ ਨੂੰ ਬਦਲਦਾ ਹੈ, ਖਿਆਲ ਕਰਮਾਂ ਨੂੰ ਬਦਲ ਦੇਂਦੇ ਹਨ, ਕਰਮ ਹਾਲਾਤ ਬਦਲ ਦੇਂਦੇ ਹਨ, ਹਾਲਾਤ ਬਦਲਣ ਨਾਲ ਆਦਮੀ ਦੀ ਦੁਨੀਆਂ ਬਦਲ ਜਾਂਦੀ ਹੈ। ਆਪਣੇ ਆਪ ਦਾ ਗਿਆਨ, ਆਦਮੀ ਦੇ ਦੁਖ ਨੂੰ, ਸੁਖ ਵਿਚ, ਪਰੇਸ਼ਾਨੀ ਨੂੰ ਸ਼ਾਂਤੀ ਵਿਚ, ਨਾਕਾਮਯਾਬੀ ਨੂੰ ਕਾਮਯਾਬੀ ਵਿਚ ਬਦਲ ਸੁਟਦਾ ਹੈ। ਆਪਣੇ ਆਪ ਦਾ ਗਿਆਨ ਆਦਮੀ ਨੂੰ ਰੱਬ ਵਰਗਾ ਸੁਖੀ ਬਣਾ ਦੇਂਦਾ ਹੈ।

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397*

## ਸੁਖ

ਜਦ ਇਨਸਾਨ ਦੇ ਸੁਭਾਓ ਦੀ ਪੜਤਾਲ ਕੀਤੀ ਜਾਵੇ ਤਾਂ ਮੂਲਮ ਹੋਵੇਗਾ ਕਿ ਇਹ ਸੁਭਾਵ ਦਾ ਖੁਦਗਰਜ਼ ਹੈ। ਕਰਤਾਰ ਨੇ ਇਸ ਦੀ ਫਿਤਰਤ ਦੀ ਤਹਿ ਵਿਚ ਖੁਦਗਰਜ਼ੀ ਜਾਂ ਸਵਾਰਥ ਰੱਖਿਆ ਹੈ। ਇਕ ਗੱਲ ਹੋਰ ਦੇਖੀ ਜਾਵੇਗੀ ਕਿ ਇਨਸਾਨ ਦੀ ਗਰਜ਼ ਜਿਸ ਪਾਸਿਓਂ ਪੂਰੀ ਹੋਵੇ, ਉਹ ਉਸ ਪਾਸੇ ਨੂੰ ਪਸੰਦ ਏ, ਜਿਸ ਪਾਸਿਓਂ ਇਸ ਦੀ ਗਰਜ਼ ਪੂਰੀ ਨਾ ਹੋਵੇ ਉਸ ਪਾਸੇ ਵਲੋਂ ਬੇ-ਪਰਵਾਹੀ

ਕਰੇਗਾ। ਇਨਸਾਨ ਦੇ ਸੁਭਾਓ ਵਿਚ ਇਕ ਹੋਰ ਬੁਨਿਆਦੀ ਅਸੂਲ ਇਹ ਹੈ ਕਿ ਇਸ ਦੀ ਹਰ ਗਰਜ਼ ਦਾ ਮਨੋਰਥ ਸੁਖ ਹੈ। ਦੂਸਰੇ ਅੱਖਰਾਂ ਵਿਚ ਇਨਸਾਨ ਦਾ ਸੁਭਾਓ ਹੈ ਸੁਖ ਲੱਭਣੇ ਅਤੇ ਜਿਸ ਪਾਸਿਓਂ ਸੁਖ ਲੱਭਣ ਉਸ ਪਾਸੇ ਨੂੰ ਚੰਗਾ ਸਮਝਣਾ।

ਇਤਿਹਾਸ ਦੱਸਦਾ ਹੈ ਕਿ ਇਨਸਾਨਾਂ ਦੀ ਬਹੁ-ਗਿਣਤੀ ਨੇ ਸ਼ੁਰੂ ਤੋਂ ਸੁਖ ਨੂੰ ਬਾਹਰ ਦੇ ਪਦਾਰਥਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੀ ਸਰੀਰ ਨੂੰ ਪਾਲਣ, ਖੁਰਾਕ ਪੈਦਾ ਕਰਨ, ਪਰਿਵਾਰ ਕਾਇਮ ਕਰਨ, ਮਕਾਨ ਕੋਠੀਆਂ, ਕਿਲ੍ਹੇ ਬਨਾਣ, ਧਨ ਦੌਲਤ ਜੋੜਨ ਦੀ ਕੋਸ਼ਿਸ਼ ਸਿੱਧ ਕਰਦੀ ਹੈ ਕਿ ਇਸ ਨੇ ਮੁੱਢ ਤੋਂ ਸੁਖ ਇਨ੍ਹਾਂ ਬਾਹਰ ਦੀਆਂ ਚੀਜ਼ਾਂ ਵਿਚ ਸਮਝਿਆ ਅਤੇ ਇਨ੍ਹਾਂ ਚੀਜ਼ਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਜੀਵਨ ਬਤੀਤ ਕੀਤਾ। ਇਤਿਹਾਸ ਇਹ ਗੱਲ ਵੀ ਸਿੱਧ ਕਰਦਾ ਹੈ ਕਿ ਅੱਜ ਤੱਕ ਕੋਈ ਐਸਾ ਇਨਸਾਨ ਨਹੀਂ ਹੋਇਆ ਜਿਸ ਨੇ ਸੁਖ ਨੂੰ ਬਾਹਰ ਦੇ ਪਦਾਰਥਾਂ ਵਿਚੋਂ ਲੱਭ ਕੇ ਆਖਿਆ ਹੋਵੇ ਕਿ ਮੈਨੂੰ ਪੂਰਨ ਸੁਖ ਮਿਲ ਗਿਆ ਹੈ, ਹੁਣ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਰਹੀ। ਐਸੇ ਇਨਸਾਨ ਤਾਂ ਬਹੁਤ ਹੋਏ ਹਨ ਜਿਨ੍ਹਾਂ ਪਾਸ ਬਾਹਰ ਦੇ ਪਦਾਰਥ ਇਤਨੇ ਸਨ ਕਿ ਉਨ੍ਹਾਂ ਦੇ ਜੀਵਨ ਵਿਚ ਵਰਤਿਆਂ ਕਦੀ ਨਾ ਮੁਕਦੇ ਪਰ ਉਨ੍ਹਾਂ ਨੇ ਆਪਣੀ ਜ਼ਬਾਨੀ ਇਹ ਕਦੀ ਨਹੀਂ ਆਖਿਆ ਕਿ ਸਾਨੂੰ ਹੋਰ ਪਦਾਰਥਾਂ ਦੀ ਲੋੜ ਨਹੀਂ, ਅਸੀਂ ਪੂਰਨ ਸੁਖੀ ਹੋ ਗਏ ਹਾਂ। ਇਸ ਸ਼੍ਰੇਣੀ ਵਿਚ ਵੱਡੇ ਰਾਜੇ, ਮਹਾਰਾਜੇ, ਪਾਤਸ਼ਾਹ, ਧਨਾਢ ਜੋ ਬੇਅੰਤ ਹੋ ਚੁੱਕੇ ਹਨ, ਸ਼ਾਮਲ ਕੀਤੇ ਜਾ ਸਕਦੇ ਹਨ। ਇੰਜ ਤਾਂ ਆਮ ਤੌਰ ਤੇ ਹੁੰਦਾ ਰਿਹਾ ਹੈ ਕਿ ਜਿਉਂ-ਜਿਉਂ ਇਨਸਾਨ ਪਾਸ ਬਾਹਰ ਦੇ ਪਦਾਰਥ ਵਧੇ ਤਿਉਂ-ਤਿਉਂ ਇਸ ਦੀਆਂ ਖਾਹਿਸ਼ਾਂ ਵਧੀਆਂ, ਤਿਉਂ-ਤਿਉਂ ਇਹ ਹੋਰ ਬੇ-ਸੰਤੋਖਾ ਹੋਇਆ ਪਰ ਇਤਿਹਾਸ ਨੇ ਅੱਜ ਤਕ ਐਸਾ ਆਦਮੀ ਵੀ ਪੈਦਾ ਨਹੀਂ ਕੀਤਾ, ਜਿਸ ਨੇ ਬਾਹਰ ਦੇ ਪਦਾਰਥ ਹਾਸਲ ਕਰਕੇ ਆਖਿਆ ਹੋਵੇ ਕਿ ਮੈਨੂੰ ਹੋਰ ਲੋੜ ਨਹੀਂ ਰਹੀ, ਮੈਂ ਪੂਰਨ ਸੁਖੀ ਹੋ ਗਿਆ ਹਾਂ।

ਇਸ ਤੋਂ ਇਕ ਅਸੂਲ ਸਾਬਤ ਹੁੰਦਾ ਹੈ ਅਤੇ ਉਹ ਇਹ ਕਿ ਬਾਹਰ ਦੇ ਪਦਾਰਥਾਂ ਵਿਚ ਇਨਸਾਨ ਨੂੰ ਪੂਰਨ ਸੁਖੀ ਬਨਾਣ ਦੀ ਸ਼ਕਤੀ ਨਹੀਂ। ਬਾਹਰ ਦੇ ਸੁਖ ਆਰਜ਼ੀ ਤੌਰ ਤੇ ਤਾਂ ਇਨਸਾਨ ਨੂੰ ਸੁਖੀ ਬਣਾਂਦੇ ਹਨ, ਪਰ ਉਹ ਇਨ੍ਹਾਂ ਨੂੰ ਭੋਗ ਕੇ ਫੇਰ ਭੁੱਖਾ, ਫੇਰ ਅਸੰਤੁਸ਼ਟ ਹੀ ਰਹਿੰਦਾ ਹੈ।

ਅਵਲ ਤਾਂ ਬਾਹਰ ਦੇ ਸੰਸਾਰਕ ਪਦਾਰਥ ਇਤਨੀ ਜ਼ਿਆਦਤੀ ਵਿਚ ਕਿਸੇ ਨੂੰ ਮਿਲਦੇ ਹੀ ਨਹੀਂ ਕਿ ਉਹ ਆਖ ਸਕੇ ਕਿ ਮੈਨੂੰ ਹੋਰ ਲੋੜ ਨਹੀਂ, ਪਰ ਜੇਕਰ ਅਸੀਂ ਫਰਜ਼ ਕਰ ਵੀ ਲਈਏ ਕਿ ਐਸੇ ਇਨਸਾਨ ਹੋਏ ਹਨ ਜਾਂ ਅੱਗੇ ਨੂੰ ਹੋ ਸਕਦੇ ਹਨ ਜਿਹੜੇ ਬਾਹਰ ਦੇ ਸੰਸਾਰਕ ਪਦਾਰਥਾਂ ਨੂੰ ਹਾਸਲ ਕਰਕੇ ਪੂਰੇ ਸੰਤੁਸ਼ਟ ਜਾਂ ਪੂਰੇ ਸੁਖੀ ਹੋ ਜਾਣ ਤਾਂ ਫੇਰ ਵੀ ਇਕ ਗੱਲ ਅਟੱਲ ਰਹੇਗੀ ਕਿ ਸੰਸਾਰ ਦੇ ਪਦਾਰਥਾਂ ਨੂੰ ਭੋਗਦਾ ਭੋਗਦਾ ਇਨਸਾਨ ਖੁਦ ਖਤਮ ਹੋ ਜਾਂਦਾ ਹੈ, ਪਰ ਉਸ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ। ਚਾਲੀ ਪੰਜਾਹ ਸਾਲ ਤੱਕ ਬੜੀ ਮਿਹਨਤ ਨਾਲ ਬਾਹਰ ਦੇ ਪਦਾਰਥ ਇਕੱਠੇ ਕਰਕੇ ਇਨਸਾਨ ਸਮਝਦਾ ਹੈ ਕਿ ਸ਼ਾਇਦ ਉਹ ਅੱਗੇ ਨੂੰ ਸੁਖੀ ਜੀਵਨ ਬਤੀਤ ਕਰ ਸਕੇ, ਪਰ ਉਸ ਦੀ ਇਹ ਹਿਰਸ ਪੂਰੀ ਨਹੀਂ ਹੁੰਦੀ, ਕਿਉਂਕਿ ਉਮਰ ਦੇ ਵਧਣ ਨਾਲ ਇਨਸਾਨ ਦੀਆਂ ਸਰੀਰਕ ਸ਼ਕਤੀਆਂ ਘਟਣ ਲਗ ਜਾਂਦੀਆਂ ਹਨ। ਬਲ ਘਟ ਜਾਂਦਾ ਹੈ, ਦੰਦ ਕੰਮ ਕਰਨੋਂ ਜਵਾਬ ਦੇ ਦੇਂਦੇ ਹਨ, ਅੱਖਾਂ ਦੀ ਜੋਤ ਘੱਟ ਜਾਂਦੀ ਹੈ ਅਤੇ ਅਖੀਰ ਮੌਤ ਆ ਕੇ ਇਨਸਾਨ ਦੀਆਂ ਸਭ ਉਮੀਦਾਂ ਤੇ ਪਾਣੀ ਫੇਰ ਦੇਂਦੀ ਹੈ।

ਇਸ ਵਿਚਾਰ ਅਨੁਸਾਰ ਸੰਸਾਰ ਦੇ ਪਦਾਰਥਕ ਸੁਖ, ਨਾ ਕਦੀ ਪਿਛੇ ਇਨਸਾਨ ਨੂੰ ਪੂਰਨ ਸੁਖੀ ਬਣਾ ਸਕੇ ਹਨ ਅਤੇ ਨਾ ਅੱਗੇ ਨੂੰ ਪੂਰੇ ਸੁਖੀ ਬਨਾਣ ਦੀ ਆਸ ਦਿਵਾ ਸਕਦੇ ਹਨ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਆਦਮੀ ਦਾ ਸਰੀਰ ਹੀ ਕੇਵਲ ਆਦਮੀ ਨਹੀਂ ਹੁੰਦਾ। ਅਸਲ ਆਦਮੀ ਇਸ ਸਰੀਰ ਵਿਚ ਰਹਿਣ ਵਾਲੀ ਆਤਮਾ ਹੁੰਦੀ ਹੈ। ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਹੋਣ ਮਗਰੋਂ ਆਤਮਾ ਦੀਆਂ ਜ਼ਰੂਰਤਾਂ ਪੂਰੀਆਂ ਕੀਤੇ ਬਗ਼ੈਰ ਇਨਸਾਨ ਦੀ ਕਦੀ ਤਸੱਲੀ ਨਹੀਂ ਹੋ ਸਕਦੀ। ਰੋਟੀ ਖਾ ਕੇ, ਕੱਪੜੇ ਪਹਿਨ ਕੇ, ਚੰਗੇ ਘਰ ਵਿਚ ਰਹਿ ਕੇ ਜੇਕਰ ਸਰੀਰ ਕਿਸੇ ਹੱਦ ਤੱਕ ਸੁਖੀ ਹੋ ਜਾਵੇ ਤਾਂ ਵੀ ਜਦ ਤਕ ਆਤਮਾ ਨੂੰ ਖੁਰਾਕ ਨਾ ਮਿਲੇ ਉਹ ਸਦਾ ਅਸੰਤੁਸ਼ਟ ਰਹੇਗੀ। ਆਤਮਾ ਦੀ ਖੁਰਾਕ ਇਖਲਾਕ, ਪ੍ਰੇਮ, ਬੰਦਗੀ, ਭਜਨ, ਸਿਮਰਨ ਤੇ ਗਿਆਨ ਹੈ। ਇਸ ਲਈ ਇਨਸਾਨ ਨੂੰ ਪੂਰੇ ਤੌਰ ਤੇ ਸੁਖੀ ਹੋਣ ਲਈ ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ-ਨਾਲ ਆਤਮਾ ਦੀ ਖੁਰਾਕ, ਰੂਹ ਦੀ ਗਿਜ਼ਾ ਵੀ ਹਾਸਲ ਕਰਨੀ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਇਨਸਾਨ ਨੂੰ ਪੂਰਨ ਸੁਖੀ ਬਨਾਣ ਵਾਸਤੇ ਬਾਹਰ ਭਟਕਣ ਦੀ ਬਜਾਏ ਆਪਣੇ ਅੰਦਰ ਸੁਖਾਂ ਦੇ ਸਾਗਰ ਅਕਾਲ ਪੁਰਖ ਨੂੰ ਲੱਭਣ, ਮਿਲਣ ਅਤੇ ਸਮਝਣ ਵਾਸਤੇ ਪ੍ਰੇਰਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਜੇਕਰ ਇਨਸਾਨ ਨੇਕ ਤੇ ਆਤਮਕ ਜੀਵਨ ਬਤੀਤ ਕਰਨ ਲਗ ਜਾਵੇ ਤਾਂ ਉਸ ਨੂੰ ਅੰਦਰੋਂ ਸੁਖਾਂ ਦਾ ਖਜ਼ਾਨਾ ਮਿਲ ਜਾਣ ਉਤੇ ਬਾਹਰ ਦੇ ਦੁਨਿਆਵੀ ਤੇ ਸਰੀਰਕ ਸੁਖ ਵੀ ਅੱਗੇ ਪਿਛੇ ਫਿਰਨ ਲਗ ਜਾਂਦੇ ਹਨ।

*ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥*
*ਸੇ ਧਨੁ ਹਰਿ ਸੇਵਾ ਤੇ ਪਾਵਹਿ॥* *ਪੰਨਾ - 288*
*ਕੋਟਿ ਅਨੰਦ ਜਹ ਹਰਿ ਗੁਨ ਗਾਹੀ॥* *ਪੰਨਾ - 197*

ਗੁਰਮੁਖ ਦੀ ਇਹ ਅਵਸਥਾ ਏਥੋਂ ਤੱਕ ਪੱਕਦੀ ਤੇ ਪੂਰਨ ਹੁੰਦੀ ਹੈ ਕਿ ਗੁਰਮੁਖ ਦਾ ਹਰ ਫੁਰਨਾ, ਹਰ ਖਿਆਲ ਵਾਹਿਗੁਰੂ ਦੀ ਅਪਾਰ ਸ਼ਕਤੀ ਪੂਰਾ ਕਰਨਾ ਆਪਣੀ ਪ੍ਰਸੰਨਤਾ ਸਮਝਦੀ ਹੈ।

*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ॥* *ਪੰਨਾ - 403*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
*ਪੰਨਾ - 403*

ਗੁਰਮੁਖ ਨੂੰ ਅਖੀਰ ਵਿਚ ਉਹ ਅੰਦਰਲਾ ਤੇ ਬਾਹਰ ਦਾ, ਆਤਮਕ ਤੇ ਸੰਸਾਰਕ ਸੁਖ ਪ੍ਰਾਪਤ ਹੁੰਦਾ ਹੈ ਕਿ ਉਸ ਦੀ ਸਭ ਤ੍ਰਿਸ਼ਨਾ, ਸਭ ਦੁਖ, ਸਭ ਭਟਕਣਾ ਖਤਮ ਹੋ ਜਾਂਦੀ ਹੈ।

*ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ*
*ਜੋ ਹਰਿ ਨਾਮੁ ਧਿਆਵੈ॥* *ਪੰਨਾ - 451*
*ਸਭਿ ਦੁਖ ਭੁਖ ਰੋਗ ਗਏ*
*ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ॥*
*ਪੰਨਾ - 550*

## ਮਹਾਂਪੁਰਖਾਂ ਦਾ ਸੰਗ

ਮਹਾਂਪੁਰਖਾਂ ਦਾ ਦਰਸ਼ਨ ਕਰਨਾ ਵੀ ਲਾਭ ਤੋਂ ਖਾਲੀ ਨਹੀਂ ਹੁੰਦਾ। ਉਨ੍ਹਾਂ ਦੇ ਪਾਸ ਰਹਿਣਾ ਤੇ ਸੇਵਾ ਕਰਨੀ ਇਸ ਤੋਂ ਵੀ ਚੰਗੀ ਤੇ ਲਾਭਦਾਇਕ ਗੱਲ ਹੈ। ਪਰ ਸਭ ਤੋਂ ਚੰਗੀ ਤੇ ਲਾਭਦਾਇਕ ਗੱਲ ਮਹਾਂਪੁਰਖਾਂ ਦੇ ਅਸਲ ਅਰਥਾਂ ਵਿਚ ਨਜ਼ਦੀਕ ਹੋਣਾ ਹੈ।

ਮਹਾਂਪੁਰਖਾਂ ਦੇ ਨਜ਼ਦੀਕ ਹੋਣ ਦਾ ਮਾਣ ਕਿਸੇ ਸੁਭਾਗੀ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ। ਮਹਾਂਪੁਰਖ ਦੇ ਆਲੇ-ਦੁਆਲੇ ਹਜ਼ਾਰਾਂ ਲੋਕ ਰਹਿੰਦੇ ਹੋਏ ਵੀ ਉਸ ਤੋਂ ਅਸਲ ਅਰਥਾਂ ਵਿਚ ਬਹੁਤ ਦੂਰ ਰਹਿ ਜਾਂਦੇ ਹਨ। ਮਹਾਂਪੁਰਖ ਦੀ ਦਿਨ ਰਾਤ ਦੀ ਸੇਵਾ ਕਰਨ ਵਿਚ ਜੀਵਨ ਬਤੀਤ ਕਰਨ ਵਾਲੇ ਵੀ ਜ਼ਰੂਰੀ ਨਹੀਂ ਕਿ ਮਹਾਂਪੁਰਖ ਦੇ ਨਿਕਟਵਰਤੀ ਕਹਾ ਸਕਣ।

ਗੁਰੂ ਨਾਨਕ ਦੇ ਦਰਸ਼ਨ ਲੱਖਾਂ ਪੁਰਸ਼ਾਂ ਨੇ ਕੀਤੇ ਹੋਣਗੇ, ਆਪ ਦੀ ਸੇਵਾ ਵਿਚ ਵੀ ਹਜ਼ਾਰਾਂ ਆਦਮੀ ਰਹੇ ਹੋਣਗੇ, ਪਰ ਆਪ ਦਾ ਹਮ-ਰਾਜ਼ ਅਸਲ ਅਰਥਾਂ ਵਿਚ ਭਾਈ ਲਹਿਣਾ ਹੀ ਬਣ ਸਕਿਆ। ਇਸ ਦਾ ਕੀ ਸਬੱਬ ਸੀ? ਇਸ ਵਿਚ ਕੀ ਭੇਦ ਸੀ? ਕੀ ਮਹਾਂਪੁਰਖ ਕਿਸੇ ਆਦਮੀ ਦਾ ਖਾਸ ਲਿਹਾਜ਼ ਕਰਦੇ ਹਨ? ਐਸਾ ਕਰਨ ਤਾਂ ਉਹ ਮਹਾਂਪੁਰਖ ਕਾਹਦੇ? ਉਨ੍ਹਾਂ ਦੀ ਨਜ਼ਰ ਵਿਚੋਂ ਤਾਂ ਦ੍ਵੈਤ ਉਕਾ ਹੀ ਦੂਰ ਹੋ ਚੁਕੀ ਹੁੰਦੀ ਹੈ।

ਮਹਾਂਪੁਰਖ ਕਿਸੇ ਕੋਲੋਂ ਕੁਝ ਵੀ ਲੁਕਾ ਕੇ ਨਹੀਂ ਰਖਦੇ, ਆਪਣਾ ਸਭ ਕੁਝ ਸੰਸਾਰ ਨੂੰ ਦੇਣ ਵਾਸਤੇ ਤਿਆਰ ਹੁੰਦੇ ਹਨ, ਪਰ ਜੋ ਅਜਰ ਦਾਤ (Divine Knowledge) ਉਹ ਇਨਸਾਨ ਨੂੰ ਦੇਣਾ ਚਾਹੁੰਦੇ ਹਨ, ਉਸ ਨੂੰ ਕਬੂਲਣ ਤੇ ਸੰਭਾਲਣ ਲਈ, ਉਸ ਨੂੰ ਸਾਂਭ ਕੇ ਵਰਤਣ ਲਈ ਇਨਸਾਨ ਨੂੰ ਖਾਸ ਤਿਆਰੀ ਕਰਨੀ ਪੈਂਦੀ ਹੈ, ਆਪਣੇ ਆਪ ਵਿਚ ਖਾਸ ਸਿਫ਼ਤਾਂ ਪੈਦਾ ਕਰਨੀਆਂ ਪੈਂਦੀਆਂ ਹਨ। ਆਪਣੇ ਦਿਲ ਦਿਮਾਗ ਨੂੰ, ਆਪਣੇ ਜੀਵਨ ਨੂੰ ਇਕਖਾਸ ਸੰਚੇ ਵਿਚ ਢਾਲਣਾ ਪੈਂਦਾ ਹੈ।

ਜਿਵੇਂ ਸ਼ਸਤਰ ਵਿਦਿਆ ਸਿਖਾਣ ਤੋਂ ਪਹਿਲੇ ਡਾਕਟਰ, ਸਿਪਾਹੀ ਦੀ ਜਿਸਮਾਨੀ ਹਾਲਤ ਪਾਸ ਕਰਦੇ ਹਨ, ਜਿਵੇਂ ਸਿਤਾਰਿਆਂ ਦਾ ਇਲਮ ਸਿਖਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਮੈਥੇਮੈਟਿਕਸ (ਇਲਮ ਹਿਸਾਬ) ਦਾ ਆਉਣਾ ਜ਼ਰੂਰੀ ਹੈ, ਏਸੇ ਤਰ੍ਹਾਂ ਆਤਮ ਗਿਆਨ ਸਿਖਾਣ ਤੋਂ ਪਹਿਲੇ ਸਿੱਖ ਨੂੰ ਆਪਣਾ ਜੀਵਨ ਇਕ ਖਾਸ ਤਰ੍ਹਾਂ ਦਾ ਬਨਾਣਾ ਜ਼ਰੂਰੀ ਹੈ।

ਆਤਮਕ ਗਿਆਨ ਕੁਲ ਇਲਮਾਂ ਤੋਂ ਉਚਾ ਤੇ ਮੁਸ਼ਕਿਲ ਹੈ। ਹਰ ਇਕ ਇਲਮ ਹਾਸਲ ਕਰਨ ਨਾਲ ਇਨਸਾਨ ਦੀ ਇੱਜ਼ਤ ਤੇ ਤਾਕਤ ਵੱਧ ਜਾਂਦੀ ਹੈ, ਪਰ ਆਤਮ ਗਿਆਨ ਦੇ ਹਾਸਲ ਹੋਣ ਨਾਲ ਤਾਂ ਇਨਸਾਨ ਦੀ ਇੱਜ਼ਤ ਤੇ ਤਾਕਤ ਦਾ ਕੁਝ ਠਿਕਾਣਾ ਨਹੀਂ ਰਹਿੰਦਾ। ਇਸ ਇੱਜ਼ਤ ਤੇ ਤਾਕਤ ਨੂੰ ਪਛਾਨਣ, ਸੰਭਾਲਣ, ਠੀਕ ਵਰਤੋਂ ਵਿਚ ਲਿਆਉਣ ਵਾਸਤੇ ਜ਼ਰੂਰੀ ਹੈ ਕਿ ਇਨਸਾਨ ਦੀ ਤਬੀਅਤ, ਇੱਜ਼ਤ ਤੇ ਤਾਕਤ ਤੋਂ ਬੇਪ੍ਰਵਾਹੀ ਕੀਤੀ ਜਾਵੇ।

ਮਠਿਆਈ ਉਹ ਆਦਮੀ ਠੀਕ ਤੌਰ ਤੇ ਵੰਡ ਸਕਦਾ ਹੈ ਜਿਸ ਦੀ ਆਪਣੀ ਤਬੀਅਤ ਮਠਿਆਈ ਤੋਂ ਰੱਜੀ ਹੋਈ ਹੋਵੇ, ਦੌਲਤ ਉਹ ਆਦਮੀ ਚੰਗੀ ਤਰ੍ਹਾਂ ਵੰਡ ਸਕਦਾ ਹੈ ਜਿਹੜਾ ਖੁਦ ਦੌਲਤ ਵਿਚੋਂ ਰੱਜਿਆ ਤੇ ਬੇ-ਪ੍ਰਵਾਹ ਹੋਵੇ, ਏਸੇ ਤਰ੍ਹਾਂ ਇੱਜ਼ਤ ਦਾ ਭੁੱਖਾ ਦੁਨੀਆਂ ਨੂੰ ਇੱਜ਼ਤ, ਮਰਤਬੇ, ਉਚੀਆਂ ਪਦਵੀਆਂ ਨਹੀਂ ਵੰਡ ਸਕਦਾ ਅਤੇ ਜੀਵਨ ਦਾ ਭੁੱਖਾ ਲੋਕਾਂ ਨੂੰ ਜੀਵਨ ਦਾਨ ਨਹੀਂ ਕਰ ਸਕਦਾ।

ਆਤਮ ਗਿਆਨੀ ਸੰਸਾਰ ਦੀ ਜੀਵਨ ਕਲਾ ਦੇ ਭੇਤ ਤੋਂ ਵਾਕਫ ਹੋ ਚੁਕਾ ਹੈ, ਜੀਵਨ ਦੀ ਘਟਨਾ ਦੇ ਸਭ ਰਾਜ਼ ਉਸ ਅੱਗੇ ਖੁਲ੍ਹ ਜਾਂਦੇ ਹਨ। ਅਨੰਤ ਜੀਵਨ (infi-nite life) ਦਾ ਗਿਆਨ ਹਾਸਲ ਕਰਕੇ ਉਹ ਇਸ ਜੀਵੀ ਜੀਵਨ (moral life) ਤੋਂ ਰੱਜ ਜਾਂਦਾ ਹੈ, ਏਥੋਂ ਤੱਕ ਕਿ ਇਸ ਤੋਂ ਬੇ-ਪ੍ਰਵਾਹ ਹੋ ਕੇ ਆਖਦਾ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ - 1366*

ਏਹੀ ਕਾਰਨ ਹੈ ਕਿ ਪੂਰਨ ਸਤਿਗੁਰੂ ਆਪਣੇ ਸਿੱਖਾਂ ਨੂੰ, ਸੱਚ ਦੇ ਖੋਜੀਆਂ ਨੂੰ, ਹੱਕ ਦੇ ਤਾਲਬਾਂ ਨੂੰ ਆਖਰੀ ਮੰਜ਼ਲ - ਨਿਰਭੈ-ਪਦ ਤੇ ਪਹੁੰਚਣ ਦੀ ਔਖੀ ਪਰ ਜ਼ਰੂਰੀ ਸ਼ਰਤ ਦੱਸਦਿਆਂ ਬੜੀ ਸਾਫ ਗੋਈ ਤੋਂ ਕੰਮ ਲੈਂਦੇ ਹਨ,

ਕੋਈ ਸਬਜ਼-ਬਾਗ ਨਹੀਂ ਦਿਖਾਂਦੇ, ਕਿਸੇ ਸਵਰਗ ਦਾ ਲਾਲਚ ਨਹੀਂ ਦੇਂਦੇ। ਆਤਮਕ ਜੀਵਨ ਦੀ ਟੀਸੀ ਤੇ ਚੜ੍ਹਨ ਦੇ ਅਭਿਲਾਖੀਆਂ ਨੂੰ ਆਪ ਫ਼ਰਮਾਂਦੇ ਹਨ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

*ਪੰਨਾ - 1102*

ਮਹਾਂਪੁਰਖ ਪਾਸ ਉਸ ਦਾ ਸਭ ਕੁਝ ਸਾਂਭਣ ਵਾਸਤੇ, ਉਸ ਨਾਲ ਅਭੇਦ ਹੋਣ ਵਾਸਤੇ, ਉਸ ਦਾ ਹਮ-ਰਾਜ਼ ਬਣਨ ਵਾਸਤੇ, ਉਹੋ ਸ਼ਖਸ ਆ ਸਕਦਾ ਹੈ ਜੋ ਸੱਚ ਦੀ ਖੋਜ ਵਿਚ ਸਭ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਹੋਵੇ।

ਸਭ ਕੁਰਬਾਨੀਆਂ ਨਾਲੋਂ ਵੱਡੀ ਕੁਰਬਾਨੀ 'ਹਉਮੈ' ਦੀ ਕੁਰਬਾਨੀ ਹੈ। ਅਕਾਲ ਪੁਰਖ ਹਉਮੈ ਤੋਂ ਰਹਿਤ ਹਸਤੀ ਹੈ, ਮਹਾਂਪੁਰਖ ਹਉਮੈ ਤੋਂ ਰਹਿਤ ਹੋ ਜਾਂਦੇ ਹਨ। ਜਿਨ੍ਹਾਂ ਨੂੰ ਮਹਾਂਪੁਰਖਾਂ ਦੀ ਨਜ਼ਰ ਵਿਚ ਕਬੂਲੇ ਜਾਣ ਦਾ ਸ਼ੌਕ ਹੋਵੇ, ਉਨ੍ਹਾਂ ਨੂੰ ਆਪਣੀ ਹਉਮੈ ਤਿਆਗਣ ਵਾਸਤੇ ਖਿੜੇ ਮੱਥੇ ਤਿਆਰ ਹੋਣਾ ਚਾਹੀਦਾ ਹੈ ਅਤੇ ਹਉਮੈ ਦੇ ਤਿਆਗਣ ਦਾ ਮਤਲਬ ਹਉਮੈ ਨਾਲ ਸਬੰਧ ਰੱਖਣ ਵਾਲਾ ਸਭ ਕੁਝ ਤਿਆਗਣਾ ਹੈ।

ਹੇਠ ਲਿਖੀਆਂ ਅੰਗਰੇਜ਼ੀ ਵਿਚ ਕਿਸੇ ਮਹਾਂਪੁਰਖ ਦੀਆਂ ਸਤਰਾਂ ਸਾਬਤ ਕਰਦੀਆਂ ਹਨ ਕਿ ਸਭ ਮੁਲਕਾਂ ਦੇ ਮਹਾਂਪੁਰਖ ਆਤਮ ਮਾਰਗ ਉਤੇ ਚਲਣ ਵਾਲਿਆਂ ਤੋਂ ਪਹਿਲੀ ਮੰਗ ਵਿਚ ਹੀ ਸਭ ਕੁਝ ਲੈ ਲੈਂਦੇ ਹਨ।

Before the eyes can see, they must be incapable of tears. Before the ear can hear, it must have lost its sensitiveness. Before the voice can speak in the presence of the Master, it must have lost the power to wound. Before the soul can stand in the presence of the Master its feet must be washed in the blood of the heart.'

ਜੋ ਕੋਈ ਇਹ ਕੁਝ ਕਰ ਸਕਣ ਦਾ ਹੌਂਸਲਾ ਰੱਖੇ, ਉਹ ਮਹਾਂਪੁਰਖਾਂ ਦਾ ਨਿਕਟਵਰਤੀ ਤੇ ਹਮ-ਰਾਜ਼ ਬਣ ਸਕਦਾ ਹੈ, ਉਹ ਮਹਾਂਪੁਰਖਾਂ ਦਾ ਸਭ ਕੁਝ ਸਾਂਭ ਸਕਦਾ ਹੈ, ਮਹਾਂਪੁਰਖ ਆਪਣਾ ਸਭ ਕੁਝ ਐਸੇ ਆਦਮੀ ਤੋਂ ਵਾਰਨ ਵਾਸਤੇ ਉਤਾਵਲੇ ਹੁੰਦੇ ਹਨ।

ਇਥੇ ਨੁਕਤਾਚੀਨ ਆਦਮੀ ਸਵਾਲ ਕਰ ਸਕਦਾ ਹੈ ਕਿ ਜੇ ਧਰਮ ਦੀ ਆਖਰੀ ਮੰਜ਼ਲ ਐਡੀ ਕਠਿਨ ਹੈ, ਜਿਥੇ ਕਿ ਮੌਤ ਮਨਜ਼ੂਰ ਕਰਨੀ ਤੇ ਜੀਵਨ ਦੀ ਆਸ ਛੱਡਣੀ ਪੈਂਦੀ ਹੈ ਤਾਂ ਧਰਮ ਦੀ ਸਹਾਇਤਾ ਮੰਗਣੀ ਤੇ ਇਸ ਦੀ ਚਾਹ ਕਰਨੀ ਹੀ ਫਜ਼ੂਲ ਹੈ, ਕਿਉਂਕਿ ਜ਼ਿੰਦਗੀ ਨੂੰ ਗਵਾ ਕੇ ਜੋ ਕੁਝ ਮਿਲੇ, ਉਹ ਕਿਸ ਕੰਮ ਦਾ ਹੋ ਸਕਦਾ ਹੈ?

ਜ਼ਰਾ ਗੌਰ ਨਾਲ ਉਤਲੇ ਮਹਾਂਵਾਕ ਨੂੰ ਪੜ੍ਹਿਆਂ ਪਤਾ ਲਗੇਗਾ ਕਿ ਪਹਿਲੀ ਤੁਕ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ' (ਪੰਨਾ - 1102) ਦੇ ਅਸਲੀ ਮਤਲਬ ਨੂੰ ਦੂਸਰੀ ਤੁਕ – 'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ' (ਪੰਨਾ - 1102) ਸਾਫ ਕਰ ਦੇਂਦੀ ਹੈ। ਪਹਿਲੀ ਤੁਕ ਵਿਚ ਮਰਨ ਦਾ ਅਰਥ ਸੱਚਮੁਚ ਮਰਨਾ ਨਹੀਂ, ਐਪਰ ਮਨ ਨੂੰ ਐਸੇ ਨਿਰਮਾਣਤਾ ਦੇ ਦਰਜੇ ਤਕ ਨਿਵਾਣਾ ਹੈ, ਜਿਥੇ 'ਸਭਨਾ ਕੀ ਰੇਣੁਕਾ', ਦਾ ਅਰਥ ਘਟ ਸਕੇ। 'ਸਭਨਾ ਕੀ ਰੇਣੁਕਾ', ਹਉਮੈ ਭਰੇ ਮਨ ਕੋਲੋਂ ਮੌਤ ਦੇ ਬਰਾਬਰ ਦੀ ਮੰਗ ਹੈ। ਮਰਿਆ ਹੋਇਆ ਆਦਮੀ ਮੁਕੰਮਲ ਤੌਰ ਤੇ ਨਿਰਮਾਣ ਹੁੰਦਾ ਹੈ, ਐਪਰ ਜੀਉਂਦੇ ਕੋਲੋਂ ਮੋਏ ਹੋਏ ਆਦਮੀ ਵਰਗੀ ਨਿਮਰਤਾ ਮੰਗਣੀ ਬੜੀ ਔਖੀ ਤੇ ਕਰੜੀ ਮੰਗ ਹੈ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਮੰਗ ਭਰੇ ਦੀਵਾਨ ਵਿਚ ਕੀਤੀ ਸੀ। ਪੰਜਾਂ ਸਿੱਖਾਂ ਦੇ ਸਿਰ ਮੰਗਣ ਤੋਂ ਹਜ਼ੂਰ ਦੀ ਅਸਲੀ ਮੁਰਾਦ ਸਿਰਾਂ ਨੂੰ ਲਾਹ ਕੇ ਸਰੀਰ ਤੋਂ ਅੱਡ ਕਰ ਦੇਣ ਦੀ ਨਹੀਂ, ਸਗੋਂ ਹਉਮੈ ਦਾ ਪੂਰਨ ਤਿਆਗ ਸੀ। ਇਨਸਾਨ ਨੂੰ ਜਾਨ ਬੜੀ ਪਿਆਰੀ ਹੁੰਦੀ ਹੈ, ਜੋ ਆਦਮੀ ਜਾਨ ਵਾਰਨ ਤਕ ਤਿਆਰ ਹੋ ਜਾਵੇ, ਉਹ ਹਉਮੈ ਉਤੇ ਫਤਹਿਯਾਬ ਜਾਂ 'ਸਭਨਾ ਕੀ ਰੇਣੁਕਾ' ਹੋਣ ਦੇ ਕਾਬਿਲ ਸਮਝਿਆ ਜਾ ਸਕਦਾ ਹੈ। ਜੀਵਨ ਦੀ ਕੁਰਬਾਨੀ ਹਉਮੈ ਦੇ ਤਿਆਗ ਦੀ ਅਸਲੀ ਕਸੌਟੀ ਹੈ।

'ਆਉ ਹਮਾਰੈ ਪਾਸਿ' ਦੇ ਉਚੀ ਅਵਸਥਾ ਦੇ ਸਿਮਰਨ ਅਭਿਆਸੀਆਂ ਲਈ ਇਕ ਨਵੇਂ ਅਰਥ ਹੋ ਜਾਂਦੇ ਹਨ। ਸਿਮਰਨ ਅਭਿਆਸੀ ਜਦ ਇੰਦ੍ਰੀਆਂ ਨਾਲੋਂ ਆਪਣੀ ਸੁਰਤੀ ਨਖੇੜ ਕੇ ਆਪਣੇ ਅਸਲੇ ਨਾਲ ਰਲ ਮਿਲ ਜਾਂਦਾ ਹੈ ਤਾਂ ਉਸ ਨੂੰ ਇੰਦ੍ਰੀਆਂ ਦੀ ਦੁਨੀਆਂ ਵਿਚ ਆਉਣਾ ਤਲਖ ਮਹਿਸੂਸ ਹੁੰਦਾ ਹੈ। ਇਸ ਮੰਡਲ ਵਿਚ ਆਉਣਾ ਕਿਸੇ ਡਾਢੀ ਕੰਡਿਆਂ ਭਰੀ ਧਰਤੀ ਤੇ ਡਿੱਗਣ ਦੇ ਬਰਾਬਰ ਪ੍ਰਤੀਤ ਹੁੰਦਾ ਹੈ। ਏਥੇ ਸੰਸਾਰੀ ਜੀਵਨ ਦੀ ਉਕੀ ਆਸ ਖਤਮ ਹੋ ਚੁਕਦੀ ਹੈ। ਏਸ ਅਵਸਥਾ ਵਲ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਾਰਾ ਹੈ, ਜਦ ਆਪ ਫੁਰਮਾਉਂਦੇ ਹਨ 'ਚਿਤ ਨ ਭਯੋ ਹਮਰੋ ਆਵਨ ਕਹ। ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।

ਏਸ ਅਵਸਥਾ ਦੇ ਤਾਂਘੀ ਨੂੰ ਵੀ ਜੀਵੀ ਜ਼ਿੰਦਗੀ ਤੋਂ 'ਮਰਨ' ਕਬੂਲਣਾ ਪੈਂਦਾ ਹੈ ਅਤੇ ਇੰਦ੍ਰੀਆਂ ਦੀ ਦੁਨੀਆਂ ਦੀ ਆਸ ਛੱਡਣੀ ਪੈਂਦੀ ਹੈ। ਇਸ ਨੂੰ ਛੱਡਿਆਂ ਉਸ ਨੂੰ ਉਹ 'ਗੁੰਗੇ ਦੀ ਮਠਿਆਈ' ਮਿਲਦੀ ਹੈ ਜਿਸ ਦਾ ਵਰਨਣ ਇਨਸਾਨੀ ਬੋਲੀ ਵਿਚ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ ਅਤੇ ਮਾਤ ਲੋਕ ਦੀ ਖੇਡ ਨੂੰ ਕਾਇਮ ਰੱਖਣ ਵਾਸਤੇ, ਨਾ ਕਦੀ ਹੋਣਾ ਚਾਹੀਦਾ ਹੈ।

# ਸਦਾ ਸੁਹਾਗ
# (ਵਸ਼ਿਸ਼ਟ ਯੋਗ ਵਿਚੋਂ ਉਲਥਾ)

*ਅਨੁਵਾਦਕ - ਸ੍ਰੀ ਮਾਨ ਧਰਮ ਅਨੰਤ ਸਿੰਘ ਜੀ*

ਰਾਮ ਚੰਦਰ ਜੀ ਨੇ ਮਹਾਂਰਿਸ਼ੀ ਵਸ਼ਿਸ਼ਟ ਜੀ ਤੋਂ ਪੁਛਿਆ ਕਿ ਹੇ ਤ੍ਰਿਕਾਲਦਰਸ਼ੀ, ਰਾਜਾ ਸ਼ਿਖਰ ਧ੍ਵਜ ਕੌਣ ਸੀ ਤੇ ਕਿਸ ਪ੍ਰਕਾਰ ਦੇ ਕਰਮ ਕਰਦਾ ਸੀ, ਕ੍ਰਿਪਾ ਕਰਕੇ ਦੱਸੋ? ਵਸ਼ਿਸ਼ਟ ਜੀ ਬੋਲੇ ਕਿ ਰਾਮ ਜੀ, ਸਤਿ ਮਨਵੰਤ੍ਰਾਂ ਦੇ ਗੁਜ਼ਰਨ ਮਗਰੋਂ ਦੁਆਪਰ ਯੁੱਗ ਦੀ ਚੌਥੀ ਚੌਕੜੀ ਵਿਚ ਇਕ ਸ਼ਿਖਰ ਧ੍ਵਜ ਰਾਜਾ ਹੋਇਆ ਹੈ। ਉਹ ਸੰਪੂਰਨ ਪ੍ਰਿਥਵੀ ਦਾ ਤਿਲਕਧਾਰੀ ਤੇ ਮਹਾਂ ਸੂਰਬੀਰ ਸੀ, ਬੜੇ ਬੜੇ ਭੋਗ ਭੋਗਦਾ ਸੀ, ਪਰ ਉਨ੍ਹਾਂ ਵਿਚ ਫਸਿਆ ਹੋਇਆ ਨਹੀਂ ਸੀ। ਪੂਰਨ ਉਦਾਰ ਤੇ ਧੀਰਜਵਾਨ ਸੀ ਅਤੇ ਕਿਸੇ ਪਰ ਅਨਿਆਏ ਨਹੀਂ ਕਰਦਾ ਸੀ। ਸਮ ਚਿੱਤ ਸੀ ਅਰ ਸ਼ਾਂਤ ਪਦ ਵਿਚ ਅਸਥਿਤ ਸੀ। ਸਰਬ ਦੁਖਾਂ ਤੋਂ ਰਹਿਤ ਸੀ ਤੇ ਅਰਥੀ ਦਾ ਅਰਥ ਪੂਰਾ ਕਰਦਾ ਸੀ। ਇਹ ਇਕ ਦਿਨ, ਜਦ ਸੋਲ੍ਹਾਂ ਵਰ੍ਹਿਆਂ ਦਾ ਰਾਜਕੁਮਾਰ ਸੀ, ਸ਼ਿਕਾਰ ਨੂੰ ਨਿਕਲਿਆ। ਬਸੰਤ ਰੁੱਤ ਦਾ ਸਮਾਂ ਸੀ, ਇਕ ਅੱਤ ਮਨੋਹਰ ਜੰਗਲੀ ਬਾਗ ਵਿਚ, ਜਿਥੇ ਅਨੇਕ ਪ੍ਰਕਾਰ ਦੇ ਸੁੰਦਰ ਪੰਛੀ ਪੈਲਾਂ ਪਾ ਰਹੇ ਸਨ, ਅਰ ਫਲ ਫੁੱਲਾਂ ਦੇ ਸੁਹਾਵਣੇ ਬਿਰਛ ਮਧੁਰ ਵਾਯੂ ਨਾਲ ਝੂਲ ਰਹੇ ਸਨ, ਇਕ ਸਰੋਵਰ ਦੇ ਕੰਢੇ ਬੈਠ ਗਿਆ, ਨਾਲ ਮੰਤਰੀ ਵੀ ਸਨ, ਸਮੇਂ ਤੇ ਅਸਥਾਨ ਦੇ ਪ੍ਰਭਾਵ ਕਰਕੇ ਕੁਝ ਪੰਛੀਆਂ ਦੀ ਕ੍ਰੀੜਾ ਵੇਖ ਕੇ ਰਾਜੇ ਦੇ ਮਨ ਵਿਚ ਇਸਤ੍ਰੀ ਦਾ ਸੰਕਲਪ ਫੁਰਿਆ, ਅਰ ਇਹ ਚਿੰਤਾ ਲਗ ਗਈ ਕਿ ਕਦੋਂ ਇਸਤ੍ਰੀ ਅਰ ਸੇਜ ਦਾ ਸੁਖ ਮਾਣਾਂ। ਜਦ ਇਸ ਪ੍ਰਕਾਰ ਉਹ ਚਿੰਤਾ ਕਰਨ ਲੱਗਾ ਤਾਂ ਮੰਤਰੀਆਂ ਨੂੰ ਪਤਾ ਲਗ ਗਿਆ। ਉਨ੍ਹਾਂ ਥੋੜ੍ਹੇ ਹੀ ਚਿਰ ਵਿਚ ਇਕ ਰਾਜ ਸੁੰਦਰੀ ਨਾਲ ਵਿਆਹ ਕਰਵਾ ਦਿਤਾ ਅਰ ਉਹ ਰਾਣੀ ਲੈ ਕੇ ਘਰ ਪਹੁੰਚਿਆ। ਰਾਣੀ ਦਾ ਨਾਮ ਚੁੜਾਲਾ ਸੀ। ਇਨ੍ਹਾਂ ਦੋਹਾਂ ਦਾ ਆਪੋ ਵਿਚ ਅਤਿ ਪ੍ਰੇਮ ਹੋ ਗਿਆ ਤੇ ਛੇਤੀ ਹੀ ਇਕ ਦੂਜੇ ਤੋਂ ਕੁਰਬਾਨ ਹੋਣ ਲੱਗੇ। ਕੁਝ ਚਿਰ ਮਗਰੋਂ ਰਾਜਾ, ਰਾਜ ਨੂੰ ਮੰਤਰੀਆਂ ਦੇ ਸਪੁਰਦ ਕਰਕੇ ਆਪ ਰਾਣੀ ਨੂੰ ਨਾਲ ਲੈ ਕੇ ਇਕ ਰਮਣੀਕ ਬਣ ਦੇ ਲੀਲਾ ਭਵਨ ਵਿਚ ਚਲਾ ਗਿਆ। ਬਨ ਵਿਚ ਰਾਜਾ ਤਾਂ ਰਿਸ਼ੀਆਂ ਤੋਂ ਯੋਗ ਕਲਾ ਭੀ ਸਿੱਖਣਾ ਚਾਹੁੰਦਾ ਸੀ, ਪਰ ਰਾਣੀ ਉਸ ਨੂੰ ਭੋਗ ਕਲਾ ਹੀ ਸਿਖਾਂਦੀ ਰਹੀ। ਇਸ ਤਰ੍ਹਾਂ ਉਹ ਦੋਵੇਂ ਇਸ ਕਲਾ ਵਿਚ ਪੂਰਨ ਹੋਏ। ਰਾਣੀ ਦੀ ਬੁੱਧੀ ਰਾਜੇ ਨਾਲੋਂ ਜ਼ਿਆਦਾ ਤੇਜ਼ ਸੀ, ਇਸ ਲਈ ਉਹ ਛੇਤੀ ਹੀ ਕੋਈ ਨਾ ਕੋਈ ਗੱਲ ਸਿੱਖ ਲੈਂਦੀ ਸੀ, ਅਰ ਮਗਰੋਂ ਰਾਜੇ ਨੂੰ ਵੀ ਸਿਖਾ ਦੇਂਦੀ ਸੀ।

ਸਮੇਂ ਅਨੁਸਾਰ ਰਾਜਾ ਤੇ ਰਾਣੀ ਵਿਸ਼ੇ ਭੋਗਾਂ ਦਾ ਰੰਗ ਮਾਣ ਕੇ ਹੌਲੀ ਹੌਲੀ ਦੁਰਬਲ ਹੋ ਗਏ। ਜਿਸ ਤਰ੍ਹਾਂ ਫੁਟੇ ਘੜੇ ਦਾ ਪਾਣੀ ਹੌਲੀ ਹੌਲੀ ਸਾਰਾ ਹੀ ਘੜੇ ਵਿਚੋਂ ਵਗ ਕੇ ਬਾਹਰ ਨਿਕਲ ਜਾਂਦਾ ਹੈ ਅਰ ਘੜਾ ਖਾਲੀ ਹੋ ਜਾਂਦਾ ਹੈ, ਇਸੇ ਤਰ੍ਹਾਂ ਵਿਸ਼ੇ ਭੋਗਾਂ ਦਵਾਰਾ ਉਨ੍ਹਾਂ ਦੀ ਸਰੀਰਕ ਸ਼ਕਤੀ ਦਿਨ ਬ ਦਿਨ ਘਟਦੀ ਗਈ। ਉਨ੍ਹਾਂ ਦੀ ਸੁੰਦਰ ਕਾਇਆ ਹੌਲੀ ਹੌਲੀ ਖੀਣ ਹੋ ਗਈ, ਯੁਵਾ-ਅਵਸਥਾ ਸਾਥ ਛੱਡ ਗਈ ਅਰ ਉਹ ਬਿਰਧ ਹੋ ਗਏ। ਹੁਣ ਉਨ੍ਹਾਂ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ, ਅਰ ਉਹ ਵਿਚਾਰਨ ਲੱਗੇ ਕਿ ਜਿਸ ਪ੍ਰਕਾਰ ਆਕਾਸ਼ ਵਿਚ ਬਿਜਲੀ ਦਾ ਚਮਤਕਾਰ ਛਿੰਨ ਮਾਤ੍ਰਿਕ ਹੈ, ਇਸੇ ਪ੍ਰਕਾਰ ਸਰੀਰ ਵਿਚ ਜਵਾਨੀ ਦੇ ਭੋਗ ਵੀ ਛਿੰਨ ਮਾਤ੍ਰਿਕ ਹਨ। ਜਿਸ ਪ੍ਰਕਾਰ ਪੱਕਾ ਹੋਇਆ ਅੰਬ ਬ੍ਰਿਛ ਤੋਂ ਡਿੱਗ ਪੈਂਦਾ ਹੈ, ਅਰ ਸੁੱਕੇ ਹੋਏ ਪੱਤਰ ਵੀ ਬ੍ਰਿਛ ਨਾਲ ਨਹੀਂ ਰਹਿ ਸਕਦੇ, ਇਸੇ ਪ੍ਰਕਾਰ ਜਵਾਨੀ ਢਲਦਿਆਂ ਹੀ ਵਿਸ਼ਿਆਂ ਦੇ ਸੁਖ ਵੀ ਸਰੀਰ ਦਾ ਸਾਥ ਛੱਡ ਜਾਂਦੇ ਹਨ, ਤਾਂ ਤੇ ਕੋਈ ਐਸਾ ਉਪਾਓ ਕਰੀਏ ਕਿ ਸਦਾ ਸੁਖ ਦੀ ਪ੍ਰਾਪਤੀ ਹੋਵੇ। ਪਰ ਸੰਸਾਰ ਰੂਪੀ ਤਪਦਿਕ ਦੀ ਨਵਿਰਤੀ ਹਿਤ ਕੇਵਲ ਬ੍ਰਹਮ ਵਿਦਿਆ ਦੀ ਪ੍ਰਾਪਤੀ ਲਈ ਮਹਾਂਪੁਰਸ਼ਾਂ ਦੀ ਸੰਗਤ ਕਰੀਏ। ਇਸ ਪ੍ਰਕਾਰ ਵਿਚਾਰਦੇ ਹੋਏ ਰਾਜਾ ਤੇ ਰਾਣੀ ਆਤਮ ਧਿਆਨ ਦੀ ਖੋਜ ਵਿਚ ਨਿਕਲੇ, ਅਰ ਕੁਝ ਚਿਰ ਮਗਰੋਂ ਐਸੇ ਮਹਾਤਮਾ ਪਾਸ ਪਹੁੰਚੇ ਜਿਨ੍ਹਾਂ ਦਾ ਚਿੱਤ ਸ਼ੁਧ ਚੇਤਨ ਵਿਚ ਅਸਥਿਤ ਸੀ ਅਰ ਜੋ ਜਲ ਵਿਚ ਕਮਲ ਵਾਂਗ ਸੰਸਾਰ ਵਿਚ ਰਹਿੰਦੇ ਹੋਏ ਵੀ ਇਸ ਦੇ ਵਿਸ਼ਿਆਂ ਤੋਂ ਸਰਵਥਾ ਨਿਰਲੇਪ ਸਨ।

ਵਸ਼ਿਸ਼ਟ ਜੀ ਨੇ ਕਿਹਾ ਕਿ ਹੇ ਰਾਮਚੰਦਰ ਜੀ, ਐਸੇ ਪਰਮ ਪੁਰਖਾਂ ਦੀ ਸੰਗਤ ਵਿਚ ਰਾਜਾ ਤਾਂ ਕੋਰਾ ਹੀ ਰਿਹਾ ਪਰ ਥੋੜ੍ਹੇ ਹੀ ਚਿਰ ਵਿਚ, ਰਾਣੀ ਚੁੜਾਲਾ ਦਾ ਮਨ ਟਿਕ ਗਿਆ। ਉਸ ਨੂੰ ਭਾਸਣ ਲਗਾ ਕਿ ਮੈਂ ਮਨ, ਸਰੀਰ ਅਰ ਇੰਦ੍ਰੀਆਂ ਤੋਂ ਪਰ੍ਹੇ ਹਾਂ, ਕਿਉਂ ਜੋ ਇਹ ਸਭ ਜੜ੍ਹ ਹਨ ਅਰ ਮੈਂ ਸ਼ੁੱਧ ਚੇਤਨ ਹਾਂ। ਮੈਂ ਬੁੱਧੀ ਵੀ ਨਹੀਂ, ਕਿਉਂਕਿ ਬੁੱਧੀ ਵਿਚ ਨਿਰਨਾ ਕਰਨ ਦੀ ਸ਼ਕਤੀ, ਹੰਕਾਰ ਤੋਂ ਉਤਪੰਨ ਹੁੰਦੀ ਹੈ ਅਤੇ ਹੰਕਾਰ ਵੀ ਜੜ੍ਹ ਹੈ, ਕਿਉਂਕਿ ਇਸ ਵਿਚ ਹੰਗਤਾ, ਚੇਤਨਾ ਤੋਂ ਉਤਪੰਨ ਹੁੰਦੀ ਹੈ ਅਰ ਚੇਤਨਾ ਜੀਵ ਤੋਂ ਹੁੰਦੀ ਹੈ। ਸੋ ਜੀਵ ਭੀ ਮੈਂ ਨਹੀਂ ਕਿਉਂਕਿ ਜੀਵ ਫੁਰਨਾ ਰੂਪ ਹੈ ਅਰ ਮੇਰਾ ਸਰੂਪ ਅਫੁਰ, ਸਦਾ ਉਦੈ ਰੂਪ, ਅਰ ਸਤ

ਮਾਤਰ ਹੈ। ਮੇਰੇ ਸ਼ੁਧ ਸਵਰੂਪ ਵਿਚ ਫੁਰਨੇ ਦਾ ਅਭਾਵ ਹੈ। ਮੈਂ ਰਾਗ ਦ੍ਵੈਸ਼ ਰਹਿਤ ਹਾਂ, ਮੇਰੇ ਵਿਚ ਤ੍ਰਿਤਾਪ ਦੋਸ਼ ਵੀ ਕੋਈ ਨਹੀਂ। ਮੈਂ ਅਬਿਨਾਸ਼ੀ ਤੇ ਅਨੰਤ ਹਾਂ। ਮੈਂ ਇਕ ਰਸ ਹਾਂ। ਹੇ ਰਾਮ ਜੀ, ਹੁਣ ਚੁੜਾਲਾ ਦੀ ਤ੍ਰਿਸ਼ਨਾ ਮਿਟ ਚੁੱਕੀ ਸੀ, ਜੋ ਦੁਖ, ਡਰ ਅਰ ਭੋਗ ਵਾਸ਼ਨਾ ਤੋਂ ਨਿਵਿਰਤ ਹੋ ਕੇ, ਕੇਵਲ ਸ਼ਾਂਤ ਪਦ ਵਿਚ ਸ਼ਸ਼ੋਭਿਤ ਹੋਈ ਸੀ, ਯੋਗ ਪਦ ਨੂੰ ਪਾ ਕੇ ਇਹ ਵੀ ਜਾਣ ਗਈ ਕਿ ਇਤਨਾ ਸਮਾਂ ਮੈਂ ਆਪਣੇ ਨਿਜ ਰੂਪ ਤੋਂ ਡਿੱਗੀ ਰਹੀ ਹਾਂ, ਪਰ ਹੁਣ ਮੈਨੂੰ ਸਾਂਤੀ ਪ੍ਰਾਪਤ ਹੋਈ ਹੈ, ਅਰ ਮੇਰੇ ਰੋਗ ਮਿਟ ਗਏ ਹਨ। ਇਸ ਪ੍ਰਕਾਰ ਦੀ ਦ੍ਰਿੜ੍ਹ ਇਸਥਿਤੀ ਵਿਚ, ਜਦ ਚੁੜਾਲਾ ਸਦਾ ਮਗਨ ਰਹਿੰਦੀ ਦਿਸੀ ਅਰ ਉਸ ਦਾ ਰੂਪ ਤੇਜਸਵੀ ਤੇ ਦਿੱਬ ਸੁੰਦਰਤਾ ਨਾਲ ਰੰਗਿਆ ਹੋਇਆ ਦਿਸਿਆ, ਤਾਂ ਰਾਜਾ ਡਾਢਾ ਹੈਰਾਨ ਹੋ ਕੇ ਉਸ ਨੂੰ ਕਹਿਣ ਲੱਗਾ ਕਿ ਹੇ ਰਾਣੀ, ਤੂੰ ਤਾਂ ਹੁਣ ਮੁੜ ਜੁਆਨ ਹੋਈ ਲਗਦੀ ਹੈਂ, ਅਰ ਤੈਨੂੰ ਕੋਈ ਮਹਾਂ ਅਨੰਦ ਦੀ ਪ੍ਰਾਪਤ ਹੋਈ ਹੋਈ ਭਾਸਦੀ ਹੈ, ਕੀ ਤੈਂ ਅੰਮ੍ਰਿਤ ਦਾ ਸਾਰ ਪੀਤਾ ਹੈ? ਹੇ ਰਾਣੀ ਤੈਨੂੰ ਕੀ ਪ੍ਰਾਪਤ ਹੋਇਆ ਹੈ? ਤੇਰੇ ਸੁਖ ਦਾ ਆਦਿ ਅੰਤ ਪ੍ਰਤੀਤ ਨਹੀਂ ਹੁੰਦਾ। ਤੇਰੇ ਵਿਚ ਭੋਗ ਵਾਸ਼ਨਾ ਦਾ ਵੀ ਅਭਾਸ ਭਾਸਦਾ ਹੈ। ਤੂੰ ਸਰਦ ਰੁੱਤ ਦੇ ਨਿਰਮਲ ਆਕਾਸ਼ ਵਾਂਗ ਪਰਮ ਨਿਰਮਲ ਪ੍ਰਤੀਤ ਹੁੰਦੀ ਹੈਂ। ਤੇਰੇ ਚਿੱਟੇ ਵਾਲ ਵੀ ਸੁੰਦਰ ਲਗਦੇ ਹਨ। ਦੱਸ ਤਾਂ ਸਹੀ, ਤੈਨੂੰ ਕੀ ਲੱਭਾ ਹੈ? ਚੁੜਾਲਾ ਬੋਲੀ ਕਿ ਹੇ ਰਾਜਨ, ਇਹ ਜੋ ਕੁਝ ਵੀ ਦ੍ਰਿਸ਼ਟੀ ਆਉਂਦਾ ਹੈ, ਬਦਲਣਹਾਰ ਤੇ ਚਲਾਏਮਾਨ ਹੈ। ਇਸ ਤੋਂ ਪਰ੍ਹੇ ਜੋ ਸਦਾ ਸਥਿਰ ਤੇ ਨਿਹਕੇਵਲ ਪਦ ਹੈ, ਉਸ ਨੂੰ ਪਾ ਕੇ ਨਿਹਾਲ ਹੋਈ ਹਾਂ। ਮੈਂ ਭੋਗਾਂ ਤੋਂ ਰਹਿਤ ਹੋ ਕੇ ਅਭੋਗ ਭੋਗ ਭੋਗਦੀ ਹਾਂ, ਅਰ ਉਸ ਤੋਂ ਸਦਾ ਤ੍ਰਿਪਤ ਰਹਿੰਦੀ ਹਾਂ। ਹੇ ਰਾਜਨ, ਮੈਨੂੰ ਆਤਮ ਗਿਆਨ ਪ੍ਰਾਪਤ ਹੋਇਆ ਹੈ। ਮੈਂ ਹੁਣ ਨਿਜਾਤਮਾ ਵਿਚ ਡੇਰਾ ਲਾਇਆ ਹੈ। ਮੈਂ ਛਿੰਨ ਭੰਗਰ ਰਾਜ ਸੁਖਾਂ ਨੂੰ ਤਿਆਗ ਕੇ, ਪਰਮ ਸੁਖ ਭੋਗ ਰਹੀ ਹਾਂ। ਰਾਗ ਦ੍ਵੈਸ਼ ਨੂੰ ਤਿਆਗ ਕੇ ਮੈਂ ਕੈਸੀ ਹਾਂ? ਸੰਸਾਰੀਆਂ ਲਈ ਮੈਂ ਹੈ ਹੀ ਨਹੀਂ, ਅਰ ਆਪਣੇ ਆਪ ਵਿਚ ਮੈਂ ਹੀ ਮੈਂ ਹਾਂ, ਮੇਰੇ ਬਿਨਾਂ ਹੋਰ ਕੋਈ ਨਹੀਂ। ਜੋ ਕੁਝ ਭੀ ਇੰਦ੍ਰੀਆਂ ਤੋਂ ਜਾਣਿਆ ਜਾਂਦਾ ਹੈ, ਅਰ ਮਨ ਦੁਆਰਾ ਜਿਸ ਦਾ ਚਿੰਤਨ ਹੁੰਦਾ ਹੈ, ਉਹ ਸਭ ਮਿਥਿਆ ਸੁਪਨੇ ਦੀ ਤਰ੍ਹਾਂ ਹੈ। ਮੈਂ ਉਥੇ ਇਸਥਿਤ ਹੋਈ ਹਾਂ, ਜਿਥੇ ਮਨ ਇੰਦਰੀਆਂ ਦੀ ਗਮਤਾ ਨਹੀਂ, ਅਰ ਜਿਥੇ ਅਹੰਕਾਰ ਦਾ ਭੀ ਉਥਾਨ ਨਹੀਂ। ਰਾਜਨ, ਮੈਂ ਉਸ ਪਦ ਨੂੰ ਪਾਇਆ ਹੈ ਜੋ ਸਭ ਦਾ ਆਧਾਰ ਭੂਤ ਹੈ। ਮੈਂ ਅੰਮ੍ਰਿਤ ਦਾ ਸਾਰ ਪੀਤਾ ਹੈ, ਮੈਂ ਅਬਿਨਾਸ਼ੀ ਹਾਂ, ਮੈਂ ਨਿਰਭੈ ਹਾਂ। ਹੇ ਰਾਮ ਜੀ, ਰਾਜਾ ਇਹ ਗੱਲਾਂ ਸੁਣ ਕੇ ਹੱਸ ਪਿਆ ਤੇ ਆਖਣ ਲੱਗਾ, ਕਿ ਹੇ ਮੂਰਖ ਇਸਤਰੀ! ਤੈਨੂੰ ਕੀ ਹੋਇਆ ਹੈ? ਤੇਰੀ ਮੱਤ ਕਿਉਂ ਟਿਕਾਣੇ ਨਹੀਂ? ਤੂੰ ਪ੍ਰਤੱਖ ਵਸਤੂ ਨੂੰ ਮਿਥਿਆ ਕਹਿ ਰਹੀ ਹੈਂ, ਅਰ ਕਹਿੰਦੀ ਹੈਂ ਕਿ ਮੈਨੂੰ ਦਿਸਦੀ ਨਹੀਂ। ਅਰ ਜੋ ਅਸੱਤ ਵਸਤੂ ਹੈ, ਅਰ ਦਿਸਦੀ ਨਹੀਂ, ਉਹ ਨੂੰ ਸੱਤ ਮੰਨੀ ਬੈਠੀ ਹੈਂ, ਅਰ ਕਹਿੰਦੀ ਹੈਂ ਕਿ ਮੈਨੂੰ ਦਿਸਦੀ ਹੈ? ਤੇਰੀਆਂ ਇਹ ਗੱਲਾਂ ਕੌਣ ਮੰਨੇਗਾ? ਤੂੰ ਆਖਦੀ ਹੈਂ ਕਿ ਮੈਂ ਰਾਜਸੀ ਭੋਗ ਤੇ ਐਸ਼ਵਰਜ ਤਿਆਗ ਕੇ, ਸਦਾ ਸੁਖ ਦੀ ਪ੍ਰਾਪਤੀ ਕੀਤੀ ਹੈ। ਸੋ ਇਹ ਗੱਲਾਂ ਚੰਗੀਆਂ ਨਹੀਂ। ਤੂੰ ਸੁਰਤ ਵਿਚ ਆ ਤੇ ਸ਼ੋਭਾ ਵਾਲੀਆਂ ਗੱਲਾਂ ਕਰ।

ਰਾਜਾ ਇਹ ਕਹਿ ਕੇ ਉਠ ਕੇ ਖੜ੍ਹਾ ਹੋਇਆ ਅਤੇ ਇਸ਼ਨਾਨ ਕਰਨ ਚਲਾ ਗਿਆ। ਪਰ ਰਾਣੀ ਤੇ ਮਨ ਵਿਚ ਸ਼ੱਕ ਹੋਇਆ ਕਿ ਰਾਜਾ ਅਗਿਆਨ ਗ੍ਰਸਤ ਹੈ। ਇਸ ਨੇ ਆਤਮ ਪਦ ਨੂੰ ਨਹੀਂ ਜਾਣਿਆ। ਮੇਰੇ ਵਾਕਾਂ ਨੂੰ ਝੂਠ ਸਮਝਿਆ ਹੈ। ਇਸੇ ਚਿੰਤਾ ਵਿਚ ਉਹ ਆਪਣੇ ਕੰਮ ਕਾਜ ਵਿਚ ਰੁਝ ਗਈ ਅਤੇ ਰਾਜੇ ਨੂੰ ਮੁੜ ਆਪਣਾ ਵਿਸ਼ਵਾਸ਼ ਕਦੇ ਪ੍ਰਗਟ ਨਾ ਕੀਤਾ, ਸਗੋਂ ਉਸ ਦੇ ਸਾਮ੍ਹਣੇ ਸਦਾ ਉਸੇ ਤਰ੍ਹਾਂ ਵਰਤਦੀ ਰਹੀ ਜ਼ਿਕਰ ਅਗਿਆਨ ਕਾਲ ਵਿਚ ਵਰਤਦੀ ਸੀ ਪਰ ਰਾਜਾ ਭਾਵੇਂ ਰਾਣੀ ਦੀਆਂ ਗੱਲਾਂ ਤੋਂ ਹੱਸਿਆ ਹੀ ਸੀ। ਉਸਨੂੰ ਕਿਸੇ ਪ੍ਰਕਾਰ ਨਿਸ਼ਚਾ ਵੀ ਨਾ ਆਇਆ ਸੀ ਤਾਂ ਵੀ ਜਿਉਂ ਜਿਉਂ ਦਿਨ ਬੀਤਣ ਲੱਗੇ, ਰਾਜੇ ਦੇ ਮਨ ਪੁਰ ਹੌਲੀ ਹੌਲੀ ਰਾਣੀ ਦੇ ਗਿਆਨ ਦਾ ਪ੍ਰਭਾਵ ਪੈਣਾ ਅਰੰਭ ਹੋਇਆ। ਉਸ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ। ਉਸ ਨੇ ਵਿਚਾਰਿਆ ਕਿ ਸੱਚਮੁਚ ਅਸਾਂ ਅਨੇਕਾਂ ਭੋਗ ਭੋਗੇ ਹਨ, ਪਰ ਸਾਡੇ ਚਿਤ ਨੂੰ ਸ਼ਾਂਤੀ ਨਹੀਂ ਆਈ। ਇਨ੍ਹਾਂ ਭੋਗਾਂ ਦਾ ਨਤੀਜਾ ਦੁਖ ਹੈ। ਇਸ ਪ੍ਰਕਾਰ ਵਿਚਾਰ ਕੇ ਰਾਜੇ ਨੇ ਬ੍ਰਾਹਮਣਾਂ, ਗਰੀਬਾਂ ਅਰ ਮੁਸਾਫਰਾਂ ਨੂੰ ਅਨੇਕ ਪ੍ਰਕਾਰ ਦੇ ਲੋੜੀਂਦੇ ਪਦਾਰਥ, ਧਨ, ਬਸਤਰ ਆਦਿ ਦਾਨ ਕੀਤੇ। ਰੋਜ਼ ਰਿਸ਼ੀਆਂ, ਮੁਨੀਆਂ ਦੀ ਸੰਗਤ ਵਿਚ ਸਮਾਂ ਗੁਜ਼ਾਰਨ ਲੱਗਾ। ਆਖਰ ਇਕ ਦਿਨ ਆਇਆ ਕਿ ਉਸ ਨੇ ਰਾਜ ਦਾ ਪੂਰਨ ਤਿਆਰ ਕਰਕੇ, ਰਾਣੀ ਤੋਂ ਵਿਦਾ ਹੋਣ ਦੀ ਪ੍ਰਸੰਨਤਾ ਮੰਗੀ। ਕਹਿਣ ਲੱਗਾ ਕਿ ਹੇ ਆਤਮ ਨਿਪੁੰਨ ਪਤਿਬ੍ਰਤਾ, ਮੈਂ ਹੁਣ ਬਨ ਨੂੰ ਜਾਂਦਾ ਹਾਂ, ਤਾਂ ਜੋ ਜਪ ਤਪ ਸੰਜਮ ਦੁਆਰਾ ਮਨ ਨੂੰ ਕਾਬੂ ਕਰਾਂ ਅਰ ਮਹਾਂਪੁਰਖਾਂ ਦਾ ਸੰਗ ਕਰਕੇ ਆਤਮਪਦ ਵਿਚ ਇਸਥਿਤ ਹੋਵਾਂ। ਮੈਨੂੰ ਚੰਗੀ ਤਰ੍ਹਾਂ ਭਾਸ ਰਿਹਾ ਹੈ ਕਿ ਇਹ ਜੀਵਨ ਤੇ ਜੁਆਨੀ ਦੇ ਵਿਸ਼ੇ ਭੋਗ ਬਿਲਕੁਲ ਸੁਪਨੇ ਵਾਂਗ ਚਮਤਕਾਰੀ ਹਨ। ਇਨ੍ਹਾਂ ਵਿਚ ਕੋਈ ਸਥਿਰਤਾ ਨਹੀਂ। ਪੁੱਤਰ, ਪੁਤਰੀਆਂ, ਮਿੱਤਰ, ਮੁਲਾਜ਼ਮ, ਰਿਸ਼ਤੇਦਾਰ, ਸਭ ਸਵਾਰਥ ਦੇ ਸਾਥੀ ਅਤੇ ਹਿਤੂ ਹਨ। ਹੇ ਰਾਣੀਂ ਤੂੰ ਜਲ ਵਿਚ ਕਮਲ ਵਾਂਗ ਨਿਰਲੇਪ ਹੋ ਗਈ ਹੈਂ। ਤੇਰੇ ਤੇ ਦੇਸ਼, ਕਾਲ ਤੇ ਸੰਸਾਰ ਦੀਆਂ ਬਦਲਣਹਾਰ ਹਾਲਤਾਂ ਦਾ ਕੋਈ

ਅਸਰ ਨਹੀਂ ਰਿਹਾ। ਹੁਣ ਤੂੰ ਹੀ ਰਾਜ ਕਰ ਤੇ ਮੈਨੂੰ ਜੀਵਨ ਦਾ ਲਾਹਾ ਲੈਣ ਲਈ ਘੋਰ ਬਨਾਂ ਵਿਚ ਜਾਣ ਦੇਹ। ਰਾਣੀ ਇਹ ਸੁਣ ਕੇ ਅਤਿ ਪ੍ਰਸੰਨ ਹੋਈ, ਪਰ ਰਾਜੇ ਦੀ ਦ੍ਰਿੜ੍ਹਤਾ ਨੂੰ ਪਰਖਣ ਲਈ ਆਖਣ ਲੱਗੀ ਕਿ ਰਾਜਨ, ਆਪ ਇਥੇ ਹੀ ਰਹਿ ਕੇ ਯੋਗ ਕਮਾਓ। ਆਪ ਦੀ ਕਾਇਆ ਅਤਿ ਕੋਮਲ ਹੈ। ਆਪ ਸੇਵਾਦਾਰਾਂ ਤੋਂ ਬਿਨਾਂ ਬਨਾਂ ਵਿਚ ਹਰ ਪ੍ਰਕਾਰ ਦੇ ਦੁਖ ਸਹਾਰੋਗੇ ਤੇ ਮੈਂ ਇਥੇ ਸਦਾ ਚਿੰਤਾਭਵਨ ਵਿਚ ਮੁਰਦੇ ਵਾਂਗ ਜੀਵਨ ਬਤੀਤ ਕਰਾਂਗੀ। ਰਾਣੀ ਨੇ ਇਸ ਪ੍ਰਕਾਰ ਦੇ ਅਨੇਕਾਂ ਦੁਖਾਂ ਅਤੇ ਜਾਨਵਰਾਂ ਦੇ ਡਰ ਵੀ ਦੱਸੇ, ਪਰ ਰਾਜਾ ਅਡੋਲ ਰਿਹਾ। ਤਤਕਾਲ ਰਾਜ ਮੰਤਰੀਆਂ, ਪਰੋਹਿਤਾਂ ਤੇ ਸੈਨਾਚਾਰੀਆਂ ਨੂੰ ਬੁਲਾ ਕੇ, ਭਰੇ ਦੀਵਾਨ ਵਿਚ ਐਲਾਨ ਕੀਤਾ ਕਿ ਮੈਂ ਆਤਮ ਪਦ ਦੀ ਪ੍ਰਾਪਤੀ ਲਈ, ਰਾਜ ਦਾ ਅਧਿਕਾਰ ਰਾਣੀ ਨੂੰ ਦੇ ਕੇ, ਆਪ ਬਨ ਨੂੰ ਜਾਂਦਾ ਹਾਂ। ਪਰਜਾ ਦੇ ਚੰਗੇ ਮੰਦੇ ਤੇ ਨਿੱਕੇ ਵੱਡੇ ਇਹ ਸੁਣ ਕੇ ਸਭ ਦੁਖੀ ਹੋਏ, ਪਰ ਕਿਸੇ ਦਾ ਹੌਂਸਲਾ ਨਾ ਪਿਆ ਕਿ ਰਾਜੇ ਨੂੰ ਉਲਟ ਉਪਦੇਸ਼ ਕਰਕੇ, ਉਸ ਨੂੰ ਉਸ ਦੇ ਇਰਾਦੇ ਤੋਂ ਹਟਾਵੇ। ਬੱਸ ਥੋੜ੍ਹੇ ਹੀ ਚਿਰ ਮਗਰੋਂ, ਰਾਜਾ ਇਕ ਰਾਤ, ਜਦ ਮਹਿਲਾਂ ਵਿਚ ਸਭ ਸੁਤੇ ਪਏ ਸਨ। ਨਗਰ ਵਿਚ ਵੀ ਕੋਈ ਜਾਗਦਾ ਨਹੀਂ ਸੀ, ਸੇਜਾਂ ਤੋਂ ਉਠ ਕੇ ਚੁੱਪ ਚਾਪ, ਬਨ ਨੂੰ ਜਾਣ ਲਈ ਮਹਿਲਾਂ ਤੋਂ ਬਾਹਰ ਆਇਆ ਹਰ ਥਾਂ ਪਹਿਰਦੇਦਾਰਾਂ ਤੋਂ ਹੌਲੀ ਹੌਲੀ ਬਚਦਾ ਹੋਇਆ, ਨਗਰ ਤੋਂ ਬਾਹਰ ਨਿਕਲ ਗਿਆ। ਨਦੀਆਂ, ਨਾਲੇ, ਦਰਿਆ, ਪਹਾੜ ਲੰਘਦਾ-ਲੰਘਦਾ, ਕਿੰਨੇ ਹੀ ਚਿਰ ਮਗਰੋਂ ਮੰਦਰਾਚਲ ਪਰਬਤ ਦੇ ਪਾਸ ਪਹੁੰਚਿਆ। ਉਥੇ ਇਕ ਤੀਲਿਆਂ ਤੇ ਪੱਤਰਾਂ ਦੀ ਝੁਗੀ ਬਣਾ ਕੇ, ਉਸ ਵਿਚ ਰਹਿਣ ਲੱਗਾ। ਹੇ ਰਾਮ ਜੀ, ਜਦ ਕੁਝ ਕਾਲ ਇਸ ਤਰ੍ਹਾਂ ਬੀਤ ਗਿਆ ਤਾਂ ਰਾਣੀ ਨੇ ਵਿਚਾਰਿਆ ਕਿਰ ਰਾਜੇ ਦੀ ਹਾਲਤ ਵੇਖਣੀ ਚਾਹੀਦੀ ਹੈ, ਜੁ ਹੁਣ ਕਿਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ ਅਤੇ ਕਿਸ ਭੂਮਿਕਾ ਦਾ ਵਾਸੀ ਹੈ? ਇਹ ਵਿਚਾਰ ਦ੍ਰਿੜ੍ਹ ਕਰਕੇ ਉਹ ਅੰਤਰ ਧਿਆਨ ਹੋਈ ਆਤਮ ਬਲ ਨਾਲ ਰਾਜੇ ਨੂੰ ਮੰਦਰਾਚਲ ਪਰਬਤ ਤੇ ਇਕ ਕੁਟੀਆ ਵਿਚ ਵੇਖਿਆ। ਪਰ ਉਸ ਨੂੰ ਛੇਤੀ ਹੀ ਗਿਆਤ ਹੋਇਆ ਕਿ ਰਾਜਾ ਅਜੇ ਕੱਚਾ ਹੈ ਅਰ ਉਸ ਨੇ ਕੁਝ ਸਮਾਂ ਇਸ ਤਰ੍ਹਾਂ ਗੁਜ਼ਾਰਨਾ ਹੈ। ਤਾਂ ਤੇ ਉਸ ਨੂੰ ਹੁਣੇ ਮਿਲਣਾ ਠੀਕ ਨਹੀਂ, ਭਾਵੇਂ ਉਸ ਨੇ ਮੇਰੇ ਹੀ ਉਪਦੇਸ਼ ਕਰਕੇ ਜਾਗਣਾ ਹੈ, ਤਾਂ ਵੀ ਅਜੇ ਨੀਯਤ ਸਮਾਂ ਦੂਰ ਹੈ। ਇਸ ਪ੍ਰਕਾਰ ਰਾਣੀ ਨੇ ਅੱਠ ਸਾਲ ਰਾਜ ਕੀਤਾ ਅਰ ਪਰਜਾ ਨੂੰ ਕਿਸੇ ਤਰ੍ਹਾਂ ਵੀ ਰਾਜੇ ਦੀ ਗੈਰ-ਹਾਜ਼ਰੀ ਦਾ ਦੁਖ ਮਹਿਸੂਸ ਨਾ ਹੋਣ ਦਿਤਾ। ਫਿਰ ਇਸ ਦੇ ਮਨ ਵਿਚ ਫੁਰਿਆ ਕਿ ਰਾਜੇ ਨੂੰ ਤਪ ਕਰਦਿਆਂ ਅੱਠ ਵਰ੍ਹੇ ਬੀਤ ਗਏ ਹਨ, ਹੁਣ ਉਹ ਜ਼ਰੂਰ ਮੇਰੇ ਉਪਦੇਸ਼ ਦਾ ਅਧਿਕਾਰੀ ਹੋਇਆ ਹੋਵੇਗਾ, ਕਿਉਂ ਜੋ ਨਿਸ਼ਕਾਮ ਤਪ ਨਾਲ ਉਸ ਦਾ ਅੰਤਹਕਰਨ ਸ਼ੁਧ ਹੋ ਗਿਆ ਹੋਵੇਗਾ, ਤਾਂ ਤੇ ਹੁਣ ਰਾਜੇ ਨੂੰ ਮਿਲਣਾ ਚਾਹੀਦੈ। ਇਹ ਵਿਚਾਰ ਕੇ, ਜਿਉਂ ਹੀ ਉਹ ਅੰਤਰ ਧਿਆਨ ਹੋਈ ਤਾਂ ਪਹਿਲੇ ਇਕ ਸੁੰਦਰ ਨਗਰ ਵਿਚ ਪਹੁੰਚੀ ਅਰ ਉਥੇ ਇਕ ਬਾਗ ਨੂੰ ਵੇਖਣ ਲਗ ਪਈ। ਜਿਉਂ ਹੀ ਉਥੋਂ ਦਿਬੱ ਮਨ-ਹਰਣਪਣ ਲੱਗੀ, ਇਸ ਦੇ ਚਿੱਤ ਵਿਚ ਫੁਰਿਆ, ਹਾਇ! ਕਦੋਂ ਮੈਨੂੰ ਮੇਰਾ ਭਰਤਾ ਮਿਲੇਗਾ? ਪਰ ਛੇਤੀ ਹੀ ਸੰਭਲ ਕੇ ਆਖਣ ਲੱਗੀ ਕਿ ਬੜੀ ਹੈਰਾਨਗੀ ਦੀ ਬਾਤ ਹੈ, ਮੈਂ ਤਾਂ ਸਤ ਪਦ ਨੂੰ ਪ੍ਰਾਪਤ ਹੋਈ ਸਾਂ, ਤਦ ਵੀ ਮੇਰਾ ਮਨ ਚਲਾਏਮਾਨ ਹੋ ਗਿਆ। ਜੇ ਇਹ ਮੇਰੀ ਹਾਲਤ ਹੈ, ਤਾਂ ਆਮ ਜੀਵਾਂ ਦੀ ਕੀ ਗਿਣਤੀ ਹੈ? ਫਿਰ ਜ਼ਰਾ ਅੱਗੇ ਪਹੁੰਚੀ ਤਾਂ ਇਕ ਰਮਣੀਕ ਸਰੋਵਰ ਵਿਚ ਕੰਵਲ ਦੇਖ ਕੇ ਆਖਣ ਲੱਗੀ, ਹਾਇ! ਭਰਤਾ ਕਦੋਂ ਮਿਲੇਗਾ? ਨਾਲ ਨਾਲ ਹੀ ਕਾਮਦੇਵ ਨੇ ਬਲ ਪਾਇਆ, ਪਰ ਛੇਤੀ ਹੀ ਮਨ ਨੂੰ ਧਿਕਾਰਨ ਲੱਗੀ ਕਿ ਹੇ ਦੁਸ਼ਟ! ਤੂੰ ਤਾਂ ਸੱਚ ਪਦ ਨੂੰ ਪ੍ਰਾਪਤ ਹੋਇਆ ਸੀ। ਤੇਰਾ ਭਰਤਾ ਆਤਮਾ ਹੈ. ਹੁਣ ਤੂੰ ਮਿਥਿਆ ਪਦਾਰਥਾਂ ਦੀ ਅਭਿਲਾਸ਼ਾ ਨਾ ਕਰ। ਰਾਣੀ ਨੂੰ ਇਹ ਵੀ ਪ੍ਰਤੀਤ ਆਈ ਕਿ ਜਦ ਤਕ ਦੇਹ ਨਾਲ ਹੈ, ਤਦ ਤਕ ਦੇਹ ਦੇ ਸੁਭਾਵ ਵੀ ਇਸ ਦੇ ਨਾਲ ਹੀ ਰਹਿੰਦੇ ਹਨ। ਇਸੇ ਕਰਕੇ ਮਨ ਚਲਾਇਮਾਨ ਹੋਇਆ ਸੀ।

ਰਾਣੀ ਮੇਘ, ਬਿਜਲੀ, ਨਦੀਆਂ ਤੇ ਪਰਬਤ ਲੰਘਦੀ ਹੋਈ, ਉਸ ਬਨ ਵਿਚ ਜਾ ਪਹੁੰਚੀ, ਜਿਥੇ ਉਸ ਦਾ ਪਤੀ ਤਪ ਕਰ ਰਿਹਾ ਸੀ। ਸਮਾਧੀ ਵਿਚ ਇਸਥਿਤ ਹੋਈ ਤਾਂ ਠੀਕ ਉਹ ਅਸਥਾਨ ਵੀ ਦਿਸਿਆ, ਜਿਥੇ ਉਸ ਦੀ ਕੁਟੀਆ ਸੀ। ਪਰ ਰਾਣੀ ਨੇ ਸੋਚਿਆ ਕਿ ਜੇ ਮੈਂ ਇਸ ਰੂਪ ਵਿਚ ਰਾਜੇ ਪਾਸ ਪਹੁੰਚੀ, ਤਾਂ ਉਸ ਨੂੰ ਮੈਥੋਂ ਕੋਈ ਲਾਭ ਨਹੀਂ ਪਹੁੰਚੇਗਾ, ਕਿਉਂ ਜੋ ਉਸ ਨੂੰ ਇਹ ਅਭਿਮਾਨ ਹੋਵੇਗਾ ਕਿ ਇਹ ਮੇਰੀ ਇਸਤ੍ਰੀ ਹੈ ਤਾਂ ਤੇ ਮੈਂ ਬ੍ਰਹਮਚਾਰੀ ਦਾ ਰੂਪ ਧਾਰਨ ਕਰਾਂ, ਇਹ ਵਿਚਾਰ ਕੇ ਤੁਰੰਤ ਹੀ ਉਸ ਨੇ ਬ੍ਰਹਮਚਾਰੀ ਦਾ ਰੂਪ ਧਾਰਨ ਕਰ ਲਿਆ। ਹੱਥ ਵਿਚ ਰੁਦ੍ਰਾਕਸ਼ ਦੀ ਮਾਲਾ ਤੇ ਕਮੰਡਲ, ਅਰ ਮੋਢੇ ਤੇ ਮ੍ਰਿਗਛਾਲਾ ਧਾਰਨ ਕੀਤੀ, ਅਰ ਸੁੰਦਰ ਬਦਨ ਪੁਰ ਬਿਭੂਤ ਮਲ ਕੇ, ਅਤਿ ਬਾਂਕੀ ਮਨ-ਹਰਣ ਮੂਰਤੀ ਬਣ ਗਈ। ਬਸ ਇਸ ਰੂਪ ਵਿਚ ਮਸਤੀ ਨਾਲ ਹੌਲੀ ਹੌਲੀ ਤੁਰਦੀ ਹੋਈ, ਰਾਜੇ ਦੇ ਸਾਮ੍ਹਣੇ ਜਾ ਬਿਰਾਜੀ। ਬਚਿੱਤ੍ਰ ਬ੍ਰਹਮਚਾਰੀ ਦੇ ਬਚਿੱਤ੍ਰ ਰੂਪ ਪੁਰ, ਦ੍ਰਿਸ਼ਟੀ ਪੈਂਦਿਆਂ ਹੀ ਰਾਜਾ ਉਠ ਖਲੋਤਾ, ਅਰ ਨਮਸ਼ਕਾਰ ਕਰਕੇ, ਉਹਦੇ ਚਰਨਾਂ ਪੁਰ ਫੂਲ ਚੜ੍ਹਾਏ।

*'ਚਲਦਾ'*

# ਅਨੰਦਮਈ ਜੀਵਨ ਜਾਂਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

ਇਕ ਵਾਰੀ ਮੈਂ ਜਰਮਨੀ ਇਕ ਕਾਨਫਰੰਸ ਵਿਚ ਪਰਵਚਨ ਕੀਤੇ। ਉਥੇ ਸਾਰੇ ਸੰਸਾਰ ਦੇ ਸੁਪ੍ਰਸਿਧ 500 ਤੋਂ ਵਧ ਮਨੋਵਿਗਿਆਨਕ ਹਾਜ਼ਰ ਸਨ। ਉਨ੍ਹਾਂ ਨੇ ਮੈਨੂੰ ਬੋਲਣ ਲਈ ਕਿਹਾ। ਮੈਂ ਕਿਹਾ, "ਮੈ ਤਾਂ ਬੋਲਾਂਗਾ ਜੇ ਤੁਸੀਂ ਮੈਨੂੰ ਸਚ ਬੋਲਣ ਦੀ ਆਗਿਆ ਦੇ ਦਿਓਗੇ।" ਮੈਂ ਸਰੋਤਿਆਂ ਨੂੰ ਪੁਛਿਆ, ਤੁਸਾਡੇ ਵਿਚੋਂ ਕਿੰਨਿਆਂ ਦਾ ਤਲਾਕ ਹੋਇਆ ਹੋਇਆ ਹੈ। ਪਚਾਸੀ ਪ੍ਰਤੀਸ਼ਤ ਮਨੋਵਿਗਿਆਨਕ ਚਿਕਿਤਸਕਾਂ ਦਾ ਤਲਾਕ ਹੋਇਆ ਹੋਇਆ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਅੱਜ ਦੇ ਸਮਾਜ ਦੇ ਖੇਰੂੰ ਖੇਰੂੰ ਹੋਣ ਦੇ ਤੇ ਟੁੱਟਣ ਦੇ ਜਿੰਮੇਵਾਰ ਹਨ। ਮੈਂ ਉਨ੍ਹਾਂ ਦੇ ਸਨਮੁਖ ਹੋਣਾ ਚਾਹੁੰਦਾ ਸੀ। ਜੇ ਸਲਾਹਕਾਰਾਂ ਦੇ ਹੀ ਤਲਾਕ ਹੋਏ ਪਏ ਹਨ, ਜੇ ਸਲਾਹਕਾਰ ਹੀ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਨ ਕਿ ਤਲਾਕ ਹੀ ਠੀਕ ਹੈ, ਇਕ ਦੂਸਰੇ ਦੇ ਨਾਲ ਇਕ ਦੂਸਰੇ ਨੂੰ ਸਮਝਕੇ ਰਹਿਣ ਨਾਲੋਂ ਉਸ ਨੂੰ ਪਛਾਣ ਕੇ ਰਹਿਣ ਨਾਲ ਉਸ ਨਾਲ ਆਪਣੇ ਆਪ ਨੂੰ ਇਕਸੁਰ ਇਕ ਸਾਰ ਕਰਨ ਨਾਲੋਂ, ਇਸ ਹਾਲਤ ਵਿਚ ਤੁਸੀਂ ਦੂਸਰੇ ਦੀ ਸਹਾਇਤਾ ਕਿਵੇਂ ਕਰ ਸਕਦੇ ਹੋ ਕਿ ਉਹ ਸ਼ਾਦੀ ਸ਼ੁਦਾ ਰਹਿਣ ਜਦੋਂ ਤੁਸੀਂ ਆਪ ਹੀ ਇਸ ਗੱਲ ਦਾ ਅਭਿਆਸ ਨਹੀਂ ਕਰਦੇ।

ਇਹੋ ਜਿਹੇ ਲੋਕ ਅਕਸਰ ਇਕ ਦੂਸਰੇ ਨੂੰ ਸਲਾਹਾਂ ਦਿੰਦੇ ਹਨ ਪਰ ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਦੰਪਤੀ ਨੂੰ ਇਕ ਦੂਸਰੇ ਨੂੰ ਜਾਨਣ ਦੀ, ਸਮਝਣ ਦੀ ਸਲਾਹ ਨਹੀਂ ਦਿੰਦੇ। ਮਸਾਲ ਵਜੋਂ ਉਹ ਇਹ ਤਾਂ ਕਹਿਣਗੇ ਕਿ ਤੁਸੀਂ ਥੋੜੀ ਦੇਰ ਲਈ ਵੱਖ ਵੱਖ ਰਹਿ ਕੇ ਦੇਖੋ, ਅੱਜ ਦੇ ਨੌਜਵਾਨ ਮਨੋਵਿਗਿਆਨਕਾਂ ਨੂੰ ਗੁਰੂ ਮੰਨਦੇ ਹਨ। ਜੋ ਮਨੋਵਿਗਿਆਨਕ ਕਹਿਣ ਉਹ ਠੀਕ ਹੈ। ਲੋਕੀ ਇਨ੍ਹਾਂ ਨੂੰ ਮੂੰਹ ਮੰਗੇ ਪੈਸੇ ਦਿੰਦੇ ਹਨ ਤੇ ਆਸ ਰਖਦੇ ਹਨ ਕਿ ਇਹ ਸਾਨੂੰ ਠੀਕ ਰਸਤੇ ਪਾਉਣਗੇ ਤੇ ਸਾਡੇ ਵਿਆਹੁਤਾ ਜੀਵਨ ਨੂੰ ਮੁੜ ਇਕੱਠਾ ਕਰਕੇ ਸਾਡੀ ਸਹਾਇਤਾ ਕਰਨਗੇ ਪਰ ਮਨੋਚਿਕਿਤਸਕ ਤਾਂ ਉਨ੍ਹਾਂ ਨੂੰ ਵੱਖ ਵੱਖ ਹੋਣ ਲਈ ਕਹਿ ਦਿੰਦਾ ਹੈ। ਮਰੀਜ਼ ਤਾਂ ਇਹ ਵੀ ਨਹੀਂ ਜਾਣਦੇ ਕਿ ਇਹ ਤਾਂ ਆਪ ਬੀਤੀ ਹੀ ਤੁਹਾਡੇ ਤੇ ਲਾਗੂ ਕਰ ਰਿਹਾ ਹੈ। ਉਹ ਆਪਣੀਆਂ ਭਾਵਨਾਵਾਂ ਤੇ ਦਵੰਦ ਨੂੰ ਹੀ ਉਨ੍ਹਾਂ ਤੇ ਥੋਪ ਰਿਹਾ ਹੈ। ਇਹ ਅੱਜ ਦਾ ਇਕ ਵਤੀਰਾ ਹੈ ਜੋ ਦੋ ਬੰਦੇ ਇਕੱਠੇ ਹੋਕੇ ਮਨੋਚਿਕਿਤਸਕ ਕੋਲ ਆਉਂਦੇ ਹਨ, ਉਸ ਨੂੰ ਬੇਨਤੀ ਕਰਦੇ ਹਨ ਕਿ ਸਾਡੀ ਸਹਾਇਤਾ ਕਰੋ, ਉਹ ਅਗੋਂ ਕਹਿੰਦਾ ਹੈ ਤੁਸੀਂ ਥੋੜੀ ਦੇਰ ਲਈ ਵੱਖ ਵੱਖ ਹੋ ਜਾਓ। ਇਹ ਤਾਂ ਕੋਈ ਸਮਸਿਆ ਦਾ ਸਮਾਧਾਨ ਨਹੀਂ ਹੈ। ਵਾਸਤਵ ਵਿਚ ਚਿਕਿਤਸਕ ਨੂੰ ਏਸ ਤਰ੍ਹਾਂ ਨਾਲ ਪੈਸੇ ਨਹੀਂ ਕਮਾਉਣੇ ਚਾਹੀਦੇ। ਚਿਕਿਤਸਕ ਨੂੰ ਤਾਂ ਇਹ ਕਹਿਣਾ ਚਾਹੀਦਾ ਹੈ ਕਿ ਇਕ ਦੂਸਰੇ ਨੂੰ ਸਮਝੋ, ਜਾਣੋ, ਪਛਾਣੋ। ਚਿਕਿਤਸਿਕ ਨੂੰ ਤਾਂ ਉਨ੍ਹਾਂ ਵਿਚ ਪਿਆਰ ਦੀ ਭਾਵਨਾ ਜਗਾਉਣੀ ਚਾਹੀਦੀ ਹੈ। ਜਿਥੇ ਮਰਦ ਔਰਤ ਇਕ ਦੂਸਰੇ ਨਾਲ ਬੋਲਦੇ ਨਹੀਂ ਉਨ੍ਹਾਂ ਨੂੰ ਚਾਹੀਦਾ ਹੈ ਉਨ੍ਹਾਂ ਦੀ ਬੋਲਚਾਲ ਸ਼ੁਰੂ ਕਰਾਉਣ। ਜੇ ਕਿਤੇ ਮਨੋਚਿਕਿਤਸਕ ਇਸ ਤਰ੍ਹਾਂ ਨਾਲ ਕਰੇ, ਕਰ ਸਕੇ ਤਾਂ ਹੀ ਸਫਲ ਹੈ ਨਹੀਂ ਤਾਂ ਨਹੀਂ।

ਵਾਸਤਵ ਵਿਚ ਅਧਿਆਪਕ, ਡਾਕਟਰ, ਮਨੋਵਿਗਿਆਨਕ ਸਲਾਹਕਾਰ ਇਨ੍ਹਾਂ ਨੂੰ ਆਪਣੇ ਕਰਮਾਂ ਪ੍ਰਤੀ ਚੋਕਸ ਹੋਣਾ ਚਾਹੀਦਾ ਹੈ। ਜੋ ਇਹ ਕਰਨ ਸੋਚ ਸਮਝ ਕੇ ਧਿਆਨ ਨਾਲ। ਇਹ ਸੋਚ ਕੇ ਕਿ ਇਸ ਦੇ ਕੀ ਨਤੀਜੇ ਹੋਣਗੇ। ਇਹ ਸਭ ਦੇਖ ਕੇ ਹੀ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਆਪਣੇ ਮਰੀਜ਼ਾਂ ਨੂੰ ਠੀਕ ਨੇਕ ਸਲਾਹ ਦੇਣੀ ਚਾਹੀਦੀ ਹੈ। ਇਕ ਦੂਸਰੇ ਦੀਆਂ ਗਲਤ ਸੋਚਾਂ ਨੂੰ ਠੀਕ ਕਰਨਾ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਕ ਦੂਸਰੇ ਨੂੰ ਠੀਕ ਸਮਝਣ ਦੀ ਕੋਸ਼ਿਸ਼ ਕਰਨ। ਇਕ ਦੂਸਰੇ ਨਾਲ ਬੋਲਚਾਲ ਚਾਲੂ ਰੱਖਣ ਤਾਂ ਜੋ ਪਰਿਵਾਰਕ ਜੀਵਨ ਤਹਿਸ ਨਹਿਸ ਨਾ ਹੋਵੇ ਨਹੀਂ ਤਾਂ ਬੱਚਿਆਂ ਤੇ ਇਸ ਸਾਰੀ ਚੀਜ਼ ਦਾ ਬਹੁਤ ਹੀ ਗਲਤ ਅਸਰ ਪੈਂਦਾ ਹੈ।

ਤੁਹਾਡੇ ਸਮਾਜ ਵਿਚ ਅਧਿਆਪਕ ਤੇ ਸਲਾਹਕਾਰ ਆਪ ਹੀ ਬਹੁਤ ਗੈਰ ਜਿੰਮੇਵਾਰ ਹੋ ਗਏ ਹਨ। ਤੁਹਾਡੇ ਬੱਚੇ ਚੰਗੀਆਂ ਤੇ ਠੀਕ ਗੱਲਾਂ ਸਿਖ ਹੀ ਨਹੀਂ ਸਕਦੇ। ਬੱਚੇ ਕਦੀ ਪੁਸਤਕਾਂ ਤੋਂ ਨਹੀਂ ਸਿਖਦੇ, ਕਦੀ ਕਹਿਣ ਨਾਲ ਨਹੀਂ ਸਿਖਦੇ। ਉਹ ਤਾਂ ਸਾਹਮਣੇ ਮਿਸਾਲ ਨਾਲ ਹੀ ਸਿਖਦੇ ਹਨ। ਉਸ ਦੇ ਮਾਤਾ ਪਿਤਾ ਕੀ ਕਰਦੇ ਹਨ, ਬੱਚਾ ਝੂਠ ਬੋਲਦਾ ਹੈ। ਮਾਤਾ ਪਿਤਾ ਮਾਰਦੇ ਹਨ, ਝਿੜਕਦੇ ਹਨ, ਬੱਚਾ ਬੜਾ ਹੈਰਾਨ ਹੁੰਦਾ ਹੈ, ਉਸ ਨੂੰ ਸਮਝ ਹੀ ਨਹੀਂ ਆਉਂਦੀ ਕਿ ਉਸ ਨੂੰ ਕਿਉਂ ਮਾਰ ਪਈ ਜਦੋਂ ਕਿ ਮਾਤਾ ਪਿਤਾ ਆਪ ਹੀ ਰੋਜ਼ ਝੂਠ ਬੋਲਦੇ ਹਨ, ਮੈਂ ਕਿਉਂ ਨਹੀਂ ਬੋਲ ਸਕਦਾ। ਮੇਰੇ ਕੋਲੋਂ ਸਚ ਬੋਲਣ ਦੀ ਆਸ ਕਿਉਂ ਕੀਤੀ ਜਾਂਦੀ ਹੈ?

ਪਰਿਵਾਰ, ਪਰਿਵਾਰਕ ਜੀਵਨ ਬੱਚੇ ਦੀ ਸਿਖਿਆ ਦਾ ਮੁਢ ਹੈ। ਜਿਸ ਦਿਨ ਤੁਸੀਂ ਇਹ ਜਾਣ ਜਾਓਗੇ ਕਿ ਤੁਸੀਂ ਸੰਸਾਰ ਵਿਚ ਆਪਣੇ ਲਈ ਨਹੀਂ ਆਏ, ਆਪਣੇ ਸੁਆਰਥ ਦੇ ਬਧੇ ਨਹੀਂ ਆਏ, ਤੁਸੀਂ ਤਾਂ ਦੂਸਰਿਆਂ ਲਈ ਆਏ ਹੋ, ਦੂਸਰਿਆਂ ਦੇ ਕੰਮ ਆਉਣ ਲਈ, ਦੂਸਰਿਆਂ ਲਈ ਕੁਝ ਕਰਨ ਲਈ ਆਏ ਹੋ। ਉਹ ਬਹੁਤ ਹੀ ਵੱਡਾ ਇਕ ਮਹੱਤਵਪੂਰਨ ਦਿਹਾੜਾ ਹੋਵੇਗਾ। ਸੇਵਾ ਸ਼ਬਦ ਸੰਸਕ੍ਰਿਤ ਦੇ ਸਬਦ ਤੋਂ ਹੈ ਉਸ ਦਾ ਅਰਥ ਹੈ ਅਨੰਦ ਲੈਣਾ, ਅਨੰਦ ਲੁਟਣਾ। ਸਭ ਤੋਂ ਉਤਮ ਕਰਮ ਹੈ ਦੇਣਾ, ਬਿਨਾ ਕਿਸੇ ਲੋਭ ਦੇ, ਬਿਨਾ ਕਿਸੇ ਆਸ, ਆਸ਼ਾ ਉਮੀਦ ਦੇ ਜਿਹੜੇ ਸ਼ੁਭ ਕਰਮ ਤੁਸੀਂ ਦੂਸਰਿਆ ਲਈ ਕੀਤੇ ਹਨ ਦੂਸਰਿਆਂ ਨੂੰ ਦਿਤਾ ਹੈ ਤੇ ਕਿਸੇ ਚੀਜ਼ ਦੀ ਆਸ ਨਹੀਂ ਰਖੀ।

ਪਿਆਰ ਨਾਲ ਦੇਣ ਲਈ ਤੁਹਾਨੂੰ ਆਪਣੀਆਂ ਆਦਤਾਂ ਤੇ ਮਿਹਨਤ ਕਰਨੀ ਪਵੇਗੀ, ਅੱਜ ਤਕ ਤਾਂ ਤੁਹਾਡੀ ਆਦਤ ਇਕ ਸੁਆਰਥੀ ਦੀ ਰਹੀ ਹੈ, ਤੁਸੀਂ ਸੁਆਰਥੀ ਰਹੇ ਹੋ, ਤੁਸੀਂ ਕੇਵਲ ਆਪਣੀਆਂ ਹੀ ਇਛਾਵਾਂ ਦੇਖਦੇ ਹੋ, ਕੇਵਲ ਆਪਣਾ ਹੀ ਨਿਸ਼ਾਨਾ ਦੇਖਦੇ ਆਪਣਾ ਹੀ ਸੁਆਰਥ ਦੇਖਦੇ ਹੋ। ਹੁਣ ਤੁਸੀਂ ਦੂਸਰਿਆਂ ਨੂੰ ਦੇਣਾ ਸਿਖਣਾ ਹੈ, ਕੇਵਲ ਦੇਣਾ ਹੀ ਨਹੀਂ ਬਦਲੇ ਵਿਚ ਕੋਈ ਆਸ ਵੀ ਨਹੀਂ ਰਖਣੀ ਕੋਈ ਇਛਾ ਵੀ ਨਹੀਂ ਰਖਣੀ, ਕੋਈ ਪਿਆਰ, ਕੋਈ ਇਨਾਮ ਦੀ ਕੋਈ ਆਸ ਨਹੀਂ ਰਖਣੀ। ਤੁਹਾਨੂੰ ਪਿਆਰ, ਇਨਾਮ ਅਤੇ ਸ਼ਲਾਘਾ ਸੰਸਾਰ ਤੋਂ ਜਾਣ ਤੋਂ ਬਾਅਦ ਹੀ ਮਿਲਦੀ ਹੈ।

ਪਿਆਰ ਦਾ ਅਰਥ ਹੈ ਦੇਣਾ ਕਿਸੇ ਸ਼ਰਤ ਤੋਂ ਬਗੈਰ ਦੇਣਾ, ਇਸ ਕਰਮ ਦੀ ਮਿਸਾਲ ਭਾਵ ਬਿਨਾ ਕਿਸੇ ਸ਼ਰਤ ਤੋਂ ਦੇਣ ਦੀ ਮਿਸਾਲ ਕੇਵਲ ਮਾਂ ਹੀ ਹੈ ਕਿਉਂਕਿ ਉਸ ਨੇ ਹੀ ਜਣੇਪੇ ਦੀਆਂ ਦਰਦਾਂ ਸਹੀਆਂ ਹਨ, ਉਹ ਹੀ ਮੌਤ ਦੇ ਮੂੰਹ ਤੋਂ ਬਚ ਕੇ ਆਈ ਤੇ ਬੱਚੇ ਨੂੰ ਜਨਮ ਦਿਤਾ ਹੈ। ਮਾਂ ਜੋ ਵੀ ਕਰਦੀ ਹੈ ਪਿਆਰ ਦੀ ਬਧੀ ਕਰਦੀ ਹੈ, ਉਹ ਆਪ ਕਿਸੇ ਵੀ ਚੀਜ਼ ਤੋਂ ਵਾਂਝਿਆਂ ਰਹਿ ਲੈਂਦੀ ਹੈ ਪਰ ਬੱਚੇ ਨੂੰ ਦਿੰਦੀ ਹੈ। ਆਪਣੇ ਮੂੰਹ ਦੀ ਗਰਾਈ ਬੱਚੇ ਨੂੰ ਦਿੰਦੀ ਹੈ।

ਜੇ ਤੁਸੀਂ ਸਚਮੁਚ ਹੀ ਕਿਸੇ ਨਾਲ ਪਿਆਰ ਕਰਦੇ ਹੋ ਤਾਂ ਉਸ ਨਾਲ ਐਡਜਸਟ ਕਰਨਾ (ਮਿਲ-ਜੁਲ ਕੇ ਰਹਿਣਾ) ਔਖਾ ਨਹੀਂ। ਜੇ ਤੁਸੀਂ ਵਿਆਹ ਕਰਾ ਲਵੋ ਉਸ ਨਾਲ ਤਾਂ ਵੀ ਔਖਾ ਨਹੀਂ। ਪਰ ਚੰਗਾ ਤਾਂ ਇਹ ਹੀ ਹੋਵੇਗਾ ਕਿ ਵਿਆਹ ਨਾ ਹੀ ਕਰਾਓ ਉਹ ਵਧੇਰੇ ਚੰਗਾ ਹੈ, ਬਜਾਏ ਇਸ ਦੇ ਕਿ ਵਿਆਹ ਕਰਾ ਕੇ ਤਲਾਕ ਦਿੱਤਾ ਜਾਵੇ। ਕਿਸੇ ਦੂਸਰੇ ਨੂੰ ਦੁਖ ਦੇਣਾ ਜਾਂ ਆਪ ਦੁਖੀ ਹੋਣਾ। ਮੈਂ ਸਾਰੇ ਸੰਸਾਰ ਵਿਚ ਘੁੰਮਿਆਂ ਹਾਂ, ਮੈਂ ਸਾਰੀ ਜਗ੍ਹਾਂ ਤੋਂ ਵਿਆਹ ਤੇ ਤਲਾਕ ਦੇ ਆਂਕੜੇ ਇਕੱਠੇ ਕੀਤੇ। ਮੈਂ ਇਹ ਦੇਖਿਆ ਕਿ ਮਾਤ ਪਿਤਾ ਦੁਆਰਾ ਕੀਤੇ ਰਿਸ਼ਤੇ, ਕੀਤੇ ਵਿਆਹ ਵਧੇਰੇ ਸਫਲ ਹਨ ਬਜਾਇ ਅੱਜ ਦੇ ਪ੍ਰੇਮ ਵਿਆਹ ਨਾਲੋ। ਜਦੋਂ ਤੁਸੀਂ ਇਕ ਦੂਸਰੇ ਨੂੰ ਪਿਆਰ ਕਰਦੇ ਹੋ ਤਾਂ ਤੁਸੀਂ ਇਕ ਦੂਸਰੇ ਨੂੰ ਆਪਣਾ ਵਧੀਆ ਤੇ ਚੰਗਾ ਪਾਸਾ ਹੀ ਦਖਾਉਂਦੇ ਹੋ। ਇਹੋ ਜਿਹਾ ਪਿਆਰ ਤੁਹਾਨੂੰ ਕਿਤੇ ਵੀ ਨਹੀਂ ਲੈ ਜਾਂਦਾ, ਉਹ ਤਾਂ ਇਕ ਓਪਰਾ ਪਿਆਰ ਹੀ ਹੈ। ਵਿਆਹ ਤਾਂ ਇਕ ਬਹੁਤ ਸ਼ਕਤੀਸ਼ਾਲ ਪਵਿੱਤਰ ਤੇ ਸ਼ੁਧ ਸੰਬੰਧ ਹੈ। ਜੇ ਤੁਸੀਂ ਕਿਸੇ ਨੂੰ ਸਵੀਕਾਰ ਕਰਦੇ ਹੋ, ਕੋਈ ਤੁਹਾਨੂੰ ਸਵੀਕਾਰ ਕਰਦਾ ਹੈ ਫੇਰ ਤੁਹਾਨੂੰ ਉਸ ਨੂੰ ਸਮਝਣਾ ਚਾਹੀਦਾ ਹੈ। ਉਸ ਦੇ ਅਨੁਸਾਰ ਆਪਣੇ ਆਪ ਨੂੰ ਢਾਲਣਾ ਚਾਹੀਦਾ ਹੈ ਤੇ ਉਸ ਲਈ ਨਿਰਸੁਆਰਥ ਹੋਕੇ ਦੇਣਾ ਚਾਹੀਦਾ ਹੈ। ਭਾਵ ਉਸ ਦੀ ਸੇਵਾ ਕਰਨੀ ਚਾਹੀਦੀ ਹੈ। ਉਸ ਨੂੰ ਸਮਝੋ, ਸਮਝਣਾ ਸਿਖੋ, ਕਿਸੇ ਦਾ ਵਿਅਕਤਿਤਵ ਖਤਮ ਕਰਨ ਦੀ ਕੋਸ਼ਿਸ਼ ਨਾ ਕਰੋ, ਸਮਝਣਾ ਸਿਖੋ, ਐਡਜਸਟ ਕਰਨਾ ਸਿਖੋ, ਬਿਨਾ ਕਿਸੇ ਸ਼ਰਤ ਤੋਂ ਦੇ ਦੇਣਾ ਸਿਖੋ।

ਹਰ ਇਕ ਦੰਪਤੀ ਨੂੰ ਇਕ ਅਸੂਲ ਅਪਨਾਉਣਾ ਚਾਹੀਦਾ ਹੈ। ਘਰ ਵਿਚ ਇਕ ਦੂਸਰੇ ਨੂੰ ਬਿਨਾ ਕਿਸੇ ਸ਼ਰਤ ਤੋਂ ਬਿਨਾਂ ਕਿਸੇ ਸੰਕੋਚ ਦੇ, ਦਿਓ। ਘਰ ਤੋਂ ਬਾਹਰ ਸਭ ਤੋਂ ਪਹਿਲਾ ਆਪਣੇ ਆਪ ਨੂੰ ਬਚਾਓ, ਫੇਰ ਕੁਝ ਹੋਰ ਕਰੋ, ਆਪਣੀ ਰਖਿਆ ਪਹਿਲਾਂ ਫੇਰ ਦੂਸਰਾ। ਘਰ ਵਿਚ ਆਪਣੇ ਸਾਥੀ ਤੇ ਪੂਰਾ ਭਰੋਸਾ ਰਖੋ, ਆਪਣੀ ਰਖਿਆ ਨਾ ਕਰੋ, ਕੁਝ ਕਰਨ ਦੀ ਲੋੜ ਹੋਵੇ ਇਕ ਦਮ ਕਰੋ। ਵੱਡੇ ਵੱਡੇ ਲੋਕ ਸੁਹਿਰਦ ਲੋਕ ਜਿਨ੍ਹਾਂ ਨੂੰ ਗਿਆਨ ਹੈ ਉਹ ਕਦੀ ਵੀ ਆਪਣੇ ਦੰਪਤੀ ਜੀਵਨ ਨੂੰ ਖੇਰੂੰ ਖੇਰੂੰ ਨਹੀਂ ਹੋਣ ਦਿੰਦੇ। ਤੁਹਾਡਾ ਪਰਿਵਾਰ ਤੁਹਾਡਾ ਸ਼ਾਂਤੀ ਦਾ ਮੰਦਰ ਹੈ। ਜਦੋਂ ਤੁਸੀਂ ਥੱਕੇ ਹੁੰਦੇ ਹੋ, ਅੱਕੇ ਹੁੰਦੇ ਹੋ, ਤੁਸੀਂ ਦੋੜ ਕੇ ਘਰ ਜਾਓ। ਤੁਹਾਡੀ ਪਤਨੀ, ਬੱਚੇ ਤੁਹਾਨੂੰ ਸੁਖ ਦੇਣਗੇ, ਤੁਹਾਨੂੰ ਧਰਵਾਸ ਦੇਣਗੇ।

ਬਹੁਤ ਸਾਰੇ ਜੋੜੇ ਇਸ ਤਰ੍ਹਾਂ ਦੇ ਹਨ ਜਿਹੜੇ ਕਿ ਬਾਹਰ ਬਹੁਤ ਸਫਲ ਜੀਵਨ ਜੀਉਂਦੇ ਹਨ, ਬਹੁਤ ਖੁਸ਼ਹਾਲ ਹਨ ਪਰ ਆਪਣੇ ਸਾਥੀ ਨਾਲ ਚੰਗੀ ਗੱਲ ਬਾਤ ਕਰਨਾ ਨਹੀਂ ਜਾਣਦੇ, ਆਪਣੀਆਂ ਗੱਲਾਂ ਸਾਂਝੀਆਂ ਕਰਨੀਆਂ ਨਹੀਂ ਜਾਣਦੇ। ਉਨ੍ਹਾਂ ਲਈ ਜੀਵਨ ਦੀਆਂ ਬਹੁਤ ਸਾਰੀਆਂ ਗੱਲਾਂ ਅਣਬੋਲੀਆਂ ਹੀ ਰਹਿ ਜਾਂਦੀਆਂ ਹਨ, ਅਣਸਮਝੀਆਂ, ਅਣਜਾਣੀਆਂ ਹੀ ਰਹਿ ਜਾਂਦੀਆਂ ਹਨ। ਉਹ ਆਪਣੀ ਸਖਸ਼ੀਅਤ ਦਾ ਵਿਸਤਾਰ ਹੀ ਨਹੀਂ ਕਰਦੇ, ਉਹ ਗੱਲ ਬਾਤ ਹੀ ਨਹੀਂ ਕਰ ਸਕਦੇ।

ਲੋਕੀ ਇਕ ਦੂਜੇ ਨਾਲ ਲੜਦੇ ਹਨ ਕਿਉਂਕਿ ਉਹ ਇਕ ਦੂਜੇ ਨੂੰ ਸਮਝਦੇ ਹੀ ਨਹੀਂ। ਗੱਲ ਬਾਤ ਕਰਨੀ ਸਿਖੋ ਸੰਵਾਦ ਕਰਨਾ ਸਿਖੋ, ਆਪਣੇ ਸਾਥੀ ਨਾਲ ਗੱਲ ਬਾਤ ਕਰੋ

ਜਦੋਂ ਗੱਲ ਬਾਤ ਕਰੋ ਪੱਕੇ ਬਣਕੇ ਢੀਠ ਬਣਕੇ ਨਾ ਕਰੋ, ਉਚੇ ਹੋਕੇ ਨਾ ਕਰੋ, ਇਹ ਨਾ ਸੋਚੋ ਇਹ ਤੁਹਾਡਾ ਪਤੀ ਹੈ, ਇਹ ਤੁਹਾਡੀ ਪਤਨੀ ਹੈ, ਇਸ ਨੂੰ ਸੁਨਣਾ ਹੀ ਪਵੇਗਾ। ਇਹ ਕਦੀ ਨਾ ਭੁਲੋ ਕਿ ਤੁਸੀਂ ਦੋ ਵੱਖ ਵੱਖ ਵਿਅਕਤੀ ਹੋ, ਤੁਸੀਂ ਦੋ ਵੱਖ ਵੱਖ ਲਾਈਨਾਂ ਹੋ। ਤੁਹਾਡੇ ਵਿਚ ਇਕ ਸਾਰਤਾ, ਸਮਾਨਤਾ ਹੋਣੀ ਚਾਹੀਦੀ ਹੈ।

ਫਾਰਸੀ ਦੇ ਇਕ ਵੱਡੇ ਕਵੀ ਹੋਏ ਹਨ, ਉਨ੍ਹਾਂ ਨੇ ਕਿਹਾ ਹੈ ਪਿਆਰ ਦੀ ਪਹਿਲੀ ਪੌੜੀ ਸਤਿਕਾਰ ਹੈ, ਜਦੋਂ ਤੁਸੀਂ ਆਪਣੇ ਸਾਥੀ ਲਈ ਸਤਿਕਾਰ ਗੁਆ ਬੈਠਦੇ ਹੋ, ਜਦੋਂ ਤੁਹਾਡੇ ਅੰਦਰੋਂ ਤੁਹਾਡੇ ਸਾਥੀ ਲਈ ਸਤਿਕਾਰ ਨਾ ਪੈਦਾ ਹੋਵੇ ਤਾਂ ਸਮਝੋ ਕਿ ਕੋਈ ਗੜ-ਬੜ ਹੈ, ਸਮਝੋ ਤੁਹਾਡਾ ਪਿਆਰ ਖਤਮ ਹੋ ਗਿਆ ਹੈ। ਭਗਤੀ ਸ਼ਬਦ ਦਾ ਅਰਥ ਹੈ ਪਿਆਰ ਜਮਾਂ ਸਤਿਕਾਰ। ਦੂਸਰੇ ਲਈ ਪਿਆਰ ਵੀ ਹੋਵੇ ਤੇ ਸਤਿਕਾਰ ਵੀ ਹੋਵੇ। ਸਤਿਕਾਰ ਨਾਲ ਦੇਣਾ ਸਿਖੋ, ਸਤਿਕਾਰ ਕਰਨਾ ਸਿਖੋ, ਤੁਹਾਡੇ ਵਿਚ ਕੋਈ ਦਵੰਦ ਪੈਦਾ ਨਹੀਂ ਹੋਵੇਗਾ। ਸਤਿਕਾਰ ਕਿਤੇ ਚਲਾ ਨਹੀਂ ਜਾਂਦਾ ਜੇ ਚਲਾ ਗਿਆ ਹੈ ਤਾਂ ਸਦਾ ਲਈ ਨਹੀਂ ਚਲਾ ਜਾਂਦਾ, ਇਸ ਨੂੰ ਮੁੜ ਲਿਆਉਣ ਦੀ ਕੋਸ਼ਿਸ਼ ਕਰੋ, ਜੇ ਗਲਤਫਹਿਮੀ ਹੋ ਗਈ ਹੈ, ਜੇ ਉਸ ਕਾਰਣ ਰਿਸ਼ਤੇ ਦੀ ਪਵਿੱਤਰਤਾ ਵਿਚ ਖਟਾਸ ਆ ਗਈ ਹੈ, ਕੋਸ਼ਿਸ਼ ਕਰੋ ਉਸ ਪਾਸੇ ਜਤਨ ਕਰੋ ਕਿ ਸਤਿਕਾਰ ਮੁੜ ਪੈਦਾ ਹੋ ਜਾਵੇ।

ਕਿਸੇ ਵੀ ਹਾਲਤ ਵਿਚ ਗੱਲ ਕਰੋ ਵਾਦ ਕਰੋ, ਇਕ ਦੂਸਰੇ ਨਾਲ ਵਿਚਾਰ ਸਾਂਝੇ ਕਰੋ, ਕਦੀ ਕਦਾਰ ਗਾਲਾਂ ਵੀ ਕੱਢ ਲੈਣੀਆਂ ਕੋਈ ਗਲਤ ਗੱਲ ਨਹੀਂ, ਇਸ ਨਾਲ ਤੁਹਾਡੀ ਭਾਵਨਾਵਾਂ ਨੂੰ ਪ੍ਰਗਟਾਵਾ ਮਿਲਦਾ ਹੈ, ਬਹੁਤ ਵਾਰੀ ਇਹ ਇਕ ਚਿਕਿਤਸਾ ਦਾ ਕੰਮ ਕਰਦੀਆਂ ਹਨ। ਪਰ ਗੱਲ ਇਥੇ ਹੀ ਰਹਿਣੀ ਚਾਹੀਦੀ ਹੈ, ਇਥੇ ਹੀ ਖਤਮ ਹੋ ਜਾਣੀ ਚਾਹੀਦੀ ਹੈ, ਇਸ ਤੋਂ ਅੱਗੇ ਨਹੀਂ ਜਾਣੀ ਚਾਹੀਦੀ। ਦੂਸਰੇ ਨੂੰ ਵੀ ਮੌਕਾ ਦਿਓ ਉਹ ਆਪਣਾ ਗੁੱਸਾ ਕੱਢ ਸਕੇ, ਤੁਹਾਨੂੰ ਉਸ ਸਮੇਂ ਚੁਪ ਕਰਕੇ ਉਸ ਨੂੰ ਸੁਨਣਾ ਚਾਹੀਦਾ ਹੈ। ਇਹ ਗੱਲ ਤੁਹਾਨੂੰ ਸਿਖ ਲੈਣੀ ਚਾਹੀਦੀ ਹੈ ਕਿ ਜਦੋਂ ਦੂਸਰਾ ਗੁੱਸੇ ਵਿਚ ਹੈ ਬੋਲ ਰਿਹਾ ਹੈ, ਤੁਸੀਂ ਅੱਗੋਂ ਨਹੀਂ ਬੋਲੋਗੇ, ਅੱਗੋਂ ਕੋਈ ਜਵਾਬ ਨਹੀਂ ਦਿਓਗੇ। ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਤੁਸੀਂ ਇਕ ਦੂਸਰੇ ਨੂੰ ਸਮਝੋਗੇ। ਜੇ ਤੁਸੀਂ ਦੂਸਰੇ ਨੂੰ ਆਪਣਾ ਗੁੱਸਾ ਕੱਢ ਲੈਣ ਦਿਓਗੇ ਉਹ ਆਪ ਹੀ ਥੋੜੀ ਦੇਰ ਬਾਅਦ ਕਹੇਗਾ, "ਮੈਨੂੰ ਮਾਫ ਕਰ ਦਈ" ਫੇਰ ਬੈਠ ਕੇ ਤੁਸੀਂ ਸਮਸਿਆ ਦੂਰ ਕਰ ਸਕਦੇ ਹੋ। ਇਕ ਦੂਸਰੇ ਨਾਲ ਸਬਰ ਰਖੋ ਧੀਰਜ ਰਖੋ।

ਇਕ ਵਾਰੀ ਮੈਨੂੰ ਇਕ ਜੋੜਾ ਮਿਲਿਆ> ਉਹ ਬੀਬੀ ਐਨੀ ਸੋਹਣੀ ਕਿ ਸੰਗਮਰਮਰ ਦੀ ਮੂਰਤੀ। ਦੋ ਉਹਨਾਂ ਦੇ ਬੱਚੇ ਪਰ ਪਤੀ ਕਿਸੇ ਹੋਰ ਦੇ ਪਿਛੇ ਸੀ। ਮੈਂ ਬੜਾ ਹੈਰਾਨ ਹੋਇਆ ਤੇ ਸੋਚਣ ਲੱਗਾ, ਕੋਈ ਦੂਸਰੀ ਔਰਤ ਏਸ ਤੋਂ ਚੰਗੀ ਕਿਵੇਂ ਹੋ ਸਕਦੀ ਹੈ। ਉਹ ਪਤੀ ਆਪਣੀ ਪਤਨੀ ਦਾ ਸਤਿਕਾਰ ਕਰਦਾ ਸੀ ਪਰ ਪਿਆਰ ਨਹੀਂ ਕਰਦਾ ਸੀ।

ਮੈਂ ਉਸ ਦੇ ਪਤੀ ਨੂੰ ਕਿਹਾ, "ਤੇਰੀ ਪਤਨੀ ਤਾਂ ਬਹੁਤ ਹੀ ਸੋਹਣੀ ਹੈ, ਸਾਰੇ ਲੋਕੀ ਇਹ ਸੋਚਦੇ ਹਨ ਕਿ ਤੇਰੀ ਪਤਨੀ ਤਾਂ ਬਹੁਤ ਹੀ ਸੋਹਣੀ ਹੈ, ਉਹ ਤਾਂ ਇਕ ਦਮ ਰੋਣ ਲਗ ਪਿਆ> ਮੈਂ ਉਸ ਨੂੰ ਪੁਛਿਆ, "ਤੇਰੀ ਪਤਨੀ ਤੈਨੂੰ ਪਿਆਰ ਕਰਦੀ ਹੈ?"

ਉਹ ਕਹਿਣ ਲੱਗਿਆ, "ਨਹੀਂ ਉਹ ਮੇਰੇ ਨਾਲ ਪਿਆਰ ਨਹੀਂ ਕਰਦੀ ਪਰ ਮੇਰੀ ਸਹੇਲੀ ਮੇਰੇ ਨਾਲ ਪਿਆਰ ਕਰਦੀ ਹੈ। ਮੈਂ ਉਸ ਨੂੰ ਕਿਹਾ, ਮੈਂ ਤੇਰੀ ਸਹੇਲੀ ਨੂੰ ਮਿਲਣਾ ਚਾਹੁੰਦਾ ਹਾਂ> ਦੂਸਰੇ ਦਿਨ ਮੈਂ ਉਸ ਦੀ ਸਹੇਲੀ ਨੂੰ ਮਿਲਣ ਚਲਾ ਗਿਆ ਜਿਹੜੀ ਦੇਖਣ ਵਿਚ ਸਚਮੁਚ ਹੀ ਬਹੁਤ ਹੀ ਬਦਸੂਰਤ ਔਰਤ ਸੀ, ਮੈਨੂੰ ਸਮਝ ਨਹੀਂ ਆਈ ਉਸ ਨੂੰ ਆਪਣੀ ਸਹੇਲੀ ਚੰਗੀ ਲਗਦੀ ਸੀ, ਪਤਨੀ ਨਹੀਂ, ਮੈਂ ਉਸ ਨੂੰ ਪੁਛਿਆ ਕੀ ਗੱਲ ਹੈ?

ਉਹ ਕਹਿਣ ਲੱਗਾ, "ਸੁਆਮੀ ਜੀ! ਤੁਹਾਨੂੰ ਵਿਆਹੁਤਾ ਜੀਵਨ ਦਾ ਕੀ ਪਤਾ ਹੈ?"

ਦੰਪਤੀ ਜੀਵਨ ਦਾ ਸੰਬੰਧ ਸਰੀਰ ਦੇ ਸੋਹਣੇਪਣ ਨਾਲ ਸੋਹਣੇ ਕਪੜਿਆਂ ਨਾਲ ਕਿਸੇ ਵੀ ਐਸੀ ਚੀਜ਼ ਨਾਲ ਨਹੀਂ ਹੁੰਦਾ> ਇਹ ਸਭ ਕੁਝ ਤਾਂ ਕੁਝ ਦਿਨਾਂ ਲਈ ਹੀ ਹੁੰਦਾ ਹੈ, ਕੁਝ ਸਾਲਾਂ ਲਈ ਹੀ ਹੁੰਦਾ ਹੈ। ਸਭ ਤੋਂ ਸੋਹਣੀ ਚੀਜ਼ ਮਨੁੱਖ ਵਿਚ ਉਸ ਦਾ ਵਿਹਾਰ ਹੈ, ਉਸ ਦੀ ਬੋਲ ਚਾਲ ਉਸ ਦਾ ਤੁਹਾਡੇ ਨਾਲ ਪੂਰਾ ਵਿਹਾਰ ਹੈ। ਸਭ ਤੋਂ ਚੰਗਾ ਉਹ ਹੀ ਹੁੰਦਾ ਹੈ ਜਿਸ ਦੀ ਬੋਲ ਚਾਲ ਸੋਹਣੀ ਹੋਵੇ ਜਿਸ ਦੇ ਚਿਹਰੇ ਤੇ ਮੁਸਕ੍ਰਾਹਟ ਹੋਵੇ, ਜਿਸ ਨੂੰ ਮਿਲਕੇ ਤੁਹਾਨੂੰ ਚੰਗਾ ਲਗੇ, ਉਹ ਮਿੱਠਾ ਬੋਲੇ, ਉਸ ਦੀ ਉਠਣੀ ਬੈਠਣੀ ਠੀਕ ਹੋਵੇ, ਉਸ ਦੇ ਕਰਮ ਚੰਗੇ ਹੋਣ, ਠੀਕ ਹੋਣ, ਉਹ ਹੀ ਸਭ ਤੋਂ ਸੋਹਣਾ ਹੁੰਦਾ ਹੈ। ਸਭ ਤੋਂ ਸੋਹਣਾ ਤਾਂ ਮਨੁੱਖ ਦਾ ਵਿਹਾਰ ਹੋਣਾ ਚਾਹੀਦਾ ਹੈ। ਭਗਵਤ ਗੀਤਾ ਵਿਚ ਕਿਹਾ ਹੈ, "ਗਿਆਨ ਅਵਸਥਾ ਨੂੰ ਜਿਹੜਾ ਪ੍ਰਾਪਤ ਹੈ ਉਹ ਕਿਵੇਂ ਉਠਦਾ ਬੈਠਦਾ ਹੈ? ਉਹ ਕਿਵੇਂ ਸੋਚਦਾ ਹੈ, ਕਿਸੇ ਵੀ ਮਨੁੱਖ ਦਾ ਪਤਾ ਉਸ ਦੇ ਕਰਮ ਕਰਨ ਤੋਂ, ਬੋਲਣ ਤੋਂ, ਸੋਚਣ ਤੋਂ ਲਗ ਜਾਂਦਾ ਹੈ। ਜਿਨ੍ਹਾਂ ਦੀ ਸੋਚਣੀ, ਕਥਨੀ, ਕਰਨੀ ਤੇ ਪੂਰਾ ਕਾਬੂ ਹੈ, ਪੂਰਾ ਤਾਲਮੇਲ ਹੈ, ਉਹ ਹੀ ਸਚਮੁਚ ਸੋਹਣੇ ਹਨ।

ਸੋਹਣੇਪਣ ਦਾ ਬਾਹਰੀ ਸੰਕਲਪ ਤਾਂ ਚਲਾਇਮਾਨ ਹੈ

ਉਹ ਤਾਂ ਸਦਾ ਰਹਿਣ ਵਾਲਾ ਨਹੀਂ, ਸਭ ਤੋਂ ਮਹਤੱਵਪੂਰਨ ਹੈ ਵਿਹਾਰ, ਚਜ, ਅਚਾਰ। ਠੀਕ ਤਰੀਕੇ ਦਾ ਵਿਹਾਰ ਤੁਸੀਂ ਬਚਪਨ ਵਿਚ ਹੀ ਸਿਖਦੇ ਹੋ, ਘਰ ਤੋਂ ਸਿਖਦੇ ਹੋ, ਮਾਤਾ ਪਿਤਾ ਤੋਂ ਸਿਖਦੇ ਹੋ, ਜੇ ਮਾਤਾ ਪਿਤਾ ਆਪਸ ਵਿਚ ਠੀਕ ਵਿਹਾਰ ਕਰਨ, ਇਕ ਦੂਸਰੇ ਨਾਲ ਠੀਕ ਬੋਲਣ, ਆਪਣੀ ਗੱਲ ਬਾਤ ਇਕ ਦੂਸਰੇ ਨਾਲ ਠੀਕ ਰੱਖਣ, ਸਕਾਰਾਤਮਕ ਰੱਖਣ, ਬੱਚੇ ਵੀ ਉਸ ਤਰ੍ਹਾਂ ਹੀ ਸਿਖ ਲੈਂਦੇ ਹਨ। ਬੱਚੇ ਤਾਂ ਮਸਾਲ ਤੋਂ ਸਿਖਦੇ ਹਨ। ਜੇ ਮਾਤਾ ਪਿਤਾ ਦਾ ਵਿਹਾਰ ਠੀਕ ਹੈ, ਕੋਈ ਕਾਰਣ ਨਹੀਂ ਕਿ ਬੱਚਿਆਂ ਦਾ ਵਿਹਾਰ ਠੀਕ ਨਾ ਹੋਵੇ। ਜੇ ਮਾਤਾ ਦਾ ਆਪਣਾ ਹੀ ਵਿਹਾਰ ਠੀਕ ਨਹੀਂ ਖਿਝੇ ਰਹਿੰਦੇ ਹਨ, ਇਕ ਦੂਸਰੇ ਨੂੰ ਚੋਬਾਂ ਦਿੰਦੇ ਰਹਿੰਦੇ ਹਨ, ਬੱਚਿਆਂ ਦੇ ਵਿਹਾਰ ਵਿਚ ਸਮਸਿਆ ਆਉਣਗੀਆਂ ਹੀ। ਉਨ੍ਹਾਂ ਨੂੰ ਸਮਝ ਹੀ ਨਹੀਂ ਆਏਗੀ ਉਹ ਦੂਸਰਿਆਂ ਨਾਲ ਕਿਵੇਂ ਵਿਹਾਰ ਕਰਨ, ਕਿਵੇਂ ਗੱਲ ਬਾਤ ਕਰਨ। ਜੇ ਤੁਸੀਂ ਆਪਣੀ ਸਾਥੀ ਨਾਲ ਵਿਹਾਰ ਠੀਕ ਨਹੀਂ ਕਰਦੇ, ਤੁਸੀਂ ਕੇਵਲ ਸਾਥੀ ਨੂੰ ਹੀ ਨੁਕਸਾਨ ਨਹੀਂ ਪਹੁੰਚਾ ਰਹੇ, ਕੇਵਲ ਸਾਥੀ ਨੂੰ ਦੁਖ ਨਹੀਂ ਦੇ ਰਹੇ ਤੁਸੀਂ ਬੱਚਿਆਂ ਨੂੰ ਵਧੇਰੇ ਖਰਾਬ ਕਰ ਰਹੇ ਹੋ, ਬੱਚੇ ਤੁਹਾਡੇ ਭਵਿੱਖ ਹਨ, ਤੁਸੀਂ ਭਵਿੱਖ ਨੂੰ ਹੀ ਬਰਬਾਦ ਕਰ ਰਹੇ ਹੋ, ਫੇਰ ਤੁਸੀਂ ਉਨ੍ਹਾਂ ਤੋਂ ਕੀ ਆਸ ਰਖ ਸਕਦੇ ਹੋ।

ਮਜਹਬ ਆਮਤੌਰ ਤੇ ਵਿਹਾਰ, ਵਤੀਰੇ ਦੇ ਤਿੰਨ ਪੱਖਾਂ ਤੇ ਧਿਆਨ ਦਿੰਦੇ ਹਨ, ਚੰਗਾ ਬੋਲਣਾ, ਮਿਠਾ ਬੋਲਣਾ; ਚੰਗਾ ਸੋਚਣਾ, ਕਿਸੇ ਲਈ ਮਾੜਾ ਭੈੜਾ ਨਹੀਂ ਸੋਚਣਾ; ਚੰਗੇ ਕਰਮ ਕਰਨੇ। ਚੰਗੇ ਵਿਚਾਰ ਉਹ ਹਨ ਜਿਹੜੇ ਦੂਸਰਿਆਂ ਦੀ ਸਹਾਤਿਾ ਲਈ ਹੋਣ, ਨਿਸੁਆਰਥੀ ਹੋਣ, ਜਿਨ੍ਹਾਂ ਦਾ ਲਾਭ ਤੁਸੀਂ ਆਪ ਨਹੀਂ ਲੈਂਦੇ, ਤੁਸੀਂ ਦੂਸਰਿਆਂ ਦੀ ਸਹਾਇਤਾ ਲਈ ਹੀ ਕਰਦੇ ਹੋ, ਇਹ ਹੀ ਸੋਹਣੇ ਹੋਣ ਦਾ ਸਿਧਾਂਤ ਹੈ। ਵਾਸਤਵ ਵਿਚ ਸੋਹਣਾਪਣ ਬਚਨਾਂ ਵਿਚ ਹੈ ਸੋਚਣ ਵਿਚ ਤੇ ਕਰਮ ਕਰਨ ਵਿਚ ਹੈ। ਕੇਵਲ ਦੇਣ ਨਾਲ ਹੀ ਮੁਕਤੀ ਹੈ। ਹੋਰ ਕੋਈ ਤਰੀਕਾ ਹੀ ਨਹੀਂ। ਤੁਸੀਂ ਸਾਲਾਂ ਬੱਧੀ ਅਰਦਾਸ ਕਰ ਸਕਦੇ ਹੋ, ਸੁਆਮੀ ਬਣ ਸਕਦੇ ਹੋ, ਉਚੇ ਬਣ ਸਕਦੇ ਹੋ, ਵੱਧ ਫੁਲ ਸਕਦੇ ਹੋ, ਪਰ ਜੇ ਤੁਸੀਂ ਇਹ ਸਿਧਾਂਤ ਨਹੀਂ ਸਿਖਿਆ ਤਾਂ ਤੁਸੀਂ ਕਿਤੇ ਦੇ ਵੀ ਨਹੀਂ। ਸਿਧਾਂਤ ਤੋਂ ਇਹ ਭਾਵ ਹੈ, ਇਹ ਸਿਖਿਆ ਹੈ ਕਿ ਤੁਸੀਂ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਦੇ ਜਾਓ, ਨਿਸੁਆਰਥ ਹੋਕੇ ਕਰਦੇ ਜਾਓ, ਪਿਆਰ ਨਾਲ ਕਰਦੇ ਜਾਓ।

ਜਦੋਂ ਤੁਸੀਂ ਜੀਵਨ ਨੂੰ ਇਸ ਪੱਖ ਤੋਂ ਸਮਝ ਲੈਂਦੇ ਹੋ ਇਸ ਅਮਲੀ ਤਰੀਕੇ ਨਾਲ ਜਾਣ ਜਾਂਦੇ ਹੋ, ਬਿਲਕੁਲ ਸਹੀ ਠੀਕ ਢੰਗ ਨਾਲ ਦੇਖਦੇ ਹੋ ਤਾਂ ਤੁਸੀਂ ਸੱਚ ਨੂੰ ਦੇਖਣ ਦੇ ਕਾਬਲ ਹੋ ਜਾਂਦੇ ਹੋ। ਅਜੇ ਤਾਂ ਤੁਸੀਂ ਚੀਜ਼ ਨੂੰ ਠੀਕ ਤਰ੍ਹਾਂ ਦੇਖ ਹੀ ਨਹੀਂ ਰਹੇ, ਤੁਸੀਂ ਤਾਂ ਰੰਗੀਨ ਐਨਕਾਂ ਲਗਾ ਕੇ ਬੈਠੇ ਹੋ। ਜਦੋਂ ਤੁਸੀਂ ਇਹ ਰੰਗੀਨ ਐਨਕਾ ਉਤਾਰ ਕੇ ਚੀਜ਼ਾਂ ਦਾ ਵਾਸਤਵਿਕ ਰੂਪ ਦੇਖੋਗੇ ਤਾਂ ਤੁਸੀਂ ਜਾਣ ਜਾਓਗੇ ਕਿ ਇਸ ਸੰਸਾਰ ਵਿਚ ਸਭ ਕੁਝ ਬਦਲਣਹਾਰ ਹੈ, ਸਭ ਕੁਝ ਬਦਲਦਾ ਹੈ, ਕੇਵਲ ਇਕ ਹੀ ਚੀਜ਼ ਹੈ ਜੋ ਨਹੀਂ ਬਦਲਦੀ ਉਹ ਹੈ ਚੇਤਨ ਬਿੰਦੂ, ਆਤਮਾ। ਅਸੀਂ ਬਦਲਦੇ ਸੰਸਾਰ ਵਿਚ ਰਹਿੰਦੇ ਹਾਂ ਪਰ ਸਾਨੂੰ ਚੇਤਨ ਬਿੰਦੂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਅਧਿਆਤਮਕਤਾ ਦਾ ਅਭਿਆਸ ਕੇਵਲ ਮਾਤਰ ਇਹ ਹੀ ਹੈ।

ਜੇ ਤੁਸੀਂ ਆਪਣੇ ਸਾਥੀ ਨੂੰ ਪਿਆਰ ਕਰਦੇ ਹੋ ਤਾਂ ਤੁਹਾਨੂੰ ਕੇਵਲ ਸਰੀਰ ਨਾਲ ਪਿਆਰ ਹੀ ਨਹੀਂ ਹੋਣਾ ਚਾਹੀਦਾ, ਉਸ ਦੇ ਗੁਣਾ ਨਾਲ ਪਿਆਰ ਹੀ ਨਹੀਂ ਹੋਣਾ ਚਾਹੀਦਾ ਸਗੋਂ ਤੁਹਾਨੂੰ ਆਪਣੇ ਸਾਥੀ ਵਿਚੋਂ ਰੱਬ ਦਿਸਣਾ ਚਾਹੀਦਾ ਹੈ, ਉਸ ਦੇ ਚਿਹਰੇ ਵਿਚ ਪਰਮਾਤਮਾ ਦਾ ਚਿਹਰਾ ਦਿਸਣਾ ਚਾਹੀਦਾ ਹੈ। ਲੈਂਪ ਵਿਚ ਰੋਸ਼ਨੀ ਹੈ, ਤੁਹਾਨੂੰ ਰੋਸ਼ਨੀ ਨਾਲ ਪਿਆਰ ਹੈ, ਤੁਸੀਂ ਲੈਂਪ ਨੂੰ ਇਸ ਕਰਕੇ ਪਿਆਰ ਕਰਦੇ ਹੋ ਕਿਉਂਕਿ ਤੁਹਾਨੂੰ ਰੋਸ਼ਨੀ ਨਾਲ ਪਿਆਰ ਹੈ। ਤੁਹਾਨੂੰ ਇਸ ਤਰ੍ਹਾਂ ਦੀ ਹੀ ਚੇਤਨਾ ਹੋਣੀ ਚਾਹੀਦੀ ਹੈ। ਜਦੋਂ ਤੁਸੀਂ ਵਿਆਹ ਕਰਦੇ ਹੋ, ਘਰ ਬਣਾਉਂਦੇ ਹੋ, ਆਪਣੇ ਸਾਥੀ ਦੇ ਅੰਦਰ ਦੀ ਆਤਮਾ ਨੂੰ ਪਛਾਣੋ, ਜੇ ਤੁਸੀਂ ਇਸ ਬਾਰੇ ਸੁਚੇਤ ਨਹੀਂ ਹੋ ਤਾਂ ਤੁਸੀਂ ਸੁਆਰਥੀ ਹੋ।

ਤੁਸੀਂ ਸੁਆਰਥੀ ਹੋ, ਇਸੇ ਕਰਕੇ ਹੀ ਤੁਸੀਂ ਚੀਜ਼ਾਂ ਨੂੰ ਕਾਬੂ ਕਰੀ ਬੈਠੇ ਹੋ। ਜਦੋਂ ਤੁਸੀਂ ਤੈਰ ਰਹੇ ਹੋ, ਜੇ ਪਾਣੀ ਨੂੰ ਫੜਕੇ ਬੈਠ ਜਾਓਗੇ ਤਾਂ ਡੁੱਬ ਜਾਓਗੇ। ਤੈਰਨ ਦਾ ਸਿਧਾਂਤ ਤਾਂ ਹੈ ਕਿ ਪਾਣੀ ਨੂੰ ਧਕੇਲੋ, ਪਿਛੇ ਸੁਟ ਦਿਓ, ਪਕੜੋ ਨਹੀਂ। ਜੀਵਨ ਵਿਚ ਦੇਣਾ ਸਿਖੋ, ਤਿਆਗ ਸਿਖੋ, ਜੇ ਇਹ ਸਿਖ ਲਵੋਗੇ ਖੁਸ਼ ਰਹੋਗੇ ਦੇਣਾ ਸਿਖੋ।

ਕੌਣ ਐਸਾ ਹੈ ਜਿਹੜਾ ਦੇਣਾ ਨਹੀਂ ਚਾਹੁੰਦਾ, ਕੇਵਲ ਉਹ ਹੀ ਨਹੀਂ ਦੇਣਾ ਚਾਹੁੰਦਾ ਜਿਹੜਾ ਅਸੁਰਖਿਅਤ ਹੈ। ਤੁਸੀਂ ਵਿਆਹ ਕਰਾਉਣਾ ਚਾਹੁੰਦੇ ਹੋ ਕਿਉਂਕਿ ਤੁਸੀਂ ਅਸੁਰਖਿਅਤ ਹੋ, ਤੁਸੀਂ ਦੂਸਰੇ ਤੋਂ ਬਿਨਾ ਰਹਿ ਨਹੀਂ ਸਕਦੇ। ਤੁਹਾਨੂੰ ਸਾਥ ਚਾਹੀਦਾ ਹੈ, ਸਾਥ ਦੀ ਪ੍ਰਾਪਤੀ ਲਈ ਤੁਸੀਂ ਵਿਆਹ ਕਰਾਉਂਦੇ ਹੋ। ਤੁਹਾਡੀ ਰੋਸ਼ਨੀ ਨੂੰ ਸਨਮਾਨ ਚਾਹੀਦਾ ਹੈ, ਸਵਕ੍ਰਿਤੀ ਚਾਹੀਦੀ ਹੈ, ਤੁਹਾਨੂੰ ਚਾਹੀਦਾ ਹੈ ਕਿ ਦੂਸਰੇ ਦੀ ਸਵੀਕ੍ਰਿਤੀ ਨੂੰ ਵੀ ਸਨਮਾਨ ਦਿਓ, ਤੁਸੀਂ ਆਤਮਾ ਹੋ, ਦੂਸਰਾ ਤੁਹਾਡਾ ਸਾਥੀ ਵੀ ਆਤਮਾ ਹੈ। ਆਤਮਕ ਰੋਸ਼ਨੀ ਸਭ ਦੇ ਅੰਦਰ ਇਕ ਹੀ ਹੈ। ਫੇਰ ਸਮਸਿਆ ਕਿਸ ਗਲ ਦੀ ਹੈ। ਸਮਸਿਆ ਕੇਵਲ ਸਮਝਣ ਦੀ ਹੈ, ਤੁਸੀਂ ਆਪਣੇ ਤੇ ਸੱਤ ਦੇ ਵਿਚ ਇਕ ਪੜਦਾ

ਬਣਾ ਲੈਂਦੇ ਹੋ, ਜੇ ਪਿਆਰ ਕਰਨ ਦੀ ਜਾਂਚ ਸਿਖਣਾ ਚਾਹੁੰਦੇ ਹੋ ਤਾਂ ਦੇਣਾ ਸਿਖੋ, ਜੇ ਤੁਸੀਂ ਦੇਣਾ ਸਿਖ ਲਿਆ ਹੈ ਤਾਂ ਤੁਸੀਂ ਮੁਕਤ ਹੋ ਗਏ ਹੋ।

ਤੁਸੀਂ ਤਾਂ ਆਪਣੇ ਆਪ ਦੇ ਬੰਧਨਾ ਵਿਚ ਜਕੜੇ ਪਏ ਹੋ ਉਹ ਬੰਧਨ ਜਿਹੜੇ ਪਰਮਾਤਮਾ ਦੇ ਬਣਾਏ ਹੋਏ ਨਹੀਂ ਹਨ, ਉਨ੍ਹਾਂ ਲਈ ਪਰਮਾਤਮਾ ਨੂੰ ਅਰਦਾਸ ਕਰਨੀ ਬੇਅਰਥ ਹੋਵੇਗੀ, ਤੁਸੀਂ ਤਾਂ ਆਪਣੇ ਕਰਮਾਂ ਕਰਕੇ ਹੀ ਭੋਗ ਭੋਗ ਰਹੇ ਹੋ। ਹਾਂ ਇਕ ਗੱਲ ਅਰਦਾਸ ਨਾਲ ਠੀਕ ਹੁੰਦੀ ਹੈ, ਉਹ ਹੈ ਤੁਹਾਨੂੰ ਅਰਦਾਸ ਕਰਨ ਨਾਲ ਸ਼ਕਤੀ ਮਿਲਦੀ ਹੈ, ਹੌਸਲਾਂ ਮਿਲਦਾ ਹੈ, ਅੰਦਰ ਉਤਸ਼ਾਹ ਪੈਦਾ ਹੁੰਦਾ ਹੈ, ਬਲ ਮਿਲਦਾ ਹੈ, ਅਰਦਾਸ ਦਾ ਉਦੇਸ਼ ਹੀ ਇਹ ਹੈ।

ਅਰਦਾਸ ਤੁਹਾਡੀ ਮੱਦਦ ਕਰ ਸਕਦੀ ਹੈ ਪਰ ਕੇਵਲ ਅਰਦਾਸ ਕਾਫੀ ਨਹੀਂ, ਤੁਹਾਨੂੰ ਆਪਣੇ ਕਰਮ ਸੋਧਣੇ ਪੈਣਗੇ, ਤੁਹਾਨੂੰ ਆਪਣੇ ਕਰਮਾਂ ਨਾਲ ਜੂਝਣਾ ਪਵੇਗਾ। ਤੁਸੀਂ ਹੀ ਸਾਰੇ ਕਰਮ ਕਰਦੇ ਹੋ, ਤੁਹਾਡੇ ਕੀਤੇ ਕਰਮ ਹਨ। ਅਰਦਾਸ ਤੁਹਾਡੀ ਸਹਾਇਤਾ ਕਰਦੀ ਹੈ ਪਰ ਕਰਮ ਕਰਨੇ ਪੈਂਦੇ ਹਨ। ਜਦੋਂ ਤੁਸੀਂ ਇਹ ਜਾਣ ਜਾਂਦੇ ਹੋ ਕਿ ਤੁਸੀਂ ਗਲਤੀ ਕੀਤੀ ਹੈ ਸਭ ਤੋਂ ਸੌਖੀ ਗੱਲ ਹੈ ਕਿ ਦੁਬਾਰਾ ਨਾ ਕਰੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮਾਫ ਕਰ ਲੈਂਦੇ ਹੋ। ਜੇ ਤੁਸੀਂ ਆਪਣੇ ਆਪ ਨੂੰ ਮਾਫ ਕਰ ਦਿੱਤਾ ਹੈ ਤਾਂ ਪਰਮਾਤਮਾ ਨੇ ਤੁਹਾਨੂੰ ਮਾਫ ਕਰ ਦਿੱਤਾ ਹੈ ਪਰ ਆਮ ਤੌਰ ਤੇ ਤੁਸੀਂ ਆਪਣੇ ਆਪ ਨੂੰ ਦੋਸ਼ੀ ਸਮਝਦੇ ਰਹਿੰਦੇ ਹੋ, ਤੁਸੀਂ ਆਪਣੇ ਆਪ ਨੂੰ ਮਾਫ ਨਹੀਂ ਕਰਦੇ ਤੇ ਆਪਣੀ ਨਿਖੇਦੀ ਦੇ ਵਿਚਾਰ, ਗੁੱਸਾ ਸੰਤਾਪ ਆਪਣੇ ਸਾਥੀ ਤੇ ਥੋਪਦੇ ਰਹਿੰਦੇ ਹੋ।

ਇਹ ਪਰਿਵਾਰ, ਇਹ ਸੰਸਾਰ, ਇਹ ਇਕ ਔਰਤ ਦੀ ਹੀ ਰਚਨਾ ਹੈ, ਘਰ ਵੀ ਔਰਤ ਦੇ ਹੀ ਵਿਚਾਰ ਹਨ। ਬੰਦੇ ਆਰਕੀਟੈਕਟ ਜਰੂਰ ਹਨ ਪਰ ਵਾਸਤਵ ਵਿਚ ਮਨੁੱਖ ਨੇ ਆਰਕੀਟੈਕਟ ਹੋਣਾ ਔਰਤ ਤੋਂ ਹੀ ਸਿਖਿਆ ਹੈ, ਮਨੁੱਖ ਤਾਂ ਲਾਪਰਵਾਹ ਸੀ ਸਦਾ ਤੋਂ, ਗੁਫਾ ਵਿਚ ਰਹਿਣਾ, ਦਰਖਤਾਂ ਦੇ ਥੱਲੇ ਰਹਿ ਲੈਣਾ, ਭੋਰਿਆਂ ਵਿਚ ਰਹਿ ਲੈਣਾ। ਮਨੁੱਖ ਨੂੰ ਤਾਂ ਘਰ ਬਨਾਉਣਾ ਹੀ ਨਹੀਂ ਸੀ ਆਉਂਦਾ, ਇਹ ਸਭ ਕੁਝ ਔਰਤ ਨੇ ਹੀ ਸਖਾਇਆ ਹੈ। ਜਦੋਂ ਔਰਤ ਜਨਨੀ ਬਣੀ ਉਸ ਨੂੰ ਸਭ ਕੁਝ ਚਾਹੀਦਾ ਸੀ ਘਰ, ਛੱਤ, ਬੱਚਿਆਂ ਲਈ ਸ਼ਹਿਰ, ਸਭ ਕੁਝ।

ਟੈਗੋਰ ਨੇ ਬਹੁਤ ਹੀ ਸੋਹਣੀ ਤਰ੍ਹਾਂ ਲਿਖਿਆ ਹੈ, "ਹੇ ਔਰਤ! ਤੂੰ ਇਕ ਅਧੂਰੀ ਔਰਤ ਹੈਂ, ਇਕ ਅਧੂਰਾ ਸੋਹਣਾ ਸੁਪਨਾ ਹੈਂ। ਮੈਨੂੰ ਆਪਣੇ ਸੁਪਨੇ ਨਾਲ, ਉਸ ਅਧੂਰੇ ਸੁਪਨੇ ਨਾਲ ਰਹਿਣ ਦੇ, ਹੇ ਪਰਮਾਤਮਾ! ਮੈਨੂੰ ਬਾਰ-ਬਾਰ ਉਹ ਸੁਪਨਾ ਦੇ ਤਾਂ ਜੋ ਮੈਂ ਔਰਤ ਨੂੰ ਆਖਰੀ ਸੁਆਸਾਂ ਤੱਕ ਪਿਆਰ ਕਰ ਸਕਾਂ।"

ਆਪਣੇ ਸਾਥੀ ਨੂੰ ਪਿਆਰ ਕਰਨਾ ਸਿਖਣਾ ਬਹੁਤ ਹੀ ਸੋਹਣੀ ਗੱਲ ਹੈ, ਇਹ ਇਕ ਅਨੁਕੂਲਤਾ ਲਿਆਉਣੀ ਹੈ। ਜਦੋਂ ਤੁਸੀਂ ਇਹ ਸਮਝ ਜਾਂਦੇ ਹੋ, ਫੇਰ ਤੁਸੀਂ ਆਪਣੇ ਕਰਮ ਕਲਾਤਮਕ ਤਰੀਕੇ ਨਾਲ ਕਰਦੇ ਹੋ, ਪਿਆਰ ਨਾਲ ਕਰਦੇ ਹੋ। ਪਿਆਰ ਨਾਲ ਕੀਤੇ ਕਰਮਾਂ ਤੋਂ ਕੀ ਭਾਵ ਹੈ? ਤੁਸੀਂ ਕੁਝ ਕਰਮ ਕਰਦੇ ਹੋ ਤੇ ਸੋਚਦੇ ਹੋ ਤੁਸੀਂ ਬੜੇ ਕਰਮ ਯੋਗੀ ਹੋ, ਤੁਸੀਂ ਨੌਕਰੀ ਕਰਦੇ ਹੋ ਬੱਚੇ ਪਾਲਦੇ ਹੋ, ਪਤਨੀ ਦੀ ਸੰਭਾਲ ਕਰਦੇ ਹੋ, ਤੁਸੀਂ ਸੋਚਦੇ ਹੋ ਤੁਸੀਂ ਬੜੇ ਅਧਿਆਤਮਕ ਹੋ। ਐਨਾ ਕਾਫੀ ਨਹੀਂ ਹੈ, ਤੁਸੀਂ ਆਪਣੀ ਡਿਊਟੀ ਪਿਆਰ ਨਾਲ ਕਰਨੀ ਸਿਖਣੀ ਹੈ, ਇਹ ਸਭ ਤੋਂ ਚੰਗੀ ਤੇ ਸ੍ਰੇਸ਼ਟ ਗੱਲ ਹੈ। ਜਦੋਂ ਤੁਸੀਂ ਆਪਣੀਆਂ ਡੀਊਟੀਆਂ ਪਿਆਰ ਨਾਲ ਕਰਨੀਆਂ ਸਿਖ ਜਾਂਦੇ ਹੋ ਉਦੋਂ ਤੁਸੀਂ ਸਚਮੁਚ ਹੀ ਕੁਝ ਸਿਖ ਲੈਂਦੇ ਹੋ।

ਜੇ ਤੁਸੀਂ ਆਪਣੀਆਂ ਡੀਊਟੀਆਂ ਮਸ਼ੀਨ ਦੀ ਤਰ੍ਹਾਂ ਕਰਦੇ ਰਹਿੰਦੇ ਹੋ, ਪਿਆਰ ਨਾਲ ਨਹੀਂ ਕਰਦੇ ਤਾਂ ਤੁਸੀਂ ਇਕ ਘੜੀ ਦੀ ਤਰ੍ਹਾਂ ਹੀ ਹੋ, ਤੁਸੀਂ ਸੰਸਾਰ ਨੂੰ ਸਮਾਂ ਦੇ ਰਹੇ ਹੋ, ਇਹ ਵੀ ਚੰਗੀ ਤਰ੍ਹਾਂ ਪਤਾ ਨਹੀਂ ਕਿ ਤੁਸੀਂ ਸਮਾਂ ਦੇ ਰਹੇ ਹੋ। ਕਰਮ ਕਰੋ ਪਰ ਪਿਆਰ ਨਾਲ ਕਰੋ, ਆਪਣੇ ਮਨ ਦੇ ਅੰਦਰ ਇਹ ਬਿਰਤੀ ਬਣਾਉ, ਇਹ ਮਨੋਬਿਰਤੀ ਤੁਹਾਡੀ ਹੋਵੇ ਜੋ ਕਰੋ ਪਿਆਰ ਨਾਲ ਕਰੋ। ਜੇ ਤੁਸੀਂ ਆਪਣੀ ਪਤਨੀ ਲਈ ਚਾਹ ਬਣਾਉਂਦੇ ਹੋ, ਪਾਣੀ ਦਾ ਗਲਾਸ ਲੈ ਕੇ ਆਉਂਦੇ ਹੋ, ਲਿਆ ਕੇ ਮੇਜ ਦੇ ਉਤੇ ਠਾਹ ਕਰਕੇ ਮਾਰਦੇ ਹੋ, ਫੇਰ ਤਾਂ ਤੁਸੀਂ ਕੇਵਲ ਕਰਮ ਕਰ ਰਹੇ ਹੋ, ਪਿਆਰ ਨਾਲ ਨਹੀਂ ਕਰ ਰਹੇ, ਕੁਝ ਵੀ ਕਰੋ ਪਿਆਰ ਨਾਲ ਕਰੋ।

ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਤੁਸੀਂ ਬਿਨਾ ਪਿਆਰ ਕੀਤੇ ਰਹਿ ਕਿਸ ਤਰ੍ਹਾਂ ਸਕਦੇ ਹੋ। ਜੇ ਤੁਸੀਂ ਇਕ ਬੰਦੇ ਨੂੰ ਪਿਆਰ ਨਹੀਂ ਕਰ ਸਕਦੇ, ਤੁਸੀਂ ਸਾਰੇ ਸੰਸਾਰ ਨੂੰ ਕਿਵੇਂ ਪਿਆਰ ਕਰ ਸਕਦੇ ਹੋ। ਜੇ ਤੁਸੀਂ ਵਿਸ਼ਵ ਨੂੰ ਪਿਆਰ ਨਹੀਂ ਕਰ ਸਕਦੇ ਤਾਂ ਰੱਬ ਨਾਲ ਗੱਲ ਬਾਤ ਕਰਨ ਦਾ ਕੀ ਫਾਇਦਾ। ਸਭ ਤੋਂ ਉਤਮ ਵਿਵਹਾਰ ਤੁਹਾਡਾ ਜੋ ਹੈ ਉਹ ਹੈ ਤੁਹਾਡਾ ਪਿਆਰ, ਤੁਸੀਂ ਕਿੰਨਾ ਪਿਆਰ ਕਰ ਸਕਦੇ ਹੋ। ਇਹ ਵੀ ਬਹੁਤ ਜਰੂਰੀ ਹੈ ਕਿ ਤੁਸੀਂ ਆਪਣੇ ਆਪ ਨੂੰ ਸਮਝਣਾ ਸ਼ੁਰੂ ਕਰੋ, ਆਪਣੇ ਮਨ ਨੂੰ ਸਮਝਣਾ ਸ਼ੁਰੂ ਕਰੋ, ਆਪਣੇ ਕਰਮਾਂ ਨੂੰ ਸਮਝੋ, ਆਪਣੀ ਬੋਲੀ ਨੂੰ ਸਮਝੋ, ਇਸ ਸਭ ਕੁਝ ਨੂੰ ਸਕਾਰਾਤਮਕ ਬਣਾਓ, ਆਪਣੇ ਸਾਥੀ ਨਾਲ ਗੱਲ ਬਾਤ ਕਰਨੀ, ਉਸ ਨਾਲ ਸਾਂਝ ਰਖਣੀ, ਸੰਵਾਦ ਕਰਨਾ ਜਰੂਰੀ ਹੈ। ਆਪਣੇ ਅੰਦਰ ਕੁੜਦੇ ਨਾ ਰਹੋ, ਆਪਣੇ

ਵਿਚਾਰ ਆਪਣੇ ਅੰਦਰ ਨਾ ਰਖੋ, ਆਪਣੇ ਭਾਵ ਆਪਣੇ ਅੰਦਰ ਨਾ ਰਖੋ, ਜੇ ਇਹ ਸਭ ਕੁਝ ਆਪਣੇ ਅੰਦਰ ਰਖੋਗੇ ਤਾਂ ਇਕ ਦੂਸਰੇ ਨੂੰ ਕਿਵੇਂ ਸਮਝੋਗੇ, ਜੇ ਇਹ ਸਭ ਕੁਝ ਸਾਂਝਾ ਕਰੋਗੇ ਤਾਂ ਹੀ ਸਮਝ ਸਕੋਗੇ। ਇਹੋ ਜਿਹਾ ਸਮਾਂ ਹਰ ਇਕ ਦੇ ਜੀਵਨ ਵਿਚ ਆਉਂਦਾ ਹੈ ਜਦੋਂ ਪੂਰੀ ਗੱਲ ਬਾਤ ਨਹੀਂ ਹੁੰਦੀ, ਜਦੋਂ ਤੁਸੀਂ ਇਕ ਦੂਸਰੇ ਨਾਲ ਗੱਲ ਬਾਤ ਨਹੀਂ ਕਰਦੇ। ਇਸ ਤੋਂ ਭਾਵ ਇਹ ਹੈ ਕਿ ਸਮਸਿਆ ਤੁਹਾਡੇ ਆਪਣੇ ਨਾਲ ਹੈ, ਦੂਸਰੇ ਨਾਲ ਨਹੀਂ। ਦੋਨਾਂ ਨੂੰ ਇਸ ਤਰ੍ਹਾਂ ਹੀ ਸੋਚਣਾ ਚਾਹੀਦਾ ਹੈ, ਦੋਨਾਂ ਨੂੰ ਇਕ ਦੂਸਰੇ ਨਾਲ ਗੱਲ ਬਾਤ ਕਰਨੀ ਚਾਹੀਦੀ ਹੈ, ਕਦੀ ਵੀ ਗੱਲ ਅਧੂਰੀ ਨਾ ਛਡੋ। ਕਦੀ ਵੀ ਗੱਲ ਬਾਤ ਨਾ ਤੋੜੋ। ਗੱਲ ਬਾਤ ਕੇਵਲ ਬੋਲਣ ਨਾਲ ਹੀ ਨਹੀਂ, ਨਾਹੀ ਗੱਲ ਬਾਤ ਚਿੱਠੀ ਪੱਤਰ ਰਾਹੀਂ ਵੀ ਨਹੀਂ ਹੁੰਦੀ, ਵਾਸਤਵ ਵਿਚ ਤਾਂ ਗੱਲ ਬਾਤ ਵਿਚਾਰਾਂ ਦੇ ਪੱਧਰ ਤੇ ਹੁੰਦੀ ਹੈ।

ਆਪਣੇ ਭਾਵ, ਵਿਚਾਰ ਆਪਣੇ ਸਾਥੀ ਨੂੰ ਦਸਣੇ ਸਿਖੋ, ਇਕ ਦੂਸਰੇ ਨੂੰ ਸਮਝਣਾ ਸਿਖੋ, ਆਪਣਾ ਜੀਵਨ ਸੋਹਣਾ ਬਣਾਓ, ਸਮਾਂ ਬਹੁਤ ਥੋੜ੍ਹਾ ਹੈ, ਕੰਮ ਬਹੁਤ ਹੈ ਅਸੀਂ ਇਸ ਮਾਇਆ ਦੇ ਚਿਕੜ ਵਿਚੋਂ ਲੰਘਣਾ ਹੈ। ਅਸੀਂ ਇਸ ਮਾਇਆ ਰੂਪੀ ਚਿਕੜ ਵਿਚੋਂ ਇਕੱਲੇ ਨਹੀਂ ਲੰਘ ਸਕਦੇ।

ਤੁਸੀਂ ਇਕੱਲੇ ਹੋ, ਤੁਸੀਂ ਬਹੁਤ ਸਾਰੇ ਤਜਰਬੇ ਕੀਤੇ ਹਨ। ਪਰ ਤੁਸੀਂ ਪੂਰੀ ਤਰ੍ਹਾਂ ਨਾਲ ਅਧਿਆਤਮਕ ਨਹੀਂ ਬਣੇ ਹੋ ਤਾਂ ਹੀ ਤੁਸੀਂ ਇਕੱਲੇ ਹੋ। ਅਧਿਆਤਮਕਤਾ ਹੀ ਤੁਹਾਨੂੰ ਅਨੰਦ ਦੇ ਸਕਦੀ ਹੈ। ਕੇਵਲ ਮਨੁੱਖੀ ਜਾਮਾ ਤੁਹਾਨੂੰ ਖੁਸ਼ ਨਹੀਂ ਕਰ ਸਕਦਾ, ਤੁਸੀਂ ਇਥੇ ਪਰਮਾਤਮਾ ਦੀ ਪ੍ਰਾਪਤੀ ਕਰਨ ਆਏ ਹੋ। ਉਸ ਪ੍ਰਾਪਤੀ ਤੋਂ ਉਪਰੰਤ ਹੀ ਤੁਸੀਂ ਪੂਰਨ ਹੋ ਸਕੋਗੇ ਤੇ ਇਕੱਲੇ ਮਹਿਸੂਸ ਨਹੀਂ ਕਰੋਗੇ। ਹਰ ਕੋਈ ਇਕੱਲਾ ਹੈ, ਤੁਸੀਂ ਇਕੱਲੇ ਹੋ ਕਿਉਂਕਿ ਤੁਸੀਂ ਆਪਣੇ ਟੀਚੇ ਤੇ ਨਹੀਂ ਪਹੁੰਚੇ, ਤੁਹਾਡਾ ਨਿਸ਼ਾਨਾ ਹੈ ਪਰਮਾਤਮਾ ਦੀ ਪ੍ਰਾਪਤੀ ਅਤੇ ਸਤਿ ਨੂੰ ਜਾਨਣਾ ਤੇ ਆਪਣੇ ਸਾਥੀ ਨੂੰ ਪਛਾਨਣਾ। ਜੇ ਤੁਸੀਂ ਆਪਣੇ ਸਾਥੀ ਨੂੰ ਨਹੀਂ ਪਿਆਰ ਕਰ ਸਕਦੇ ਤੁਸੀਂ ਪਰਮਾਤਮਾ ਨੂੰ ਕਿਵੇਂ ਪਿਆਰ ਕਰ ਸਕਦੇ ਹੋ, ਵਿਸ਼ਵ ਨੂੰ ਕਿਵੇਂ ਪਿਆਰ ਕਰ ਸਕਦੇ ਹੋ। ਸਭ ਤੋਂ ਪਹਿਲਾਂ ਆਪਣੇ ਸਾਥੀ ਨੂੰ ਪਤੀ ਨੂੰ, ਪਤਨੀ ਨੂੰ ਪਿਆਰ ਕਰਨਾ ਸਿਖੋ। ਇਕ ਸਮਾਂ ਰਖੋ, ਇਕ ਦੂਸਰੇ ਨਾਲ ਗੱਲ ਕਰਨ ਦਾ ਸਮਾਂ ਰਖੋ, ਆਪਣੇ ਭਾਵ ਸਿਰਜਨਾਤਮਕ ਬਣਾਓ, ਜੀਵਨ ਦਾ ਅਨੰਦ ਮਾਣੋ ਇਹ ਹੀ ਪਰਿਵਾਰਕ ਜੀਵਨ ਵਿਚ ਅਧਿਆਤਮਵਾਦ ਹੈ, ਆਤਮ ਮਾਰਗ ਹੈ।

(ਇਥੋਂ ਕੱਟ ਕੇ ਭੇਜੋ ਜੀ)


**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ....................

ਪਤਾ/Address ....................

....................

....................

.................... Pin Code ....................

Phone .................... E-mail : ....................

ਮੈਂ.................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.................... ਮਿਤੀ.................... ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ....................

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 26 ਦਸੰਬਰ।

**ਸੰਗਰਾਂਦ** - 14 ਦਸੰਬਰ, ਦਿਨ ਮੰਗਲਵਾਰ।

**ਪੂਰਨਮਾਸ਼ੀ** - 26 ਦਸੰਬਰ, ਦਿਨ ਐਤਵਾਰ
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਦਸੰਬਰ 2004, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**-: Postal Address :-**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 25/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |

| **English Version** | **Price** |
|---|---|
| 1. Baisakhi | Rs. 5/- |
| 2. How Rend The Veil of Untruth | Rs. 70/- |
| C. Discourses on the Beyond-1 | Rs 50/- |
| 4. Discourses on the Beyond -2 | Rs. 50/- |
| 5. Discourses on the Beyond -3 | Rs. 50/- |
| 6. Discourses on the Beyond -4 | Rs. 60/- |
| 7. Discourses on the Beyond -5 | Rs. 60/- |
| 8. The way to the imperceptible | Rs. 80/- |
| 9. The Lights Immortal | Rs. 20/- |
| 10. Transcendental Bliss | Rs. 70/- |
| 11. How to Know Thy Real Self-(Vol-1) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |